INTERNATIONAL

# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI

EXECUTIVE EDITOR : RACHHPAL SINGH GILL

Ph. : 604-616-2171 E-mail: iptribune@gmail.com www.punjabitribune.ca

Vol.31 / No.20
9 May, 2025
੨੨ ਵੈਸਾਖ ਨਾਨਕਸ਼ਾਹੀ ਸੰਮਤ ੫੫੭

# ਕੈਨਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕੀਤੀ ਅਮਰੀਕੀ ਰਾਸ਼ਟਰਪਤੀ ਟਰੰਪ ਨਾਲ ਮੁਲਾਕਾਤ

## ਟੈਰਿਫ਼ ਦੇ ਮੁੱਦੇ ’ਤੇ ਹੋਈ ਅਹਿਮ ਗਲਬਾਤ, ‘ਸ਼ੁਰੂਆਤ ਚੰਗੀ ਹੋਈ ਪਰ ਅਜੇ ਬਹੁਤ ਕੁਝ ਕਰਨਾ ਬਾਕੀ’ : ਕਾਰਨੀ



**ਸਰੀ, (ਏਕਜੋਤ ਸਿੰਘ):** ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਵ੍ਹਾਈਟ ਹਾਊਸ ਵਿੱਚ ਮੁਲਾਕਾਤ ਦੌਰਾਨ ਅਣਮੀਂਦੇ ਬਿਆਨ ’ਤੇ ਸਧਾ ਤੇ ਢੁੱਕਵਾਂ ਜਵਾਬ ਦਿੱਤਾ।

ਮੁਲਾਕਾਤ ਦੌਰਾਨ, ਜਦੋਂ ਟਰੰਪ ਨੇ ਹੱਸਦੇ ਹੋਏ ਕਿਹਾ ਕਿ "ਕੈਨੇਡਾ ਨੂੰ ਅਮਰੀਕਾ ਵਿੱਚ ਸ਼ਾਮਲ ਕਰ ਲਿਆ ਜਾਣਾ ਚਾਹੀਦਾ ਹੈ ਜਾਂ ਇਹ ਵੇਚਣ ਯੋਗ ਹੋ ਸਕਦਾ ਹੈ," ਤਾਂ ਮਾਰਕ ਕਾਰਨੀ ਨੇ ਗੰਭੀਰ ਅੰਦਾਜ਼ ਵਿੱਚ ਜਵਾਬ ਦਿੱਤਾ: “ਕੈਨੇਡਾ ਵਿਕਰੀ ਲਈ ਨਹੀਂ ਹੈ।” ☛ ਬਾਕੀ ਸਫ਼ਾ 5 ’ਤੇ

# ਪੀਅਰ ਪੋਇਲੀਵਰ ਵਲੋਂ ਸੰਸਦ ਵਿੱਚ ਮੁੜ ਵਾਪਸ ਜਾਣ ਦੀ ਕੋਸ਼ਿਸ਼

**ਸਰੀ, (ਏਕਜੋਤ ਸਿੰਘ):** ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰ ਪੋਇਲੀਵਰ, ਜੋ ਹਾਲ ਹੀ ਵਿੱਚ ਆਪਣੇ ਰਾਈਡਿੰਗ ’ਚੋਂ ਆਪਣੀ ਸੀਟ ਹਾਰ ਗਏ ਸਨ ਜਿਥੇ ਤੋਂ ਪਿਛਲੇ 20 ਸਾਲਾਂ ਤੋਂ ਲਗਾਤਾਰ ਮੈਂਬਰ ਪਾਰਲੀਮੈਂਟ ਰਹੇ ਸਨ, ਹੁਣ ਅਲਬਰਟਾ ਦੀ ਬੈਟਲ ਰਿਵਰ-ਕ੍ਰੋਫੁੱਟ ਰਾਈਡਿੰਗ ਵਿੱਚ ਹੋਣ ਵਾਲੀ ਉਪ-ਚੋਣ ਰਾਹੀਂ ਸੰਸਦ ਵਿੱਚ ਵਾਪਸੀ ਦੀ ਕੋਸ਼ਿਸ਼ ਕਰ ਰਹੇ ਹਨ।

ਇਹ ਸੀਟ ਉਦੋਂ ਖਾਲੀ ਹੋਈ ਸੀ ਜਦੋਂ ਇਸ ਦੇ ਪਿਛਲੇ ਸੰਸਦ ਮੈਂਬਰ ਨੇ ਸਿਹਤ ਕਾਰਨਾਂ ਕਰਕੇ ਅਸਤੀਫਾ ਦੇ ਦਿੱਤਾ। ਇਹ ਰਾਈਡਿੰਗ ਕੰਜ਼ਰਵੇਟਿਵ ਪਾਰਟੀ ਦਾ ਮਜ਼ਬੂਤ ਕਿਲ੍ਹਾ ਮੰਨੀ ਜਾਂਦੀ ਹੈ, ਜਿੱਥੇ ਪਿਛਲੇ ਚੋਣਾਂ ਵਿੱਚ ਵੀ ਕੰਜ਼ਰਵੇਟਿਵ ਉਮੀਦਵਾਰ ਨੇ ਭਾਰੀ ਬਹੁ-ਮਤ ਨਾਲ ਜਿੱਤ ਦਰਜ ਕੀਤੀ ਸੀ। ਪੀਅਰੇ ਪੋਇਲੀਵਰ ਨੇ ਆਪਣੇ ਬਿਆਨ ਵਿੱਚ ਕਿਹਾ: “ਮੈਂ ਕੈਨੇਡੀਅਨ ਪਰਿਵਾਰਾਂ ਦੀ ਆਵਾਜ਼ ਨੂੰ ਮੁੜ ਸੰਸਦ 'ਚ ਲਿਜਾਣ ਲਈ ਇਸ ਮੌਕੇ ਨੂੰ ਲੈ ਰਿਹਾ ਹਾਂ। ਕੰਜ਼ਰਵੇਟਿਵ ਇਸ ਨੂੰ ☛ ਬਾਕੀ ਸਫ਼ਾ 5 ’ਤੇ

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਰੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖ਼ਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਈਕਲ ਜਾਂ ਏਅਰ ਬ੍ਰੇਕ ਦਾ ਨੋਲਿਜ ਟੈਸਟ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
Lucky Sekhon, 604-614-5365
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਊਟ ਹਾਲ ਦੇ ਹੇਠਾਂ

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

Satya Asha FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

ੴ

|| ਸਤਿਗੁਰ ਪ੍ਰਸਾਦਿ ||

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ
ਸਚੀ ਦਰਗਹ ਜਾਇ ਸਚਾ ਪਿੜ ਮਲਿਆ

*In Loving Memory of*



## *Sd. Jarnail Singh Artist*

*1956-2025*

PLEASE JOIN US FOR

## *Shardhanjali Samagam*

IN REMEMBRANCE OF OUR BELOVED GURMUKH ON

**11TH MAY, 2025**

SUNDAY | 10.30 AM - 12.30 PM

ARDAAS, KIRTAN, KATHA, COMMEMORATIONS AND LANGAR

**SRI GURU SINGH SABHA GURDWARA SAHIB**

8115 132 ST, SURREY, BC V3W 4N5

RSVP: 604-379-1469 | 604 -338-6046 | 604-825-1550 | 604-590-3232

ਟਰੰਪ ਦੇ ਦਾਅਵਿਆਂ ਨੂੰ ਕੈਨੇਡੀਅਨ ਰਿਪੋਰਟ ਨੇ ਖਾਰਜ ਕੀਤਾ

# ਕੈਨੇਡਾ ਦੀ ਸਰਹੱਦ ਅਮਰੀਕਾ ਲਈ ਖਤਰਾ ਨਹੀਂ: ਰਿਪੋਰਟ

### ਗੈਰ-ਕਾਨੂੰਨੀ ਪ੍ਰਵਾਸ ਅਤੇ ਅੱਤਵਾਦੀ ਹਮਲਿਆਂ ਬਾਰੇ ਟਰੰਪ ਪਰਸ਼ਾਸਨ ਦੇ ਦਾਅਵਿਆਂ ਦੀ ਪੁਸ਼ਟੀ ਨਹੀਂ

**ਔਟਵਾ (ਏਕਜੋਤ ਸਿੰਘ):** ਕੈਨੇਡਾ ਸਰਕਾਰ ਦੀ ਇੱਕ ਗੁਪਤ ਅੰਦਰੂਨੀ ਰਿਪੋਰਟ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪ੍ਰਸ਼ਾਸਨ ਵੱਲੋਂ ਉਠਾਏ ਗਏ ਉਨ੍ਹਾਂ ਦਾਅਵਿਆਂ ਨੂੰ ਨਕਾਰ ਦਿੱਤਾ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਕੈਨੇਡਾ ਦੀ ਸਰਹੱਦ ਰਾਸ਼ਟਰੀ ਸੁਰੱਖਿਆ ਲਈ ਖਤਰਾ ਹੈ। ਗਲੋਬਲ ਨਿਊਜ਼ ਵੱਲੋਂ ਐਕਸੈਸ ਟੂ ਇਨਫਰਮੇਸ਼ਨ ਐਕਟ ਤਹਿਤ ਹਾਸਲ ਕੀਤੀ ਗਈ ਇਹ ਰਿਪੋਰਟ ਟਰੰਪ ਦੇ ਅਹੁਦਾ ਸੰਭਾਲਣ ਤੋਂ ਸਿਰਫ਼ ਇੱਕ ਹਫਤਾ ਬਾਅਦ ਤਿਆਰ ਹੋਈ ਸੀ।




ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੈਨੇਡਾ ਦੀ ਇੰਟੈਗਰੇਟਿਡ ਟੈਰਰਿਜ਼ਮ ਅਸੈਸਮੈਂਟ ਸੈਂਟਰ (ITAC) ਨੇ ਰਿਪਬਲਿਕਨ ਸਿਆਸਤਦਾਨਾਂ ਦੇ ਉਸ ਦਾਅਵੇ ਨੂੰ "ਬੇਬੁਨਿਆਦ" ਦੱਸਿਆ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਸੈਂਕੜੇ ਸ਼ੱਕੀ ਅੱਤਵਾਦੀ ਕੈਨੇਡਾ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋ ਰਹੇ ਹਨ। ਰਿਪੋਰਟ ਵਿੱਚ ਸਪੱਸ਼ਟ ਕੀਤਾ ਗਿਆ ਕਿ ਅਜਿਹੀਆਂ ਘਟਨਾਵਾਂ "ਸੀਮਤ" ਹਨ ਅਤੇ ਅਮਰੀਕੀ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਅੰਕੜੇ ਵੀ ਇਹ ਗੱਲ ਸਾਬਤ ਕਰਦੇ ਹਨ।

ਇਸ ਰਿਪੋਰਟ ਨੂੰ "ਸੀਕਰੇਟ / ਕੈਨੇਡੀਅਨ ਆਈਜ਼ ਓਨਲੀ" ਦਾ ਦਰਜਾ ਦਿੱਤਾ ਗਿਆ ਹੈ। ਰਿਪੋਰਟ ਵਿੱਚ ਦਰਸਾਇਆ ਗਿਆ ਕਿ 2022 ਤੋਂ ਬਾਅਦ ਸਿਰਫ਼ 6 ਅਜਿਹੇ ਵਿਅਕਤੀ ਮਿਲੇ ਹਨ ਜੋ ਅਮਰੀਕਾ ਦੇ ਟੈਰਰਿਸਟ ਸਕ੍ਰੀਨਿੰਗ ਡਾਟਾ ਸੈੱਟ (TSDS) ਵਿੱਚ ਸ਼ਾਮਲ ਸਨ ਅਤੇ ਉਨ੍ਹਾਂ ਨੇ ਕੈਨੇਡਾ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ।

ਟ੍ਰੰਪ ਨੇ ਕੈਨੇਡਾ ਤੋਂ ਆਉਣ ਵਾਲੇ ਆਯਾਤ 'ਤੇ 1 ਫਰਵਰੀ, 2025 ਤੋਂ ਭਾਰੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਉਨ੍ਹਾਂ ਦੇ ਦਾਅਵੇ ਮੁਤਾਬਕ, ਕੈਨੇਡਾ ਰਾਹੀਂ ਫੈਂਟਾਨਿਲ ਅਤੇ ਗੈਰ-ਕਾਨੂੰਨੀ ਪ੍ਰਵਾਸੀ ਅਮਰੀਕਾ ਵਿੱਚ ਆ ਰਹੇ ਹਨ। ਰਿਪਬਲਿਕਨ ਕਾਂਗਰਸ ਮੈਂਬਰਾਂ ਨੇ ਕੈਨੇਡਾ ਦੀ "ਖੁੱਲ੍ਹੀ ਸਰਹੱਦ" ਨੀਤੀ ਨੂੰ ਇਕ ਸੰਕਟ ਵਜੋਂ ਦਰਸਾਇਆ। ਇਸਦੇ ਉਲਟ, ਰਿਪੋਰਟ ਦੱਸਦੀ ਹੈ ਕਿ ਦੱਖਣੀ ਸਰਹੱਦ ਨਾਲੋਂ ਉੱਤਰੀ ਸਰਹੱਦ 'ਤੇ ਗੈਰ-ਕਾਨੂੰਨੀ ਦਾਖਲ ਦੀਆਂ ਘਟਨਾਵਾਂ ਕਾਫ਼ੀ ਘੱਟ ਹਨ। 2024 ਵਿੱਚ 358 ਵਿਅਕਤੀਆਂ, ਜੋ ਟੈਰਰਿਸਟ ਸਕ੍ਰੀਨਿੰਗ ਸੂਚੀ ਵਿੱਚ ਸਨ, ਨੇ ਦਾਖਲ ਹੋਣ ਦੀ ਕੋਸ਼ਿਸ਼ ਕੀਤੀ, ਜਦਕਿ 2023 ਵਿੱਚ ਇਹ ਗਿਣਤੀ 484 ਸੀ।

ਰਿਪੋਰਟ ਨੇ ਇਹ ਵੀ ਦੱਸਿਆ ਕਿ ਇਨ੍ਹਾਂ ਅੰਕੜਿਆਂ ਤੋਂ ਇਲਾਵਾ ਹੋਰ ਕੋਈ ਢੋਸ ਸਬੂਤ ਨਹੀਂ ਹੈ ਜੋ ਦਰਸਾਵੇ ਕਿ ਕੈਨੇਡਾ ਦੀ ਸਰਹੱਦ ਰਾਸ਼ਟਰੀ ਸੁਰੱਖਿਆ ਲਈ ਖਤਰਾ ਹੈ। ਕੈਨੇਡਾ ਦੀ ਸਰਕਾਰ ਨੇ ਇਹ ਰਿਪੋਰਟ ਤਿਆਰ ਕਰਕੇ ਅਮਰੀਕੀ ਦਾਅਵਿਆਂ ਦੀ ਗੰਭੀਰਤਾ ਤੇ ਸਵਾਲ ਖੜੇ ਕਰ ਦਿੱਤੇ ਹਨ। This report was written by Ekjot Singh as part of the Local Journalism Initiative.

# ਭਾਰਤੀ ਸਾਬਕਾ ਸੈਨਿਕ ਸੁਸਾਇਟੀ ਆਫ਼ ਬੀ.ਸੀ. ਕੇਨੇਡਾ ਦੀ ਸਾਲਾਨਾ ਜਨਰਲ ਬਾਡੀ ਮੀਟਿੰਗ

ਸਰੀ, (ਏਕਜੋਤ ਸਿੰਘ): ਭਾਰਤੀ ਸਾਬਕਾ ਸੈਨਿਕ ਸੁਸਾਇਟੀ ਆਫ਼ ਬੀ.ਸੀ. ਕੇਨੇਡਾ ਵੱਲੋਂ ਆਪਣੀ ਸਾਲਾਨਾ ਜਨਰਲ ਬਾਡੀ ਮੀਟਿੰਗ 25 ਮਈ 2025 ਨੂੰ ਸਵੇਰੇ 11:30 ਵਜੇ ਕੇਨੇਡੀਅਨ ਸੀਨੀਅਰਜ਼ ਸੈਂਟਰ, ਯੂਨਿਟ #200, 7050-122 ਸਟਰੀਟ, ਸਰੀ, ਬੀ.ਸੀ. ਵਿਖੇ ਕੀਤੀ ਜਾਵੇਗੀ।

ਇਸ ਮੀਟਿੰਗ ਦੌਰਾਨ ਸਮਾਜ ਨਾਲ ਸਬੰਧਿਤ ਮਹੱਤਵਪੂਰਨ ਮਸਲੇ ਚਰਚਾ ਅਧੀਨ ਆਉਣਗੇ ਅਤੇ ਸੰਭਾਵਿਤ ਤੌਰ 'ਤੇ ਨਵੇਂ ਚੋਣਾਂ ਜਾਂ ਹੋਰ ਪ੍ਰਸਤਾਵਾਂ ਬਾਰੇ ਵੀ ਵਿਚਾਰ ਹੋ ਸਕਦੇ ਹਨ। ਸਮਾਜ ਦੇ ਉਹ ਮੈਂਬਰ ਜਿਨ੍ਹਾਂ ਨੇ ਹਜੇ ਤੱਕ ਆਪਣੀ ਮੈਂਬਰਸ਼ਿਪ ਦੀ ਪੁਸ਼ਟੀ ਨਹੀਂ ਕਰਵਾਈ, ਉਹ ਕਿਰਪਾ ਕਰਕੇ ਮੀਟਿੰਗ ਤੋਂ ਪਹਿਲਾਂ ਆਪਣਾ ਮੈਂਬਰਸ਼ਿਪ ਰੀਨਿਊ ਕਰਵਾ ਲੈਣ।

ਭਾਰਤੀ ਸਾਬਕਾ ਸੈਨਿਕ ਸੁਸਾਇਟੀ ਆਪਣੇ ਮੈਂਬਰਾਂ ਦੀ ਭਲਾਈ ਅਤੇ ਹਿੱਤ ਨੂੰ ਸਮਰਪਿਤ ਇਕ ਗੈਰ-ਮੁਨਾਫਾ ਸੰਸਥਾ ਹੈ, ਜੋ ਸਾਬਕਾ ਫੌਜੀਆਂ ਦੀ ਭਲਾਈ, ਸਹਿਯੋਗ ਅਤੇ ਭਾਈਚਾਰੇ ਦੀ ਭਾਵਨਾ ਨੂੰ ਵਧਾਉਣ ਵਾਸਤੇ ਕੰਮ ਕਰਦੀ ਹੈ।

ਜੇਕਰ ਕੋਈ ਮੈਂਬਰ ਕਿਸੇ ਕਾਰਨ ਕਰਕੇ ਮੀਟਿੰਗ ਵਿਚ ਸ਼ਾਮਲ ਨਹੀਂ ਹੋ ਸਕਦਾ, ਤਾਂ ਉਹ ਆਪਣਾ ਮਤ ਜਾਂ ਰਾਏ ਲਿਖਤੀ ਰੂਪ ਵਿਚ ਭੇਜ ਸਕਦਾ ਹੈ ਜਾਂ ਟੈਲੀਫੋਨ ਰਾਹੀਂ ਸੰਪਰਕ ਕਰ ਸਕਦਾ ਹੈ।

ਵਾਧੂ ਜਾਣਕਾਰੀ ਜਾਂ ਕਿਸੇ ਵੀ ਸਵਾਲ ਲਈ, ਕਿਰਪਾ ਕਰਕੇ ਭਾਰਤੀ ਸਾਬਕਾ ਸੈਨਿਕ ਸੁਸਾਇਟੀ ਨਾਲ 604-501-3939 'ਤੇ ਸੰਪਰਕ ਕਰੋ। This report was written by Ekjot Singh as part of the Local Journalism Initiative.

# ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਵੱਲੋਂ ਸਾਹਿਤਕ ਸੰਮੇਲਨ 18 ਮਈ ਨੂੰ

**ਸਰੀ, (ਹਰਦਮ ਮਾਨ):** ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਵੱਲੋਂ ਆਪਣਾ ਦਸਵਾਂ ਛਿਮਾਹੀ ਸਾਹਿਤਕ ਸੰਮੇਲਨ 18 ਮਈ 2025 (ਐਤਵਾਰ) ਨੂੰ ਬਾਅਦ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸਭਾ ਦੇ ਸੰਸਥਾਪਕ ਪ੍ਰਿੰਸੀਪਲ



ਮਲੂਕ ਚੰਦ ਕਲੇਰ ਨੇ ਦੱਸਿਆ ਹੈ ਕਿ ਇਹ ਸਮਾਗਮ ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ ਡੈਲਟਾ ਵਿਖੇ ਹੋਵੇਗਾ ਜਿਸ ਵਿੱਚ ਲੋਕ ਕਵੀ ਗੁਰਦਾਸ ਰਾਮ ਆਲਮ ਨੂੰ ਯਾਦ ਕੀਤਾ ਜਾਵੇਗਾ। ਉਹਨਾਂ ਇਹ ਸਮਾਗਮ ਵਿੱਚ ਸਮੂਹ ਸਾਹਿਤਿਕ ਪ੍ਰੇਮੀਆਂ ਨੂੰ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਹੈ।

# ਪੰਜਾਬੀ ਪ੍ਰੈੱਸ ਕਲੱਬ ਆਫ਼ ਬੀ.ਸੀ. ਵੱਲੋਂ ਭਾਰਤ-ਪਾਕਿ ਜੰਗ ਖਿਲਾਫ਼ ਮਤਾ ਪਾਸ

### "ਪੰਜਾਬ ਨੂੰ ਜੰਗ ਦਾ ਅਖਾੜਾ ਨਹੀਂ ਬਣਾਉਣਾ ਚਾਹੀਦਾ"

**ਸਰੀ (ਡਾ. ਗੁਰਵਿੰਦਰ ਸਿੰਘ)** ਕੈਨੇਡਾ ਦੇ ਪੰਜਾਬੀ ਪੱਤਰਕਾਰਾਂ ਦੀ ਸੰਸਥਾ 'ਪੰਜਾਬੀ ਪ੍ਰੈਸ ਕਲੱਬ ਆਫ ਬੀਸੀ' ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਜੰਗ ਦੇ ਹਾਲਾਤ ਤੁਰੰਤ ਖਤਮ ਕਰਨ ਅਤੇ ਪੰਜਾਬ ਨੂੰ ਜੰਗ ਦਾ ਅਖਾੜਾ ਨਾ ਬਣਾਉਣ ਦੀ ਅਪੀਲ ਕੀਤੀ ਹੈ। ਪੰਜਾਬੀ ਪ੍ਰੈਸ ਕਲੱਬ ਆਫ ਬੀਸੀ ਵੱਲੋਂ ਭਾਰਤ-ਪਾਕਿ ਟਕਰਾਅ 'ਤੇ ਫਿਕਰਮੰਦੀ ਜ਼ਾਹਿਰ ਕਰਦਿਆਂ ਤੁਰੰਤ ਜੰਗਬੰਦੀ ਦੀ ਅਪੀਲ ਕੀਤੀ ਗਈ। ਪ੍ਰੈੱਸ ਕਲੱਬ ਵੱਲੋਂ ਪਾਸ ਮਤੇ ਰਾਹੀਂ ਅਪੀਲ ਕੀਤੀ ਗਈ ਕਿ ਦੋਵੇਂ ਮੁਲਕ ਸਿਆਸਤ ਤੋਂ ਉਪਰ ਉੱਠ ਕੇ, ਦੋਹਾਂ ਮੁਲਕਾਂ ਦੇ ਬਖਸ਼ਿੰਦਿਆਂ ਦੀ ਜ਼ਿੰਦਗੀ ਸਧਾਰਨ ਵੱਲ ਧਿਆਨ ਦੇਣ ਅਤੇ ਆਪਸੀ ਪਿਆਰ ਵਧਾਉਣ ਵਾਲੇ ਯਤਨ ਕਰਨ। ਪੰਜਾਬੀ ਪ੍ਰੈਸ ਕਲੱਬ ਆਫ ਬੀਸੀ ਨੇ ਸੱਦਾ ਦਿੱਤਾ "ਪੰਜਾਬੀ ਹੋਣ ਨਾਤੇ, ਇਨਸਾਨ ਹੋਣ ਨਾਤੇ ਅਸੀਂ ਹਰ ਖਿੱਤੇ ਦੀ ਹੋ ਰਹੀ ਤਬਾਹੀ




ਦੇ ਵਿਰੁੱਧ ਹਾਂ ਅਤੇ ਕਿਸੇ ਵੀ ਖਿੱਤੇ ਵਿੱਚ ਅਜਿਹੇ ਹਾਲਾਤ ਨਾ ਬਣਾਉਣ ਦੇ ਹਾਮੀ ਹਾਂ, ਪਰ ਇਸ ਜੰਗ ਵਿੱਚ ਪੰਜਾਬ ਨੂੰ ਜੰਗ ਦਾ ਅਖਾੜਾ ਨਹੀਂ ਬਣਾਉਣਾ ਚਾਹੀਦਾ। ਮਸਲੇ ਗੱਲਬਾਤ ਰਾਹੀਂ ਹੱਲ ਹੋਣਗੇ।"

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX — 604-325-3666
6108 Fraser st. (at 45th Ave.) Vancouver BC V5 Ww 3A1

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...



Accepting Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

# ਡੱਗ ਫੋਰਡ ਨੇ ਅਲਬਰਟਾ ਦੀ ਅਲਬਰਟਾ ਦੀ ਪ੍ਰੀਮੀਅਰ ਸਮਿੱਥ 'ਤੇ ਸਾਧਿਆ ਨਿਸ਼ਾਨਾ

### ਇਹ ਸਮਾਂ ਇੱਕਜੁਟ ਹੋਣ ਦਾ ਹੈ : ਡੱਗ ਫੋਰਡ



ਸਰੀ, (ਏਕਜੋਤ ਸਿੰਘ): ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਇਹ ਦੇਸ਼ ਨੂੰ ਜੋੜਨ ਦਾ ਸਮਾਂ ਹੈ, ਨਾ ਕਿ ਵੱਖ ਹੋਣ ਦੀਆਂ ਗੱਲਾਂ ਕਰਨ ਦਾ। ਇਹ ਟਿੱਪਣੀ ਫੋਰਡ ਨੇ ਮੰਗਲਵਾਰ ਨੂੰ ਇਟੋਬੀਕੋਕ ਵਿੱਚ ਇੱਕ ਸਮਾਗਮ ਦੌਰਾਨ ਕੀਤੀ।

ਫੋਰਡ ਨੇ ਸਮਿਥ ਦਾ ਨਾਮ ਨਹੀਂ ਲਿਆ, ਪਰ ਕਿਹਾ, "ਇਕੱਠੇ ਹੋਣ ਨਾਲ ਅਸੀਂ ਮਜ਼ਬੂਤ ਹੁੰਦੇ ਹਾਂ, ਵੰਡ ਨਾਲ ਕਮਜ਼ੋਰ। ਸਾਨੂੰ ਇੱਕਜੁੱਟ ਕੈਨੇਡਾ ਦੀ ਲੋੜ ਹੈ ਤਾਂ ਜੋ ਰਾਸ਼ਟਰਪਤੀ ਟਰੰਪ ਦੇ ਟੈਰਿਫਾਂ ਨਾਲ ਲੜ ਸਕੀਏ।" ਸਮਿਥ ਨੇ ਜਵਾਬ ਵਿੱਚ ਕਿਹਾ ਕਿ ਉਸ ਦੀ ਫੋਰਡ ਨਾਲ ਚੰਗੀ ਦੋਸਤੀ ਹੈ, ਪਰ ਉਹ ਉਸ ਨੂੰ ਨਹੀਂ ਦੱਸਦੀ ਕਿ ਓਨਟਾਰੀਓ ਕਿਵੇਂ ਚਲਾਉਣਾ ਹੈ, ਅਤੇ ਉਮੀਦ ਕਰਦੀ ਹੈ ਕਿ ਫੋਰਡ ਵੀ ਉਸ ਨੂੰ ਨਾ ਦੱਸੇ।

ਸਮਿਥ ਨੇ ਸੋਮਵਾਰ ਨੂੰ ਇੱਕ ਲਾਈਵ ਸਟ੍ਰੀਮ ਵਿੱਚ ਸਪੱਸ਼ਟ ਕੀਤਾ ਕਿ ਉਸ ਦੀ ੂਛਫ ਸਰਕਾਰ ਅਲਬਰਟਾ ਨੂੰ ਵੱਖ ਕਰਨ ਲਈ ਰਾਏਸ਼ੁਮਾਰੀ ਨਹੀਂ ਕਰਵਾਉਣ ਜਾ ਰਹੀ, ਪਰ ਜੇ ਅਲਬਰਟਾ ਦੇ ਲੋਕਾਂ ਨੇ 2026 ਵਿੱਚ ਪਟੀਸ਼ਨ 'ਤੇ ਕਾਫੀ ਦਸਤਖਤ ਕੀਤੇ, ਤਾਂ ਉਹ ਇਸ ਨੂੰ ਵਿਚਾਰ ਸਕਦੀ ਹੈ। ਉਸ ਨੇ ਕਿਹਾ ਕਿ ਉਹ ਇੱਕ ਸੰਯੁਕਤ ਕੈਨੇਡਾ ਵਿੱਚ ਸੁਤੰਤਰ ਅਲਬਰਟਾ ਚਾਹੁੰਦੀ ਹੈ, ਪਰ ਫੈਡਰਲ ਚੋਣਾਂ ਵਿੱਚ ਨਾਰਾਜ਼ ਅਵਾਜ਼ਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਸਮਿਥ ਨੇ ਕਿਹਾ, "ਫੈਡਰਲ ਸਰਕਾਰ ਦੇ ਹਮਲਿਆਂ ਨੇ ਅਲਬਰਟਾ ਦੇ ਲੋਕਾਂ ਨੂੰ ਨਿਰਾਸ਼ ਕੀਤਾ ਹੈ।" ਉਸ ਨੇ ਦਾਅਵਾ ਕੀਤਾ ਕਿ ਪਿਛਲੇ ਦਹਾਕੇ ਵਿੱਚ ਫੈਡਰਲ ਨੀਤੀਆਂ ਕਾਰਨ ਸੂਬੇ ਨੂੰ 500 ਅਰਬ ਡਾਲਰ ਦੇ ਨਿਵੇਸ਼ ਦਾ ਨੁਕਸਾਨ ਹੋਇਆ। ਉਸ ਨੇ ਕਿਹਾ, "ਕੈਨੇਡਾ ਵਿਕਸਤ ਦੇਸ਼ਾਂ ਵਿੱਚ ਆਰਥਿਕ ਵਿਕਾਸ ਵਿੱਚ ਸਭ ਤੋਂ ਪਿੱਛੇ ਹੈ। ਸਾਡੇ ਕੋਲ ਅਥਾਹ ਕੁਦਰਤੀ ਸਰੋਤ ਹਨ, ਪਰ ਅਸੀਂ ਉਨ੍ਹਾਂ ਨੂੰ ਰੋਕਦੇ ਹਾਂ ਅਤੇ ਸਿਰਫ਼ ਅਮਰੀਕਾ ਨੂੰ ਵੇਚਦੇ ਹਾਂ, ਜਦਕਿ ਪ੍ਰਦੂਸ਼ਣ ਕਰਨ ਵਾਲੇ ਤਾਨਾਸ਼ਾਹ ਦੇਸ਼ ਸਾਡਾ ਫਾਇਦਾ ਉਠਾਉਂਦੇ ਹਨ।"

ਫੋਰਡ ਨੇ ਟਰੰਪ ਦੇ ਟੈਰਿਫਾਂ 'ਤੇ ਵੀ ਨਿਸ਼ਾਨਾ ਸਾਧਿਆ, ਕਿਹਾ, "ਇਹ ਵਿਅਕਤੀ ਮੈਨੂੰ ਪਾਗਲ ਕਰ ਦਿੰਦਾ ਹੈ।" ਉਸ ਨੇ ਕਿਹਾ ਕਿ ਟਰੰਪ ਦੀਆਂ ਨੀਤੀਆਂ ਨੇ ਦੋਵਾਂ ਸਰਹੱਦਾਂ 'ਤੇ ਆਰਥਿਕ ਅਸਥਿਰਤਾ ਪੈਦਾ ਕੀਤੀ ਹੈ, ਜਿਸ ਦਾ ਅਸਰ ਓਨਟਾਰੀਓ ਦੇ ਕਾਮਿਆਂ 'ਤੇ ਪੈ ਰਿਹਾ ਹੈ। ਫੋਰਡ ਨੇ ਦੱਸਿਆ ਕਿ ਉਸ ਨੇ ਕਈ ਅਮਰੀਕੀ ਗਵਰਨਰਾਂ ਨਾਲ ਗੱਲ ਕੀਤੀ, ਜੋ ਨਿੱਜੀ ਤੌਰ 'ਤੇ ਟਰੰਪ ਦੀ ਨੀਤੀ ਨਾਲ ਸਹਿਮਤ ਨਹੀਂ, ਪਰ ਉਹ ਆਪਣੇ ਨੇਤਾ ਤੋਂ ਡਰਦੇ ਹਨ।





**Gurudwara /Temple Package** | Minimum 500 People | $20 Per Person

- Tea
- Coke
- 7UP
- Mango
- Lassi
- Paneer Aloo Tikki
- Red-Green Chutney
- Basan - Gulan Jaman
- Rice - Raita
- Salad - Ras Malai - Gajrela
- Daal Makhni
- Mix Vegetable
- Shahi Paneer
- Spinach Paneer
- Roti

**Tandoor For Home** | $30 Per Person

- Tea
- Coke
- 7UP
- Mango
- Lassi
- Spinach Paneer Naan
- Papari Chaat
- Pani Puri
- Fish Pakora
- Chiken Tikka
- Red-Green Chutney
- Malai Kofta
- Mix Veg.
- Sahi Panner
- Goat Curry
- Butter Chicken
- Rice Nan
- Raita
- Salad
- Ras Malai

**JAGDISH RAM {778-885-6167**



ਸਫ਼ਾ 1 ਦਾ ਬਾਕੀ

## ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ...

ਇਹ ਬਿਆਨ ਸਮੇਤ ਦੋਵਾਂ ਨੇ ਵਪਾਰਕ ਸੰਬੰਧਾਂ, ਟਾਰੀਫ਼ਾਂ, ਅਤੇ ਉੱਤਰੀ ਅਮਰੀਕਾ ਦੀ ਭੂ-ਰਾਜਨੀਤਿਕ ਸਥਿਤੀ 'ਤੇ ਗੰਭੀਰ ਵਿਚਾਰ ਵਿਮਰਸ਼ ਕੀਤਾ। ਕਾਰਨੀ ਨੇ ਟਰੰਪ ਦੇ ਬਿਆਨ ਨੂੰ ਹਲਕਾ ਨਾ ਲੈਂਦੇ ਹੋਏ ਕਿਹਾ ਕਿ ਕੈਨੇਡਾ ਆਪਣੀ ਅਜ਼ਾਦੀ, ਰਾਸ਼ਟਰਵਾਦ ਅਤੇ ਮੂਲ ਨੀਤੀਆਂ ਬਾਰੇ ਪੂਰੀ ਤਰ੍ਹਾਂ ਸਚੇਤ ਹੈ।

ਇਹ ਮੁਲਾਕਾਤ ਉਸ ਸਮੇਂ ਹੋਈ ਜਦੋਂ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਤਣਾਅ ਅਤੇ ਟੈਕਸ ਨੀਤੀਆਂ ਨੂੰ ਲੈ ਕੇ ਚਿੰਤਾਵਾਂ ਵੱਧ ਰਹੀਆਂ ਹਨ। ਬੈਂਕ ਆਫ਼ ਕੈਨੇਡਾ ਨੇ ਵੀ ਚੇਤਾਵਨੀ ਦਿੱਤੀ ਹੈ ਕਿ ਵਪਾਰਕ ਅਨਿਸ਼ਚਿਤਤਾ ਕਾਰਨ ਆਰਥਿਕ ਸਥਿਰਤਾ ਉੱਤੇ ਅਸਰ ਪੈ ਸਕਦਾ ਹੈ।

ਅੰਤਰਰਾਸ਼ਟਰੀ ਮੀਡੀਆ ਨੇ ਮਾਰਕ ਕਾਰਨੀ ਦੇ ਜਵਾਬ ਦੀ ਸਰਾਹਨਾ ਕੀਤੀ ਹੈ, ਜਿਸਨੂੰ ਕੈਨੇਡਾ ਦੇ ਅਪਣੇ ਪੱਠ ਤੇ ਡਟੇ ਰਹਿਣ ਦੀ ਨਿਸ਼ਾਨੀ ਵਜੋਂ ਵੇਖਿਆ ਜਾ ਰਿਹਾ ਹੈ।

ਇਹ ਮੁਲਾਕਾਤ ਲਗਭਗ ਦੋ ਘੰਟਿਆਂ ਤੱਕ ਚੱਲੀ, ਜਿਸ ਦੌਰਾਨ ਦੋਵੇਂ ਨੇਤਾਵਾਂ ਨੇ ਟੈਰਿਫ਼, ਵਪਾਰ, ਸੁਰੱਖਿਆ ਅਤੇ ਭਵਿੱਖ ਦੇ ਸਹਿਯੋਗ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਹ ਗੱਲਬਾਤ ਅੰਤਰਰਾਸ਼ਟਰੀ ਪੱਧਰ 'ਤੇ ਦੋ ਵਡੇ ਸਾਥੀਆਂ ਵਿੱਚ ਵਿਸ਼ਵਾਸ ਅਤੇ ਸਾਂਝ ਨੂੰ ਨਵੀਂ ਦਿਸ਼ਾ ਦੇਣ ਦੀ ਕੋਸ਼ਿਸ਼ ਵਜੋਂ ਵੇਖੀ ਜਾ ਰਹੀ ਹੈ।

ਮੁਲਾਕਾਤ ਦੌਰਾਨ ਦੋਵੇਂ ਨੇਤਾ ਆਪਣੇ-ਆਪਣੇ ਸੀਨੀਅਰ ਮੰਤਰੀਆਂ ਅਤੇ ਸਟਾਫ ਮੁਖੀਆਂ ਦੇ ਨਾਲ ਮੌਜੂਦ ਸਨ। ਮੁਲਾਕਾਤ ਦੀ ਸ਼ੁਰੂਆਤ ਓਵਲ ਆਫਿਸ ਵਿੱਚ ਕੈਮਰਿਆਂ ਸਾਹਮਣੇ ਅੱਧੇ ਘੰਟੇ ਦੀ ਸਰਵਜਨਕ ਗੱਲਬਾਤ ਨਾਲ ਹੋਈ। ਇਸ ਤੋਂ ਬਾਅਦ ਦੋਵੇਂ ਨੇਤਾਵਾਂ ਨੇ ਇਕ ਨਿੱਜੀ ਦੁਪਹਿਰ ਦੇ ਭੋਜਨ ਦੌਰਾਨ ਵਿਚਾਰ-ਵਟਾਂਦਰਾ ਜਾਰੀ ਰੱਖਿਆ।

ਮੁਲਾਕਾਤ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਕਾਰਨੀ ਨੇ ਕਿਹਾ ਕਿ, "ਅਸੀਂ ਚੰਗੀ ਸ਼ੁਰੂਆਤ ਕੀਤੀ ਹੈ, ਪਰ ਅਜੇ ਵੀ ਬਹੁਤ ਸਾਰਾ ਕੰਮ ਕਰਨ ਦੀ ਲੋੜ ਹੈ।" ਉਨ੍ਹਾਂ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਦੇ ਰਿਸ਼ਤੇ ਇੱਕ ਨਵੇਂ ਦੌਰ ਵਿਚ ਦਾਖਲ ਹੋ ਰਹੇ ਹਨ ਅਤੇ ਇਹ ਮੁਲਾਕਾਤ ਭਵਿੱਖ ਲਈ ਰਾਹ ਸਮਝਣ ਦੀ ਸ਼ੁਰੂਆਤ ਸੀ। ਟਰੰਪ ਨੇ ਵੀ ਮੁਲਾਕਾਤ 'ਤੇ ਸੰਤੁਸ਼ਟੀ ਪ੍ਰਗਟਾਈ ਅਤੇ ਕਾਰਨੀ ਦੀ ਆਗਵਾਈ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ, "ਕਾਰਨੀ ਇੱਕ ਹੁਸ਼ਿਆਰ, ਸਮਝਦਾਰ ਅਤੇ ਵਿਅਵਹਾਰਕ ਨੇਤਾ ਹਨ, ਅਤੇ ਉਨ੍ਹਾਂ ਨਾਲ ਗੱਲਬਾਤ ਕਰਕੇ ਖੁਸ਼ੀ ਹੋਈ।"

ਕਾਰਨੀ ਨੇ ਦੱਸਿਆ ਕਿ ਬੁੱਧਵਾਰ ਨੂੰ ਉਹ ਕੈਨੇਡਾ ਦੇ ਸੂਬਾਈ ਮੁਖੀਆਂ ਨਾਲ ਫੋਨ ਰਾਹੀਂ ਇਸ ਮੁਲਾਕਾਤ ਬਾਰੇ ਜਾਣਕਾਰੀ ਸਾਂਝੀ ਕਰਨਗੇ। ਉਨ੍ਹਾਂ ਕਿਹਾ ਕਿ ਅਗਲੇ ਹਫ਼ਤਿਆਂ ਵਿੱਚ ਦੋਹਾਂ ਦੇ ਦਰਮਿਆਨ ਹੋਰ ਗੱਲਬਾਤਾਂ ਹੋਣਗੀਆਂ, ਜਿਸ ਵਿੱਚ ਜੂਨ ਮਹੀਨੇ ਵਿੱਚ ਅਲਬਰਟਾ ਵਿਖੇ ਹੋਣ ਵਾਲੇ ਜੀ-7 ਸੰਮੇਲਨ ਦੌਰਾਨ ਇਕ ਹੋਰ ਸਾਹਮਣੇ-ਸਾਹਮਣੇ ਮੁਲਾਕਾਤ ਵੀ ਸ਼ਾਮਲ ਹੋ ਸਕਦੀ ਹੈ।

ਕਾਰਨੀ ਨੇ ਜ਼ੋਰ ਦਿੱਤਾ ਕਿ "ਅਸੀਂ ਅਮਰੀਕਾ ਨਾਲ ਆਪਣੇ ਰਿਸ਼ਤਿਆਂ ਨੂੰ ਮੁੜ ਪਰਿਭਾਸ਼ਤ ਕਰਨ ਦੀ ਸ਼ੁਰੂਆਤ ਕਰ ਰਹੇ ਹਾਂ। ਪਰ ਇਹ ਕੇਵਲ ਸ਼ੁਰੂਆਤ ਹੈ। ਅਸਲ ਚੁਣੌਤੀਆਂ ਅਜੇ ਆਣੀਆਂ ਹਨ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਰਾਸ਼ਟਰਪਤੀ ਟਰੰਪ ਨੂੰ ਇਹ ਗੱਲ ਨਿੱਜੀ ਅਤੇ ਜਨਤਕ ਤੌਰ 'ਤੇ ਸਾਫ਼ ਕਰ ਦਿੱਤੀ ਹੈ ਕਿ ਕੈਨੇਡਾ ਅਮਰੀਕਾ ਦਾ ਭਰੋਸੇਯੋਗ ਸਾਥੀ ਤਾਂ ਹੈ ਪਰ ਕਦੇ ਵੀ ਅਮਰੀਕੀ ਹੋਣ ਦੀ ਇੱਛਾ ਨਹੀਂ ਰੱਖਦਾ।

ਉਨ੍ਹਾਂ ਇਹ ਵੀ ਕਿਹਾ ਕਿ ਉਹ ਕੈਨੇਡਾ ਦੀ ਸੰਪ੍ਰਭੁਤਾ, ਆਰਥਿਕਤਾ ਅਤੇ ਰਾਸ਼ਟਰੀ ਸੁਰੱਖਿਆ ਨੂੰ ਸਭ ਤੋਂ ਉਪਰਲੇ ਥਾਂ 'ਤੇ ਰੱਖਣਗੇ। "ਅਸੀਂ ਆਪਣੇ ਨਾਗਰਿਕਾਂ ਦੀ ਭਲਾਈ ਲਈ ਨੀਤੀਆਂ ਬਣਾਵਾਂਗੇ। ਕੈਨੇਡਾ ਆਪਣੀ ਪਹਿਚਾਣ ਅਤੇ ਹਿੱਤਾਂ ਦੀ ਰਾਖੀ ਕਰੇਗਾ," ਉਨ੍ਹਾਂ ਕਿਹਾ।

ਦੂਜੇ ਪਾਸੇ, ਵਿਦਵਾਨ ਅਤੇ ਨੀਤੀ-ਵਿਸ਼ਲੇਸ਼ਕ ਵੀ ਇਸ ਮੁਲਾਕਾਤ ਨੂੰ ਅਹੰਕਾਰਹੀਨ ਸੰਕੇਤ ਵਜੋਂ ਵੇਖ ਰਹੇ ਹਨ। ਕਾਰਲਟਨ ਯੂਨੀਵਰਸਿਟੀ ਦੇ ਵਿਖਿਆਤ ਪ੍ਰੋਫੈਸਰ ਫੇਨ ਹੈਮਪਸਨ ਨੇ ਕਿਹਾ ਕਿ ਕਾਰਨੀ ਨੂੰ ਦੋ ਮੁੱਖ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ: ਪਹਿਲੀ, 2026 ਵਿੱਚ ਹੋਣ ਵਾਲੀ ਯੂਐਸਐਮਸੀਏ (ਕੈਨੇਡਾ-ਅਮਰੀਕਾ-ਮੈਕਸੀਕੋ ਵਪਾਰ ਸਮਝੌਤਾ) ਦੀ ਸਮੀਖਿਆ, ਜਿਸਨੂੰ ਟਰੰਪ ਜਲਦੀ ਖੋਲ੍ਹਣਾ ਚਾਹੁੰਦੇ ਹਨ। ਦੂਜੀ, ਅਮਰੀਕਾ ਵੱਲੋਂ ਲਾਏ ਟੈਰਿਫ ਨੂੰ ਤੁਰੰਤ ਹਟਵਾਉਣ ਦੀ ਮੰਗ।

ਹੈਮਪਸਨ ਦਾ ਮੰਨਣਾ ਹੈ ਕਿ ਟਰੰਪ ਦੀ ਵਪਾਰਕ ਨੀਤੀ ਅਕਸਰ ਅਣਅੰਦੇਖੀ ਜਾਂ ਅਚਾਨਕ ਹੋ ਸਕਦੀ ਹੈ, ਪਰ ਇਹ ਵੀ ਯਕੀਨੀ ਹੈ ਕਿ ਟਰੰਪ ਟੈਰਿਫ ਘਟਾਉਣ ਲਈ ਰਾਜੀ ਹੋ ਸਕਦੇ ਹਨ ਜੇ ਉਹਨੂੰ ਅਮਰੀਕੀ ਆਰਥਿਕਤਾ 'ਤੇ ਨਕਾਰਾਤਮਕ ਪ੍ਰਭਾਵ ਦਿਖਾਈ ਦੇਣ। "ਇਹ ਮੌਕਾ ਕੈਨੇਡਾ ਲਈ ਲਾਭਕਾਰੀ ਹੋ ਸਕਦਾ ਹੈ," ਹੈਮਪਸਨ ਨੇ ਕਿਹਾ। ਕੁਝ ਵਿਸ਼ਲੇਸ਼ਕਾਂ ਦੇ ਅਨੁਸਾਰ, ਇਹ ਮੁਲਾਕਾਤ ਸਿਰਫ਼ ਰਿਸ਼ਤਿਆਂ ਦੀ ਨਵੀਨਤਾ ਲਈ ਨਹੀਂ ਸੀ, ਸਗੋਂ ਇਹ ਦਰਸਾਉਂਦੀ ਹੈ ਕਿ ਭਵਿੱਖ ਵਿੱਚ ਦੋਨੋਂ ਦੇ ਦਰਮਿਆਨ ਨੀਤੀ ਪੱਧਰ 'ਤੇ ਗੰਭੀਰ ਗੱਲਬਾਤਾਂ ਹੋਣਗੀਆਂ। ਅੰਤਰਰਾਸ਼ਟਰੀ ਸਥਿਤੀ, ਚੀਨ ਨਾਲ ਵਪਾਰਕ ਖਿਚਤਾਨ ਅਤੇ ਨਾਟੋ ਦੀ ਭੂਮਿਕਾ ਵਰਗੇ ਮੁੱਦੇ ਵੀ ਆਉਣ ਵਾਲੀਆਂ ਮੁਲਾਕਾਤਾਂ ਵਿੱਚ ਮੱਤਵਪੂਰਨ ਹੋਣਗੇ। ਇਸ ਮੁਲਾਕਾਤ ਨੇ ਇਹ ਦਰਸਾ ਦਿੱਤਾ ਕਿ ਭਾਵੇਂ ਵਿਅਕਤੀਕਤ ਪਸੰਦ-ਅਣਪਸੰਦ ਹੋਣ, ਪਰ ਰਾਸ਼ਟਰਾਂ ਦੇ ਹਿੱਤ ਹਮੇਸ਼ਾਂ ਗੰਭੀਰਤਾ ਅਤੇ ਸਾਂਝੀ ਰਣਨੀਤੀ ਦੀ ਮੰਗ ਕਰਦੇ ਹਨ। ਕਾਰਨੀ ਅਤੇ ਟਰੰਪ ਦੀ ਇਹ ਸ਼ੁਰੂਆਤੀ ਗੱਲਬਾਤ ਇਹ ਸੰਕੇਤ ਦਿੰਦੀ ਹੈ ਕਿ ਕੈਨੇਡਾ ਅਤੇ ਅਮਰੀਕਾ ਭਵਿੱਖ ਵਿੱਚ ਸਹਿਯੋਗ ਅਤੇ ਪਰਸਪਰ ਇੱਜ਼ਤ ਦੇ ਆਧਾਰ 'ਤੇ ਆਪਣੇ ਰਿਸ਼ਤੇ ਨੂੰ ਅੱਗੇ ਵਧਾਉਣ ਲਈ ਤਤਪਰ ਹਨ। This report was written by Ekjot Singh as part of the Local Journalism Initiative.

## ਪੀਅਰ ਪੋਇਲੀਵਰ ਨੇ ਸੰਸਦ ਵਿੱਚ...

ਹਕੀਕਤ ਬਣਾਉਣ ਲਈ ਇਹ ਕਦਮ ਜ਼ਰੂਰੀ ਹੈ।"

ਉਨ੍ਹਾਂ ਦੀ ਉਮੀਦਵਾਰੀ ਨੇ ਰਾਜਨੀਤਿਕ ਮਾਹੌਲ ਨੂੰ ਗਰਮ ਕਰ ਦਿੱਤਾ ਹੈ, ਕਿਉਂਕਿ ਇਹ ਉਪ-ਚੋਣ ਸਿਰਫ਼ ਇੱਕ ਸੀਟ ਲਈ ਨਹੀਂ, ਸਗੋਂ ਪਾਰਟੀ ਦੀ ਆਗੂਈ ਸਥਿਤੀ ਅਤੇ ਆਮ ਚੋਣਾਂ ਦੀ ਤਿਆਰੀ ਲਈ ਵੀ ਨਿਰਣਾਇਕ ਮੰਨੀ ਜਾ ਰਹੀ ਹੈ। ਲਿਬਰਲ ਅਤੇ ਐਨ.ਡੀ.ਪੀ. ਪਾਰਟੀਆਂ ਵੀ ਇੱਥੇ ਮਜ਼ਬੂਤ ਉਮੀਦਵਾਰ ਉਤਾਰਨ ਦੀ ਤਿਆਰੀ ਕਰ ਰਹੀਆਂ ਹਨ, ਪਰ ਮਾਹਿਰਾਂ ਮੁਤਾਬਕ ਇਹ ਉਪ-ਚੋਣ ਪੋਇਲੀਵਰ ਲਈ ਇੱਕ ਰੀਐਂਟਰੀ ਪੌਇੰਟ ਹੋ ਸਕਦੀ ਹੈ।

ਜ਼ਿਕਰਯੋਗ ਹੈ ਕਿ ਪੋਇਲੀਵਰ, ਜੋ 2004 ਤੋਂ ਕਾਰਲਟਨ ਦੇ ਸੰਸਦ ਮੈਂਬਰ ਸਨ, ਨੂੰ 2025 ਦੀਆਂ ਚੋਣਾਂ ਵਿੱਚ ਲਿਬਰਲ ਨੇਤਾ ਮਾਰਕ ਕਾਰਨੀ ਦੀ ਅਗਵਾਈ ਵਾਲੀ ਪਾਰਟੀ ਨੇ ਹਰਾਇਆ। ਉਨ੍ਹਾਂ ਦੀ ਹਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵਪਾਰਕ ਟੈਰਿਫ ਅਤੇ ਕੈਨੇਡਾ ਨੂੰ "51ਵਾਂ ਸੂਬਾ" ਬਣਾਉਣ ਦੀਆਂ ਧਮਕੀਆਂ ਵਿਰੁੱਧ ਰਾਸ਼ਟਰਵਾਦੀ ਜੋਸ਼ ਦਾ ਨਤੀਜਾ ਮੰਨਿਆ ਜਾ ਰਿਹਾ ਹੈ। ਪੋਇਲੀਵਰ ਦੀ ਹਾਰ ਨੇ ਉਨ੍ਹਾਂ ਦੀ ਪਾਰਟੀ ਦੇ ਮੁੱਖ ਆਗੂ ਵਜੋਂ ਸਥਿਤੀ 'ਤੇ ਸਵਾਲ ਖੜ੍ਹੇ ਕੀਤੇ, ਪਰ ਇਸ ਦੇ ਬਾਵਜੂਦ ਕਿਹਾ ਹੈ ਕਿ ਉਹ ਪਾਰਟੀ ਦੀ ਅਗਵਾਈ ਜਾਰੀ ਰੱਖਣਗੇ।

ਕੈਨੇਡੀਅਨ ਕਾਨੂੰਨ ਅਨੁਸਾਰ, ਕੁਰੇਕ ਦੇ ਅਸਤੀਫੇ ਤੋਂ ਬਾਅਦ ਉਪ-ਚੋਣ 11 ਤੋਂ 180 ਦਿਨਾਂ ਦੇ ਵਿਚਕਾਰ ਬੁਲਾਈ ਜਾ ਸਕਦੀ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ 2 ਮਈ ਨੂੰ ਵਾਅਦਾ ਕੀਤਾ ਕਿ ਉਹ "ਕੋਈ ਖੇਡ ਨਹੀਂ ਖੇਡਣਗੇ" ਅਤੇ ਉਪ-ਚੋਣ ਜਲਦੀ ਬੁਲਾਈ ਜਾਵੇਗੀ, ਸੰਭਾਵੀ ਤੌਰ 'ਤੇ ਸਤੰਬਰ ਜਾਂ ਅਕਤੂਬਰ 2025 ਵਿੱਚ ਜਿਮਨੀ ਚੋਣਾਂ ਹੋਣ ਦੀ ਸੰਭਾਵਨਾ ਹੈ।

ਬੈਟਲ ਰਿਵਰ—ਕਰੋਫੁਟ ਦੀ ਇਹ ਸੀਟ ਕੰਜ਼ਰਵੇਟਿਵ ਪਾਰਟੀ ਦੀ ਸਭ ਤੋਂ ਸੁਰੱਖਿਅਤ ਸੀਟਾਂ ਵਿੱਚੋਂ ਇੱਕ ਹੈ, ਜਿਸ ਨੂੰ ਪੋਇਲੀਵਰ ਲਈ ਸੰਸਦ ਵਿੱਚ ਵਾਪਸੀ ਦਾ ਸੁਰੱਖਿਅਤ ਰਾਹ ਮੰਨਿਆ ਜਾ ਰਿਹਾ ਹੈ। ਪੋਇਲੀਵਰ ਨੇ ਸੋਸ਼ਲ ਮੀਡੀਆ 'ਤੇ ਕਿਹਾ, "ਮੈਂ ਬੈਟਲ ਰਿਵਰ—ਕਰੋਫੁਟ ਦੇ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਕੰਮ ਕਰਾਂਗਾ ਅਤੇ ਲਿਬਰਲ ਸਰਕਾਰ ਨੂੰ ਜਵਾਬਦੇਹ ਬਣਾਉਣਾ ਜਾਰੀ ਰੱਖਾਂਗਾ।"

ਦੂਜੇ ਪਾਸੇ ਪੋਇਲੀਵਰ ਨੂੰ ਸੰਸਦ ਦੇ ਮਈ 2025 ਦੇ ਸੈਸ਼ਨ ਵਿੱਚ ਹਿੱਸਾ ਲੈਣ ਲਈ ਉਪ-ਚੋਣ ਜਿੱਤਣੀ ਪਵੇਗੀ। ਉਦੋਂ ਤੱਕ, ਕੰਜ਼ਰਵੇਟਿਵ ਕਾਕਸ ਨੇ ਐਂਡਰਿਊ ਸ਼ੀਅਰ ਨੂੰ ਪਾਰਟੀ ਦਾ ਅੰਤਰਿਮ ਵਿਰੋਧੀ ਧਿਰ ਨੇਤਾ ਚੁਣਿਆ ਹੈ।

ਹਾਲਾਂਕਿ ਪੋਇਲੀਵਰ ਨੂੰ ਪਾਰਟੀ ਮੈਂਬਰਾਂ ਵਿੱਚ ਮਜ਼ਬੂਤ ਸਮਰਥਨ ਹੈ, ਕੁਝ ਸੀਨੀਅਰ ਮੈਂਬਰਾਂ ਨੇ ਚੋਣ ਹਾਰ ਦੀ ਜ਼ਿੰਮੇਵਾਰੀ ਲਈ ਸਵਾਲ ਚੁੱਕੇ ਹਨ। ਸਾਬਕਾ ਨੇਤਾ ਐਂਡਰਿਊ ਸ਼ੀਅਰ ਸਮੇਤ ਕਈ ਪ੍ਰਮੁੱਖ ਕੰਜ਼ਰਵੇਟਿਵਜ਼ ਨੇ ਪੋਇਲੀਵਰ ਦਾ ਸਮਰਥਨ ਕੀਤਾ ਹੈ, ਪਰ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵਰਗੇ ਨੇਤਾਵਾਂ ਦੀ ਗੈਰਹਾਜ਼ਰੀ ਨੇ ਪਾਰਟੀ ਅੰਦਰ ਵੰਡੀਆਂ ਨੂੰ ਉਜਾਗਰ ਕੀਤਾ।










# ਬੀ.ਸੀ. ਦੀ ਫਿਊਜ਼ਨ ਐਨਰਜੀ ਕੰਪਨੀ ਨੇ ਕੀਤੀ ਕਰਮਚਾਰੀਆਂ ਦੀ ਛਾਂਟੀ




**ਵੈਨਕੂਵਰ (ਏਕਜੋਤ ਸਿੰਘ):** ਕੈਨੇਡਾ ਦੀ ਪ੍ਰਸਿੱਧ ਨਵਾਟਕ ਫਿਊਜ਼ਨ ਐਨਰਜੀ ਕੰਪਨੀ ਜਨਰਲ ਫਿਊਜ਼ਨ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਨੂੰ ਆਪਣੀ ਟੀਮ ਨੂੰ ਘਟਾਉਣ ਅਤੇ ਆਪਣੀਆਂ ਕਾਰਵਾਈਆਂ ਵਿੱਚ ਕਟੌਤੀ ਕਰਨੀ ਪਈ ਹੈ। ਇਸ ਦੇ ਪਿੱਛੇ ਕਾਰਨ ਦਿੱਤਾ ਗਿਆ ਹੈ "ਤੇਜ਼ੀ ਨਾਲ ਬਦਲ ਰਿਹਾ ਸਿਆਸੀ ਅਤੇ ਮਾਰਕੀਟ ਮਾਹੌਲ ਹੈ।"

ਹਾਲਾਂਕਿ, ਇਨ੍ਹਾਂ ਕੁਝ ਕਾਮਯਾਬੀਆਂ ਦੇ ਬਾਵਜੂਦ, ਕੰਪਨੀ ਹੁਣ ਇੱਕ ਅਜਿਹੇ ਆਰਥਿਕ ਅਤੇ ਭੌਗੋਲਿਕ-ਰਾਜਨੀਤਿਕ ਦੌਰ ਵਿੱਚ ਫਸੀ ਹੈ ਜਿਸ ਕਰਕੇ ਉਸਨੂੰ ਆਪਣੀਆਂ ਵਿਕਾਸ ਕਾਰਵਾਈਆਂ ਨੂੰ ਰੋਕਣ ਦੀ ਨੌਬਤ ਆ ਗਈ ਹੈ। ਗ੍ਰੈਗ ਟਵਿਨੀ ਨੇ ਕਿਹਾ, "ਸਾਡੀ ਮਿਸ਼ਨ ਨੂੰ ਹੁਣ ਤੱਕ ਮਜ਼ਬੂਤ ਨਿੱਜੀ ਨਿਵੇਸ਼ਕਾਂ ਅਤੇ ਕੈਨੇਡੀਅਨ ਫੈਡਰਲ ਸਰਕਾਰ ਵਲੋਂ ਵਿੱਤੀ ਸਹਿਯੋਗ ਮਿਲਦਾ ਆ ਰਿਹਾ ਸੀ। ਪਰ ਅੱਜ ਦੀ ਵਿੱਤੀ ਹਕੀਕਤ ਬਹੁਤ ਹੀ ਔਖੀ ਹੋ ਚੁੱਕੀ ਹੈ। ਦੁਨੀਆ ਭਰ ਦੀਆਂ ਸਰਕਾਰੀ ਤੌਰ 'ਤੇ ਚਲ ਰਹੀਆਂ ਫਿਊਜ਼ਨ ਪ੍ਰੋਗਰਾਮਾਂ ਦੇ ਖਿਲਾਫ਼ ਸਾਡੇ ਲਈ ਮੁਕਾਬਲਾ ਕਰਨਾ ਮੁਸ਼ਕਲ ਹੋ ਗਿਆ ਹੈ।"

ਉਨ੍ਹਾਂ ਆਖਿਆ ਕਿ ਅਚਾਨਕ ਆਏ ਵਿੱਤੀ ਦਬਾਅ ਕਾਰਨ, ਕੰਪਨੀ ਨੂੰ ਆਪਣੀ ਟੀਮ ਦਾ ਅਕਾਰ ਘਟਾਉਣਾ ਪਿਆ ਅਤੇ ਕੰਪਨੀ ਨੂੰ ਕਰਮਚਾਰੀਆਂ ਦੀ ਛਾਂਟੀ ਲਈ ਸਖ਼ਤ ਫੈਸ਼ਲਾ ਲੈਣਾ ਪੈ ਰਿਹਾ ਹੈ।

ਕੰਪਨੀ ਨੇ ਐਲਾਨ ਕੀਤਾ ਹੈ ਕਿ ਉਹ ਹੁਣ ਨਵੇਂ ਨਿਵੇਸ਼ਕਾਂ, ਖਰੀਦਦਾਰਾਂ, ਸਰਕਾਰੀ ਭਾਗੀਦਾਰਾਂ ਅਤੇ ਹੋਰ ਰੁਚੀ ਰੱਖਣ ਵਾਲਿਆਂ ਦੀ ਭਾਲ ਕਰ ਰਹੀ ਹੈ ਜੋ ਉਨ੍ਹਾਂ ਦੀ ਨਵੀਨਤਮ ਵਿਦਯੁਤ ਤਕਨੀਕ ਨੂੰ ਅਗੇ ਵਧਾਉਣ ਵਿੱਚ ਰੁਚੀ ਰੱਖਦੇ ਹਨ। This report was written by Ekjot Singh as part of the Local Journalism Initiative.


## Are you looking to Buy, Sell or Invest in Properties?

**We Can Help!** for a Free market evaluation of your property, contact

ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਪਲਾਟ
ਜਾਂ ਵਪਾਰਕ ਜਾਇਦਾਦ ਖਰੀਦਣ ਅਤੇ ਵੇਚਣ ਵੇਲੇ

ਇਮਾਨਦਾਰ ਸੇਵਾਵਾਂ ਲਈ ਅੱਜ ਹੀ ਮਿਲੋ।

**Amarpal Singh | Call : 604.338.7310**

1200 W 73rd Ave Unit 828, Vancouver, BC V6P 6G5

# HOUSE FOR SALE

## 9213 133rd Street Surrey B.C., V3V7E3




Conveniently located in the heart of Surrey, this sought-after home is near Elementary and Secondary School, making it ideal for families. It also offers easy access to King George SkyTrain Station and nearby hospitals. This charming three-level split home features a spacious kitchen with oak cabinets and a cozy eating area. Additionally, it includes a two-bedroom unauthorized basement suite, perfect for rental income or extended family. The large backyard provides ample outdoor space, Situated in a quiet cul-de-sac, this home offers both comfort and convenience

## 15108 83A Avenue, Surrey, BC, V3S8R9




a beautifully maintained home in Surrey's sought-after Bear Creek Green Timbers neighbourhood. Nestled on a 7,153 sq. ft. lot, this spacious home offers the perfect blend of comfort and functionality. With multiple bedrooms and bathrooms, it's ideal for growing families or those who love to entertain. Step inside to discover a bright and inviting layout featuring two cozy fireplaces, large windows, and well-appointed living spaces. The generously sized kitchen offers plenty of storage and overlooks the backyard-perfect for family gatherings. Outside, enjoy a private, landscaped yard with ample space for relax. Enjoy breathtaking views of Mount Baker and the valley from this desirable corner lot. Walking distance to both elementary and high schools. Viewings by appointment only.

## Guru Nanak's Free Kitchen

LOVE ALL, FEED ALL

### ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

**778-895-1453, 604-771-7170**

# ਭਾਈ ਪਰਮਜੀਤ ਸਿੰਘ ਖਾਲਸਾ ਅਨੰਦਪੁਰ ਸਾਹਿਬ ਦੇ ਗੁਰਦੁਆਰਾ ਬੰਦਾ ਸਿੰਘ ਬਹਾਦਰ ਐਬਸਫੋਰਡ ਵਿਖੇ 12 ਮਈ ਤੋਂ 25 ਮਈ ਤੱਕ ਕਥਾ ਸਮਾਗਮ



ਐਬਸਫੋਰਡ : ਪ੍ਰਸਿੱਧ ਪੰਥਕ ਵਿਦਵਾਨ ਭਾਈ ਸਾਹਿਬ ਭਾਈ ਪਰਮਜੀਤ ਸਿੰਘ ਖਾਲਸਾ, ਅਨੰਦਪੁਰ ਸਾਹਿਬ ਵਾਲੇ ਗੁਰਦੁਆਰਾ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਐਬਸਫੋਰਡ ਵਿਖੇ 12 ਮਈ ਤੋਂ 25 ਮਈ ਤੱਕ ਹਾਜ਼ਰੀ ਲਵਾ ਰਹੇ ਹਨ। ਪ੍ਰਬੰਧਕਾਂ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਰੋਜ਼ਾਨਾ ਸ਼ਾਮ ਨੂੰ ਸ਼ਾਮ ਨੂੰ 7.30 ਤੋਂ ਲੈ ਕੇ 8.30 ਵਜੇ ਤੱਕ ਦੀਵਾਨ ਸਜਣਗੇ, ਜਦਕਿ ਵੀਕਐਂਡ 'ਤੇ ਐਤਵਾਰ ਨੂੰ ਦੀਵਾਨ ਬਾਅਦ ਦੁਪਹਿਰ 12.30 ਤੋਂ 1.30 ਵਜੇ ਤੱਕ ਸਜਣਗੇ। ਜ਼ਿਕਰਯੋਗ ਹੈ ਕਿ ਭਾਈ ਪਰਮਜੀਤ ਸਿੰਘ ਖਾਲਸਾ ਵੱਖ-ਵੱਖ ਕੇਂਦਰੀ ਸਿੱਖ ਅਸਥਾਨ ਸਾਹਿਬਾਨਾਂ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਖੀ ਪ੍ਰਚਾਰ ਦੀ ਸੇਵਾ ਨਿਭਾ ਰਹੇ ਹਨ ਅਤੇ ਕੌਮ 'ਚ ਪਏ ਭਰਮ -ਭੁਲੇਖਿਆਂ ਨੂੰ ਦੂਰ ਕਰਨ ਲਈ ਸਿੱਖੀ ਸਿਧਾਂਤਾਂ ਅਤੇ ਗੁਰਮਤਿ ਮਰਿਆਦਾ ਅਨੁਸਾਰ, ਦ੍ਰਿੜ ਬੁਲਾਰੇ ਵਜੋਂ ਸਮਰਪਿਤ ਹਨ। ਭਾਈ ਸਾਹਿਬ ਦੇ ਇਹਨਾਂ ਪ੍ਰੋਗਰਾਮਾਂ ਬਾਰੇ ਹੋਰ ਜਾਣਕਾਰੀ ਲਈ ਭਾਈ ਰਾਜਵਿੰਦਰ ਸਿੰਘ ਹੁਰਾਂ ਨਾਲ ਫੋਨ ਨੰਬਰ 778 240 0629 ਅਤੇ ਗੁਰਦੁਆਰਾ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਐਬਸਫੋਰਡ ਵਿਖੇ 604 746 1700 ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗ਼ਜ਼ਲ ਮੰਚ ਸਰੀ ਵੱਲੋਂ ਗ਼ਜ਼ਲ ਗਾਇਕੀ ਦੀ ਸੁਰਮਈ ਸ਼ਾਮ 11 ਮਈ 2025 ਨੂੰ

**ਸਰੀ, (ਹਰਦਮ ਮਾਨ):** ਗ਼ਜ਼ਲ ਮੰਚ ਸਰੀ ਵੱਲੋਂ 11 ਮਈ 2025 (ਐਤਵਾਰ) ਨੂੰ ਰਿਫਲੈਕਸ਼ਨ ਬੈਂਕੁਇਟ ਹਾਲ ਸਰੀ (6638 152 ਏ ਸਟਰੀਟ) ਵਿਖੇ ਗ਼ਜ਼ਲ ਗਾਇਕੀ ਦੀ ਸੁਰਮਈ ਸ਼ਾਮ ਮਨਾਈ ਜਾ ਰਹੀ ਹੈ। ਗ਼ਜ਼ਲ ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਦੱਸਿਆ ਹੈ ਕਿ ਬੀ.ਸੀ. ਦੇ ਉੱਘੇ ਬਿਜ਼ਨਸਮੈਨ ਅਤੇ ਸਾਹਿਤ, ਕਲਾ ਤੇ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਵਾਲੇ ਜਤਿੰਦਰ ਜੇ ਮਿਨਹਾਸ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਈ ਜਾ ਰਹੀ ਇਸ ਗ਼ਜ਼ਲ ਮਹਿਫ਼ਿਲ ਵਿਚ ਉੱਤਰੀ ਅਮਰੀਕਾ ਦੇ ਉੱਘੇ ਗ਼ਜ਼ਲ ਗਾਇਕ ਸੁਖਦੇਵ ਸਾਹਿਲ (ਕੈਲੀਫੋਰਨੀਆ), ਭਗਤਜੀਤ ਸਿੰਘ, ਪਰਖਜੀਤ ਸਿੰਘ, ਸੋਨਲ ਅਤੇ ਡਾ. ਰਣਦੀਪ ਮਲਹੋਤਰਾ ਆਪਣੇ ਸੁਰੀਲੇ ਸੁਰਾਂ ਨਾਲ ਸੰਗੀਤ ਪ੍ਰੇਮੀਆਂ ਨੂੰ ਸਰਸ਼ਾਰ ਕਰਨਗੇ। ਉਨ੍ਹਾਂ ਦੱਸਿਆ ਕਿ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਚੱਲਣ ਵਾਲੀ ਇਸ ਸੰਗੀਤਕ ਮਹਿਫ਼ਿਲ ਦਾ ਆਨੰਦ ਮਾਣਨ ਲਈ ਦਾਖ਼ਲਾ ਬਿਲਕੁਲ ਮੁਫ਼ਤ ਹੈ




ਅਤੇ ਸਾਹਿਤ, ਕਲਾ, ਸੰਗੀਤ ਨਾਲ ਲਗਾਓ ਰੱਖਣ ਵਾਲੇ ਹਰ ਸ਼ਖ਼ਸ ਨੂੰ ਇਸ ਵਿਚ ਸ਼ਾਮਲ ਹੋਣ ਲਈ ਗ਼ਜ਼ਲ ਮੰਚ ਵੱਲੋਂ ਖੁੱਲ੍ਹਾ ਸੱਦਾ ਹੈ।

# ਵਿੰਡਸਰ 'ਚ 77 ਵੋਟਾਂ ਨਾਲ ਹਾਰਨ ਵਾਲੇ ਲਿਬਰਲ ਉਮੀਦਵਾਰ ਨੇ ਵੋਟਾਂ ਦੀ ਮੁੜ ਗਿਣਤੀ ਦੀ ਕੀਤੀ ਮੰਗ

## ਇਰੈਕ ਕਜ਼ਮੀਅਰਚਕ ਨੇ ਅਦਾਲਤ 'ਚ ਦਿੱਤੀ ਅਰਜ਼ੀ, ਨਤੀਜੇ 'ਤੇ ਸਵਾਲ

**ਵਿੰਡਸਰ, (ਏਕਜੋਤ ਸਿੰਘ):** ਹਾਲ ਹੀ ਵਿਚ ਹੋਈਆਂ 2025 ਦੀਆਂ ਫੈਡਰਲ ਚੋਣਾਂ ਦੌਰਾਨ ਵਿੰਡਸਰ-ਟੇਕਮਸੇਹ-ਲੇਕਸ਼ੋਰ ਰਾਈਡਿੰਗ ਤੋਂ ਸਿਰਫ਼ 77 ਵੋਟਾਂ ਦੇ ਫਰਕ ਨਾਲ ਹਾਰਨ ਵਾਲੇ ਲਿਬਰਲ ਉਮੀਦਵਾਰ ਇਰੈਕ ਕਜ਼ਮੀਅਰਚਕ ਨੇ ਵੋਟਾਂ ਦੀ ਨਿਆਇਕ ਮੁੜ ਗਿਣਤੀ ਦੀ ਮੰਗ ਲਈ ਅਦਾਲਤ 'ਚ ਅਰਜ਼ੀ ਦਿੱਤੀ ਹੈ। ਇਰੈਕ ਨੇ ਅੱਜ ਆਪਣੀ ਸੋਸ਼ਲ ਮੀਡੀਆ ਪੋਸਟ ਰਾਹੀਂ ਦੱਸਿਆ ਕਿ ਉਨ੍ਹਾਂ ਦੀ ਹਾਰ ਅਤੇ ਕੰਜ਼ਰਵੇਟਿਵ ਉਮੀਦਵਾਰ ਦੀ ਜਿੱਤ ਵਿਚਕਾਰ ਜੋ ਫ਼ਰਕ ਹੈ, ਉਹ ਇਲੈਕਸ਼ਨਜ਼ ਕੈਨੇਡਾ ਵੱਲੋਂ ਆਟੋਮੈਟਿਕ ਰੀਕਾਊਂਟ ਸ਼ੁਰੂ ਕਰਨ ਦੇ ਨਿਰਧਾਰਿਤ ਮਿਆਰ ਤੋਂ ਸਿਰਫ਼ 7 ਵੋਟਾਂ ਘੱਟ ਹੈ। ਉਨ੍ਹਾਂ ਨੇ ਲਿਖਿਆ, "ਇਤਿਹਾਸਕ ਤੌਰ 'ਤੇ, ਇਲੈਕਸ਼ਨ ਗਿਣਤੀਆਂ ਵਿਚ ਗਲਤੀਆਂ ਆਮ ਹਨ। ਅਸੀਂ ਪਹਿਲਾਂ ਹੀ ਚੋਣਾਂ ਵਾਲੀ ਰਾਤ ਨੂੰ ਪੋਲਿੰਗ ਸਟੇਸ਼ਨਾਂ ਵੱਲੋਂ ਭੇਜੀਆਂ ਰਿਪੋਰਟਾਂ ਵਿੱਚ ਚਾਰ ਗਲਤੀਆਂ ਦੀ ਪਛਾਣ ਕੀਤੀ ਹੈ। ਇਨ੍ਹਾਂ ਦੀ ਸੋਧ ਤੋਂ ਬਾਅਦ ਮੇਰੀ ਹਾਰ ਦਾ ਅੰਤਰ 233 ਤੋਂ ਘਟ ਕੇ 77 ਵੋਟਾਂ ਰਹਿ ਗਿਆ।"




ਇਲੈਕਸ਼ਨਜ਼ ਕੈਨੇਡਾ ਵੱਲੋਂ ਜਾਰੀ ਅੰਤਿਮ ਅੰਕੜਿਆਂ ਅਨੁਸਾਰ, ਕੰਜ਼ਰਵੇਟਿਵ ਉਮੀਦਵਾਰ ਕੈਥੀ ਬੋਰੇਲੀ ਨੇ 32,062 ਵੋਟਾਂ ਨਾਲ ਜਿੱਤ ਹਾਸਿਲ ਕੀਤੀ, ਜੋ ਕਿ 45.8% ਵੋਟ ਸ਼ੇਅਰ ਬਣਦਾ ਹੈ। ਦੂਜੇ ਪਾਸੇ, ਇਰੈਕ ਕਜ਼ਮੀਅਰਚਕ ਨੇ 31,985 ਵੋਟਾਂ ਹਾਸਿਲ ਕੀਤੀਆਂ, ਜੋ ਕਿ 45.7% ਦੇ ਬਰਾਬਰ ਹਨ।

ਇਹ ਹਾਰ ਉਨ੍ਹਾਂ ਲਈ ਨਿਰਾਸ਼ਾਜਨਕ ਹੈ, ਕਿਉਂਕਿ ਇਰੈਕ 2019 ਅਤੇ 2021 ਦੀਆਂ ਪਿਛਲੀਆਂ ਦੋ ਚੋਣਾਂ ਵਿਚ ਇਹ ਸੀਟ ਜਿੱਤ ਚੁੱਕੇ ਹਨ। ਉਨ੍ਹਾਂ ਨੇ ਦਲੀਲ ਦਿੱਤੀ ਕਿ ਇਸ ਵਾਰੀ ਦਾ ਨਤੀਜਾ ਉਨ੍ਹਾਂ ਦੇ ਚੋਣੀ ਇਤਿਹਾਸ ਤੋਂ ਸਪੱਸ਼ਟ ਤੌਰ 'ਤੇ ਵੱਖਰਾ ਹੈ ਅਤੇ ਨਿਆਇਕ ਰੀਕਾਊਂਟ ਜ਼ਰੂਰੀ ਹੈ।

ਇਰੈਕ ਨੇ ਆਪਣੀ ਅਰਜ਼ੀ ਵਿਚ ਕਿਹਾ ਕਿ ਵੋਟਾਂ ਦੀ ਮੁੜ ਗਿਣਤੀ ਨਾਲ ਸਚਾਈ ਸਾਹਮਣੇ ਆ ਸਕਦੀ ਹੈ ਅਤੇ ਚੋਣੀ ਨਤੀਜੇ 'ਤੇ ਲੋਕਾਂ ਦਾ ਭਰੋਸਾ ਬਣਿਆ ਰਹੇਗਾ। ਹੁਣ ਇਹ ਅਦਾਲਤ 'ਤੇ ਨਿਰਭਰ ਕਰੇਗਾ ਕਿ ਕੀ ਉਹ ਰੀਕਾਊਂਟ ਦੀ ਮਨਜ਼ੂਰੀ ਦਿੰਦੀ ਹੈ ਜਾਂ ਨਹੀਂ।

ਕੈਨੇਡਾ ਦੇ ਚੋਣ ਕਾਨੂੰਨਾਂ ਅਨੁਸਾਰ, ਜੇਕਰ ਵੋਟਾਂ ਦਾ ਫਰਕ ਆਟੋਮੈਟਿਕ ਰੀਕਾਊਂਟ ਦੀ ਸੀਮਾ ਤੋਂ ਥੋੜ੍ਹਾ ਜਿਹਾ ਵੱਧ ਹੋਵੇ, ਤਾਂ ਉਮੀਦਵਾਰ ਹਾਈਕੋਰਟ ਵਿਚ ਪਟੀਸ਼ਨ ਰਾਹੀਂ ਨਿਆਇਕ ਰੀਕਾਊਂਟ ਦੀ ਮੰਗ ਕਰ ਸਕਦੇ ਹਨ।

ਇਸ ਨਤੀਜੇ ਨੇ ਨੈਸ਼ਨਲ ਪੱਧਰ 'ਤੇ ਵੀ ਧਿਆਨ ਖਿੱਚਿਆ ਹੈ, ਕਿਉਂਕਿ ਵਿੰਡਸਰ-ਟੇਕਮਸੇਹ-ਲੇਕਸ਼ੋਰ ਇੱਕ ਐਸੀ ਰਾਈਡਿੰਗ ਹੈ ਜਿੱਥੇ ਹਮੇਸ਼ਾਂ ਵੋਟਰਾਂ ਵਿਚ ਹਲਚਲ ਰਹੀ ਹੈ। ਇਹ ਨਤੀਜਾ ਟਰੂਡੋ ਦੀ ਲਿਬਰਲ ਪਾਰਟੀ ਲਈ ਇੱਕ ਝਟਕੇ ਵਜੋਂ ਵੇਖਿਆ ਜਾ ਰਿਹਾ ਹੈ। This report was written by Ekjot Singh as part of the Local Journalism Initiative.

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ
SINCE 1997
SANJHA PUNJAB
ਸਾਂਝਾ ਪੰਜਾਬ ਸਵੀਟਸ
ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।
100% Vegitarian
Special Rates for Gurdwara & Mandir



CONTACT : SATJINDER SAMRA
604-930-9099
E-mail : sanjhapunjabsweets@gmail.com | Website : www.sanjhapunjabsweets.com
1-B 12830 96 Ave, Surrey, BC V3V 6A8

Keep Smiling Denture Clinic
Complete Denture · Implant Denture · Partial Denture
Care Home Mobile S... ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।



Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
6834 King George Blvd Surrey BC | 2644 Cyril St Abbotsford BC

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• Rachhpal Singh Gill
ਸੰਪਾਦਕ (ਕਾਰਜਕਾਰੀ)
604-616-2171

Funded by the Government of Canada | Financé par le gouvernement du Canada | Canada

ADVISORY BOARD

• Karamjit Singh Butter
Journalist,

• Gurlal Singh
Journalist,

• Hardam Singh Maan
Surrey
604-308-6663

• Virpal Singh Bhagta
News Reporter | Punjab
+91 96532 00226

• Ekjot Singh
News Reporter

Printed & Published in Canada by :
International Punjabi Tribune Inc.

604-584-5577 (Office)
punjabitribune
iptribune@gmail.com
www.punjabitribune.ca
punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਕੈਨੇਡਾ ਵਿੱਚ ਜਾਨਵਰਾਂ ਦੀ ਸਾਂਭ ਸੰਭਾਲ ਲਈ ਬਣੇ ਕਾਨੂੰਨ

## ਲੋਕ ਜੀਵਨ ਲਈ ਵੱਡੀ ਸਹੂਲਤ

**ਲਿਖਤ : ਪ੍ਰਿੰ. ਵਿਜੈ ਕੁਮਾਰ**
**ਸੰਪਰਕ : 98726 - 27136**



ਕਿਸੇ ਵੀ ਮੁਲਕ ਦੇ ਕਾਨੂੰਨ ਉਸ ਮੁਲਕ ਦੀਆਂ ਸਰਕਾਰਾਂ ਦੀ ਸਿਆਣਪ, ਸੂਝ ਬੂਝ ਓ ਤੇ ਉਨ੍ਹਾਂ ਦੀ ਆਪਣੇ ਦੇਸ਼ ਦੇ ਲੋਕਾਂ ਪ੍ਰਤੀ ਫਿਕਮੰਦੀ ਦੀ ਹਾਮੀ ਭਰਦੇ ਹਨ। ਕਾਨੂੰਨੀ ਸ਼ਕਤੀ ਹੀ ਉਥੋਂ ਦੇ ਲੋਕਾਂ ਨੂੰ ਅਪਰਾਧ ਕਰਨ, ਬਦਅਮਨੀ ਫੈਲਾਉਣ ਤੋਂ ਰੋਕਦੀ ਹੈ ਅਤੇ ਨਿਯਮਾਂ ਵਿੱਚ ਰਹਿਕੇ ਜ਼ਿੰਦਗੀ ਜਿਊਣ ਵੱਲ ਨੂੰ ਤੋਰਦੀ ਹੈ। ਸਰਕਾਰਾਂ ਦਾ ਕੰਮ ਕੇਵਲ ਕਾਨੂੰਨ ਬਣਾਉਣਾ ਹੀ ਨਹੀਂ ਹੁੰਦਾ, ਸਗੋਂ ਆਪਣੇ ਸਿਆਸੀ ਹਿਤਾਂ ਤੋਂ ਲਾਂਭੇ ਹੋ ਕੇ ਲੋਕ ਹਿਤਾਂ ਵਾਸਤੇ ਉਨ੍ਹਾਂ ਨੂੰ ਸਖਤੀ ਨਾਲ ਲਾਗੂ ਕਰਨਾ ਵੀ ਹੁੰਦਾ ਹੈ। ਸਖਤੀ ਅਤੇ ਇਮਾਨਦਾਰੀ ਨਾਲ ਲਾਗੂ ਕੀਤੇ ਕਾਨੂੰਨ ਸਰਕਾਰਾਂ ਦੇ ਅਕਸ ਨੂੰ ਚੰਗਾ ਬਣਾਉਂਦੇ ਹਨ ਤੇ ਲੋਕਾਂ ਨੂੰ ਅਮਨ ਚੈਨ ਦੀ ਜ਼ਿੰਦਗੀ ਜਿਊਣ ਦਾ ਸਾਧਨ ਬਣਦੇ ਹਨ। ਪਰ ਕਾਨੂੰਨ ਬਣਾਕੇ ਉਨ੍ਹਾਂ ਨੂੰ ਸਖਤੀ ਨਾਲ ਲਾਗੂ ਨਾ ਕਰ ਸਕਣ ਵਾਲੀਆਂ ਸਰਕਾਰਾਂ ਖੁਦ ਤਾਂ ਮਜ਼ਾਕ ਦਾ ਪਾਤਰ ਬਣਦੀਆਂ ਹੀ ਹਨ ਅਤੇ ਨਾਲ ਹੀ ਲੋਕਾਂ ਅਤੇ ਦੇਸ਼ ਲਈ ਕਈ ਸਮੱਸਿਆਵਾਂ ਵੀ ਖੜ੍ਹੀਆਂ ਕਰਦੀਆਂ ਹਨ।

ਕੈਨੇਡਾ ਦੇ ਚੰਗੇ ਕਾਨੂੰਨਾਂ ਵਿੱਚੋਂ ਇੱਕ ਕਾਨੂੰਨ ਜਾਨਵਰ ਰੱਖਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਲਈ ਬਣਾਇਆ ਗਿਆ ਇੱਕ ਕਾਨੂੰਨ ਵੀ ਹੈ। ਇਸ ਦੇਸ਼ ਵਿੱਚ ਜਦੋਂ ਦੂਜੇ ਦੇਸ਼ਾਂ ਵਿੱਚੋਂ ਲੋਕ ਘੁੰਮਣ ਫਿਰਨ ਜਾਂ ਇੱਥੇ ਪੱਕੇ ਤੌਰ 'ਤੇ ਰਹਿਣ ਲਈ ਆਉਂਦੇ ਹਨ ਤਾਂ ਉਹ ਇਹ ਵੇਖਕੇ ਬਹੁਤ ਹੈਰਾਨ ਰਹਿ ਜਾਂਦੇ ਹਨ ਕਿ ਸੜਕਾਂ ਉੱਤੇ ਗੰਦਗੀ ਦੇ ਢੇਰ ਵਿਖਾਈ ਨਹੀਂ ਦਿੰਦੇ, ਕਿਧਰੇ ਵੀ ਅਵਾਰਾ ਜਾਨਵਰ ਘੁੰਮਦੇ ਨਜ਼ਰ ਨਹੀਂ ਆਉਂਦੇ। ਲੋਕਾਂ ਨੇ ਆਪਣੇ ਘਰਾਂ ਦੇ ਅੱਗੇ ਪਸ਼ੂ ਨਹੀਂ ਬੰਨ੍ਹੇ ਹੋਏ ਅਤੇ ਨਾ ਹੀ ਗਲੀਆਂ, ਸੜਕਾਂ ਅਤੇ ਜਨਤਕ ਥਾਵਾਂ ਉੱਤੇ ਗੋਹੇ ਦੇ ਢੇਰ ਲੱਗੇ ਹੋਏ ਵਿਖਾਈ ਦਿੰਦੇ ਹਨ। ਇਹ ਸਾਰਾ ਕੁਝ ਜਾਨਵਰਾਂ ਦੀ ਸਾਂਭ ਸੰਭਾਲ ਲਈ ਸਰਕਾਰ ਵੱਲੋਂ ਬਣਾਏ ਗਏ ਕਾਨੂੰਨ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਣਾ ਕਰਵਾਉਣ ਕਰਕੇ ਹੀ ਹੈ। ਜਾਨਵਰਾਂ ਲਈ ਕਾਨੂੰਨ ਤਾਂ ਭਾਰਤ ਵਿੱਚ ਵੀ ਬਣੇ ਹੋਏ ਪਰ ਉਨ੍ਹਾਂ ਨੂੰ ਲਾਗੂ ਕਰਨ ਵਾਲੀਆਂ ਨਾ ਤਾਂ ਸਰਕਾਰਾਂ ਸੰਜੀਦਾ ਹਨ ਅਤੇ ਨਾ ਹੀ ਕਾਨੂੰਨਾਂ ਦਾ ਪਾਲਣ ਕਰਨ ਵਾਲੇ ਲੋਕ ਇਮਾਨਦਾਰ ਹਨ। ਸਾਡੇ ਦੇਸ਼ ਵਾਂਗ ਕੈਨੇਡਾ ਵਿੱਚ ਕਾਨੂੰਨ ਤੋੜਨ ਵਾਲੇ ਨੂੰ ਨੋਟਿਸ ਨਹੀਂ ਭੇਜੇ ਜਾਂਦੇ ਸਗੋਂ ਸਿੱਧਾ ਜੁਰਮਾਨਾ ਕੀਤਾ ਜਾਂਦਾ ਹੈ। ਸਾਡੇ ਮੁਲਕ ਵਾਂਗ ਨਾ ਤਾਂ ਕਾਨੂੰਨਾਂ ਵਿੱਚ ਚੋਰ ਮੋਰੀਆਂ ਹਨ ਤੇ ਨਾ ਹੀ ਲੋਕ ਨੁਮਾਇੰਦੇ ਕਾਨੂੰਨ ਤੋੜਨ ਵਾਲੇ ਦੋਸ਼ੀਆਂ ਨੂੰ ਛੱਡਣ ਲਈ ਫੋਨ ਕਰਦੇ ਹਨ।

ਸਾਡੇ ਦੇਸ਼ ਦੇ ਲੋਕ ਜਦੋਂ ਕਿਸੇ ਅਪਰਾਧ ਦਾ ਖੁਦ ਸ਼ਿਕਾਰ ਹੁੰਦੇ ਹਨ, ਉਦੋਂ ਉਹ ਕਾਨੂੰਨਾਂ ਦੀ ਬਹੁਤ ਦੁਹਾਈ ਪਾਉਂਦੇ ਹਨ ਪਰ ਉਹੀ ਲੋਕ ਜਦੋਂ ਆਪ ਅਪਰਾਧ ਕਰਕੇ ਦੂਜੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ ਤਾਂ ਉਹ ਉਨ੍ਹਾਂ ਕਾਨੂੰਨਾਂ ਤੋਂ ਬਚਣ ਦਾ ਯਤਨ ਕਰਦੇ ਹਨ। ਕੈਨੇਡਾ ਵਿੱਚ ਜੇਕਰ ਪਾਲਤੂ ਜਾਨਵਰਾਂ ਕੁੱਤਿਆਂ, ਘੋੜਿਆਂ ਬਿੱਲੀਆਂ, ਖ਼ਰਗੋਸ਼ਾਂ ਅਤੇ ਤੋਤਿਆਂ ਦੀ ਗੱਲ ਕੀਤੀ ਜਾਵੇ ਤਾਂ ਇਸ ਮੁਲਕ ਦੇ ਲੋਕ ਉਨ੍ਹਾਂ ਨੂੰ ਕੇਵਲ ਰੱਖਦੇ ਹੀ ਨਹੀਂ, ਸਗੋਂ ਉਨ੍ਹਾਂ ਨੂੰ ਬੇਹੱਦ ਪਿਆਰ ਵੀ ਕਰਦੇ ਹਨ। ਇਸ ਮੁਲਕ ਦਾ ਸਮਾਜਿਕ ਵਰਤਾਰਾ ਇਹ ਹੈ ਕਿ ਗੋਰਿਆਂ ਦੇ ਬੱਚੇ ਸਕੂਲ ਕਾਲਜ ਵਿੱਚੋ ਪੜ੍ਹਕੇ ਨਿਕਲਦਿਆਂ ਹੀ ਆਪਣੇ ਮਾਂ ਬਾਪ ਨੂੰ ਛੱਡਕੇ ਬਿਨਾਂ ਵਿਆਹ ਤੋਂ ਅਲੱਗ ਰਹਿਣ ਲੱਗ ਪੈਂਦੇ ਹਨ। ਇਹ ਪਾਲਤੂ ਜਾਨਵਰ ਹੀ ਉਨ੍ਹਾਂ ਦੇ ਬੁਢਾਪੇ ਦਾ ਸਹਾਰਾ ਹੁੰਦੇ ਹਨ। ਇਹ ਲੋਕ ਜਾਨਵਰਾਂ ਨੂੰ ਬਹੁਤ ਪਿਆਰ ਕਰਦੇ ਹਨ ਤੇ ਉਨ੍ਹਾਂ ਦੀ ਸੁਚੱਜੀ ਸਾਂਭ ਸੰਭਾਲ ਵੀ ਕਰਦੇ ਹਨ। ਉਨ੍ਹਾਂ ਦੇ ਸੌਣ ਪੈਣ, ਖਾਣ ਪੀਣ ਅਤੇ ਇਲਾਜ ਦਾ ਧਿਆਨ ਆਪਣੇ ਵਾਂਗ ਹੀ ਰੱਖਦੇ ਹਨ। ਕੁੱਤਿਆਂ, ਬਿੱਲੀਆਂ ਅਤੇ ਖ਼ਰਗੋਸ਼ਾਂ ਨੂੰ ਆਪਣੇ ਸੌਣ ਵਾਲੇ ਕਮਰਿਆਂ ਵਿੱਚ ਵੀ ਸੁਲਾ ਲੈਂਦੇ ਹਨ। ਕੁੱਤਿਆਂ ਲਈ ਇਸ ਮੁਲਕ ਦੀ ਸਰਕਾਰ ਨੇ ਕੈਨੇਡਾ ਕੈਲਨ ਕਲਬ ਬਣਾਇਆ ਹੋਇਆ ਹੈ ਅਤੇ ਵੱਧ ਤੋਂ ਵੱਧ ਵੈਟਰਨਰੀ ਹਸਪਤਾਲ ਖੋਲ੍ਹੇ ਹਨ। ਘਰਾਂ ਵਿਚ ਰੱਖੇ ਹੋਏ ਕੁੱਤਿਆਂ ਦੇ ਸਰੀਰ ਵਿੱਚ ਟੀਕੇ ਨਾਲ ਰੱਖੀ ਗਈ ਚਿਪ ਦੇ ਮਾਧਿਅਮ ਰਾਹੀਂ ਉਨ੍ਹਾਂ ਕੁੱਤਿਆਂ ਦਾ ਉਸ ਕੈਲਨ ਕਲਬ ਵਿੱਚ ਪੂਰਾ ਰਿਕਾਰਡ ਹੁੰਦਾ ਹੈ। ਜਦੋਂ ਵੀ ਉਨ੍ਹਾਂ ਕੁੱਤਿਆਂ ਦੇ ਕੋਈ ਟੀਕਾ ਲੱਗਣਾ ਹੁੰਦਾ ਹੈ, ਉਦੋਂ ਉਸਦੇ ਮਾਲਕਾਂ ਨੂੰ ਕੈਲਨ ਕਲਬ ਤੋਂ ਫੋਨ ਚਲਾ ਜਾਂਦਾ ਹੈ। ਬੰਦਿਆਂ ਵਾਂਗ ਹੀ ਉਨ੍ਹਾਂ ਦੇ ਸਾਰੇ ਟੈੱਸਟ ਹੁੰਦੇ ਹਨ। ਕੁੱਤਿਆਂ ਨੂੰ ਰੱਖਣ, ਘੁਮਾਉਣ ਫਿਰਾਉਣ ਅਤੇ ਟੱਟੀ ਪਿਸ਼ਾਬ ਕਰਾਉਣ ਲਈ ਸਰਕਾਰ ਵੱਲੋਂ ਬਕਾਇਦਾ ਕਾਨੂੰਨ ਬਣਾਇਆ ਗਿਆ ਹੈ।

ਕੁੱਤੇ ਨੂੰ ਸੈਰ ਕਰਾਉਂਦਿਆਂ ਉਸ ਨੂੰ ਖੁੱਲ੍ਹਾ ਨਹੀਂ ਛੱਡਿਆ ਜਾ ਸਕਦਾ। ਉਸਦੀ ਕੀਤੀ ਹੋਈ ਟੱਟੀ ਨੂੰ ਚੁੱਕਕੇ ਕੂੜਾਦਾਨ ਵਿੱਚ ਪਾਉਣਾ ਸਬੰਧਤ ਵਿਅਕਤੀ ਦੀ ਜ਼ਿੰਮੇਵਾਰੀ ਹੁੰਦੀ ਹੈ ਤਾਂ ਕਿ ਗੰਦਗੀ ਨਾ ਫੈਲੇ। ਕੁੱਤੇ ਨੂੰ ਹਲਕਾਅ ਅਤੇ ਹੋਰ ਬਿਮਾਰੀਆਂ ਤੋਂ ਲੱਗਣ ਵਾਲੇ ਇੱਕ ਤੇ ਤਿੰਨ ਮਹੀਨੇ ਬਾਅਦ ਲੱਗਣ ਵਾਲੇ ਟੀਕੇ ਲੱਗਣੇ ਬਹੁਤ ਜ਼ਰੂਰੀ ਹੁੰਦੇ ਹਨ। ਕੁੱਤੇ ਨੂੰ ਆਵਾਰਾ ਨਹੀਂ ਛੱਡਿਆ ਜਾ ਸਕਦਾ। ਕਿਸੇ ਵੀ ਕੁੱਤੀ ਦੇ ਗਰਭਵਤੀ ਹੋਣ ਦੀ ਸੂਚਨਾ ਰੱਖਣ ਤੇ ਉਸ ਦੇ ਹੋਣ ਵਾਲੇ ਬੱਚਿਆਂ ਨੂੰ ਚਾਹਵਾਨ ਲੋਕਾਂ ਨੂੰ ਸੌਂਪਣ ਦੀ ਭੂਮਿਕਾ ਕੈਲਨ ਕਲਬ ਵੱਲੋਂ ਨਿਭਾਈ ਜਾਂਦੀ ਹੈ। ਕੁੱਤੇ ਦੇ ਮਰਨ ਅਤੇ ਉਸ ਨੂੰ ਜਲਾਉਣ ਲਈ ਸਰਕਾਰ ਵੱਲੋਂ ਬਣਾਏ ਗਏ ਕੈਲਨ ਕਲਬ ਕੋਲ ਜਾਣਾ ਪੈਂਦਾ ਹੈ ਤੇ ਉਸ ਲਈ 500 ਡਾਲਰ ਦੀ ਅਦਾਇਗੀ ਕਰਨੀ ਪੈਂਦੀ ਹੈ। ਕੁੱਤੇ ਨੂੰ ਉਹੀ ਖੁਰਾਕ ਦੇਣੀ ਪੈਂਦੀ ਹੈ ਜਿਸਦੀ ਵੈਟਰਨਟੀ ਡਾਕਟਰ ਵੱਲੋਂ ਸਿਫਾਰਸ਼ ਕੀਤੀ ਜਾਂਦੀ ਹੈ। ਕੁੱਤੇ ਨੂੰ ਬੱਸ, ਗੱਡੀ ਅਤੇ ਜਹਾਜ਼ ਵਿੱਚ ਲਿਜਾਣ ਲਈ ਵਿਸ਼ੇਸ਼ ਤੌਰ 'ਤੇ ਨਿਯਮ ਬਣਾਏ ਗਏ ਹਨ, ਜਿਸਦੀ ਸਖਤੀ ਨਾਲ ਪਾਲਣਾ ਕਰਵਾਈ ਜਾਂਦੀ ਹੈ। ਇਹੋ ਕਾਰਨ ਹੈ ਕਿ ਇਸ ਮੁਲਕ ਵਿਚ ਸਾਡੇ ਦੇਸ਼ ਵਾਂਗ ਕੁੱਤੇ ਸੜਕਾਂ ਉੱਤੇ ਅਵਾਰਾ ਨਹੀਂ ਘੁੰਮਦੇ ਤੇ ਨਾ ਹੀ ਲੋਕਾਂ ਨੂੰ ਵੱਢਕੇ ਉਨ੍ਹਾਂ ਦੀ ਜਾਨ ਲੈਂਦੇ ਹਨ। ਕਿਸੇ ਵੀ ਵਿਅਕਤੀ ਨੂੰ ਕਿਸੇ ਦੇ ਕੁੱਤੇ ਵੱਲੋਂ ਵਢੇ ਜਾਣ 'ਤੇ ਸਜ਼ਾ ਅਤੇ ਜੁਰਮਾਨਾ ਦੋਵੇਂ ਹੁੰਦੇ ਹਨ।

ਇਸੇ ਤਰ੍ਹਾਂ ਬਿੱਲੀਆਂ, ਖ਼ਰਗੋਸ਼, ਤੋਤੇ ਅਤੇ ਕਬੂਤਰ ਰੱਖਣ ਵਾਲੇ ਲੋਕਾਂ ਨੂੰ ਵੀ ਇਸ ਮੁਲਕ ਦੇ ਕਾਇਦੇ ਕਾਨੂੰਨਾਂ ਦਾ ਪਾਲਣ ਕਰਨਾ ਪੈਂਦਾ ਹੈ। ਹੁਣ ਜੇਕਰ ਦੁਧਾਰੂ ਪਸ਼ੂਆਂ, ਗਊਆਂ, ਮੱਝਾਂ, ਬੱਕਰੀਆਂ, ਭੇਡਾਂ, ਘੋੜਿਆਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਦੇ ਰੱਖਣ ਲਈ ਇਸ ਮੁਲਕ ਦੀ ਸਰਕਾਰ ਵੱਲੋਂ ਵਿਸ਼ੇਸ਼ ਕਾਨੂੰਨ ਬਣਾਏ ਗਏ ਹਨ। ਦੁਧਾਰੂ ਪਸ਼ੂਆਂ ਅਤੇ ਘੋੜਿਆਂ, ਭੇਡਾਂ ਨੂੰ ਰਿਹਾਇਸ਼ੀ ਇਲਾਕਿਆਂ ਵਿੱਚ ਰੱਖਣ ਦੀ ਇਜਾਜ਼ਤ ਨਹੀਂ ਹੈ ਤਾਂਕਿ ਰਿਹਾਇਸ਼ੀ ਇਲਕਿਆਂ ਵਿੱਚ ਗੰਦਗੀ ਨਾ ਫੈਲ ਸਕੇ। ਦੁਧਾਰੂ ਪਸ਼ੂਆਂ ਨੂੰ ਰਿਹਾਇਸ਼ੀ ਇਲਾਕਿਆਂ ਤੋਂ ਬਾਹਰ ਫਾਰਮਾਂ ਵਿੱਚ ਰੱਖਿਆ ਜਾਂਦਾ ਹੈ। ਘੋੜੇ, ਭੇਡਾਂ ਤੇ ਹੋਰ ਜਾਨਵਰ ਰੱਖਣ ਲਈ ਘਰ ਰਿਹਾਇਸ਼ੀ ਆਬਾਦੀ ਤੋਂ ਬਾਹਰ ਬਣਾਏ ਜਾਂਦੇ ਹਨ। ਦੁਧਾਰੂ ਅਤੇ ਦੂਜੇ ਪਸ਼ੂਆਂ ਦਾ ਵੈਟਰੀਨਰੀ ਹਸਪਟਲਾਂ ਵਿੱਚ ਪੂਰਾ ਪੂਰਾ ਰਿਕਾਰਡ ਹੁੰਦਾ ਹੈ। ਇਨ੍ਹਾਂ ਪਸ਼ੂਆਂ ਨੂੰ ਕੋਈ ਬਿਮਾਰੀ ਨਾ ਲੱਗ ਸਕੇ, ਇਸ ਲਈ ਉਨ੍ਹਾਂ ਦੇ ਸਮੇਂ ਸਮੇਂ 'ਤੇ ਟੀਕੇ ਲਗਵਾਉਣਾ ਤੇ ਉਨ੍ਹਾਂ ਦਾ ਚੈੱਕਅੱਪ ਕਰਵਾਉਣਾ ਮਾਲਕ ਦੀ ਜ਼ਿੰਮੇਵਾਰੀ ਹੁੰਦੀ ਹੈ। ਇਸ ਮੁਲਕ ਦਾ ਜਾਨਵਰਾਂ ਦਾ ਸਿਹਤ ਵਿਭਾਗ ਫਾਰਮਾਂ ਵਿੱਚ ਜੰਮੇ ਪਸ਼ੂਆਂ ਦਾ ਨਿਰੀਖਣ ਕਰਦਾ ਹੈ। ਜਿੰਮੇਵਾਰ ਵਿਅਕਤੀ ਵੱਲੋਂ ਕੀਤੀ ਜਾਣ ਵਾਲੀ ਕੁਤਾਹੀ ਲਈ ਉਸ ਨੂੰ ਕਾਫੀ ਰਾਸ਼ੀ ਵਾਲੇ ਜੁਰਮਾਨੇ ਕੀਤੇ ਜਾਂਦੇ ਹਨ। ਇ ਨ੍ਹਾ ਜਾਨਵਰਾਂ ਦੇ ਗੋਹੇ ਯਾਨੀ ਕਿ ਗੰਦਗੀ ਨਾਲ ਗੰਦ ਪੈਣ ਤੋਂ ਬਚਾਉਣ ਲਈ ਬਕਾਇਦਾ ਇੱਕ ਪ੍ਰਕਿਰਿਆ ਨੂੰ ਅਪਣਾਇਆ ਗਿਆ ਹੈ। ਇਹੋ ਕਾਰਨ ਹੈ ਕਿ ਇਸ ਮੁਲਕ ਵਿੱਚ ਰਿਹਾਇਸ਼ੀ ਆਬਾਦੀ ਵਿੱਚ ਘਰਾਂ ਦੇ ਅੱਗੇ ਨਾ ਤਾਂ ਪਸ਼ੂ ਬੰਨ੍ਹੇ ਮਿਲਦੇ ਹਨ ਅਤੇ ਨਾ ਹੀ ਉਨ੍ਹਾਂ ਲਈ ਬਣਾਈਆਂ ਗਈਆਂ ਝੁੱਗੀਆਂ ਦਿਸਦੀਆਂ ਹਨ, ਨਾ ਤੂੜੀ ਦੇ ਕੁੱਪ ਜਾਂ ਟਾਂਡਿਆਂ, ਗੋਹੇ ਅਤੇ ਪਾਥੀਆਂ ਦੇ ਢੇਰ।

ਸਾਡੇ ਦੇਸ਼ ਵਾਂਗ ਇਸ ਮੁਲਕ ਵਿੱਚ ਸੜਕਾਂ ਉੱਤੇ ਘੁੰਮਦੇ ਅਵਾਰਾ ਪਸ਼ੂ ਦੁਰਘਟਨਾਵਾਂ ਅਤੇ ਲੋਕਾਂ ਦੀ ਜਾਨ ਲੈਣ ਦਾ ਕਾਰਨ ਨਹੀਂ ਬਣਦੇ ਕਿਉਂਕਿ ਇਸ ਮੁਲਕ ਦੇ ਕਾਨੂੰਨ ਬਹੁਤ ਸਖ਼ਤ ਹਨ। ਕੁਝ ਲੋਕਾਂ ਦਾ ਕਹਿਣਾ ਹੈ ਕਿ ਸਾਡਾ ਦੇਸ਼ ਭਾਰਤ ਖੇਤੀ ਪ੍ਰਧਾਨ ਦੇਸ਼ ਹੈ, ਅਬਾਦੀ ਜ਼ਿਆਦਾ ਅਤੇ ਖੇਤਰਫਲ ਘੱਟ ਹੈ ਇਸ ਲਈ ਅਵਾਰਾ ਪਸ਼ੂਆਂ, ਗੰਦਗੀ ਅਤੇ ਘਾਹ ਫੂਸ ਦੇ ਕੁੱਪ ਹੋਣਾ ਸੁਭਾਵਿਕ ਹੈ। ਇਹ ਦਲੀਲ ਦੇਣ ਵਾਲੇ ਲੋਕਾਂ ਦੀ ਗੱਲ ਕਿਸੇ ਹੱਦ ਤਕ ਠੀਕ ਵੀ ਹੈ ਪਰ ਉਨ੍ਹਾਂ ਲੋਕਾਂ ਨੂੰ ਇਹ ਗੱਲ ਵੀ ਮੰਨ ਲੈਣੀ ਚਾਹੀਦੀ ਹੈ ਕਿ ਨਾ ਤਾਂ ਸਾਡੀਆਂ ਸਰਕਾਰਾਂ ਨੂੰ ਇਸ ਮੁਲਕ ਨਾਲ ਲਗਾਓ ਹੈ ਤੇ ਨਾ ਕਾਨੂੰਨ ਤੋੜਨ ਵਾਲਿਆਂ ਨੂੰ। ਇਸ ਮੁਲਕ ਦੀ ਸਰਕਾਰ ਨੇ ਜਾਨਵਰਾਂ ਦੀ ਸੁਰੱਖਿਆ ਅਤੇ ਸ਼ਿਕਾਰ ਲਈ ਵਿਸ਼ੇਸ਼ ਕਾਨੂੰਨ ਬਣਾਇਆ ਹੋਇਆ ਹੈ। ਕਿਹੜੇ ਜਾਨਵਰਾਂ ਦਾ, ਕਿਹੜੇ ਮੌਸਮ ਅਤੇ ਕਿਹੜੇ ਖੇਤਰਾਂ ਵਿੱਚ ਸ਼ਿਕਾਰ ਹੋ ਸਕਦਾ ਹੈ, ਇਹ ਸਾਰਾ ਕੁਝ ਨਿਸ਼ਚਿਤ ਕੀਤਾ ਗਿਆ ਹੈ। ਸਾਡੇ ਮੁਲਕ ਵਾਂਗ ਇਸ ਮੁਲਕ ਵਿੱਚ ਜੰਗਲੀ ਜਾਨਵਰ ਰਿਹਾਇਸ਼ੀ ਇਲਾਕਿਆਂ ਵਿੱਚ ਨਹੀਂ ਘੁੰਮਦੇ। ਜੇਕਰ ਭੁੱਲਕੇ ਆ ਵੀ ਜਾਣ ਤਾਂ ਉਹ ਲੋਕਾਂ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ।

ਸਾਡੇ ਮੁਲਕ ਦੀਆਂ ਸਰਕਾਰਾਂ ਨੂੰ ਇਹ ਗੱਲ ਕਦੋਂ ਸਮਝ ਆਵੇਗੀ ਕਿ ਸਾਫ ਸਫਾਈ, ਸਖ਼ਤ ਕਾਨੂੰਨ ਅਤੇ ਜਾਨਵਰਾਂ ਦੀ ਸਾਂਭ ਸੰਭਾਲ ਜਿੱਥੇ ਮੁਲਕ ਦੇ ਲੋਕਾਂ ਦੀ ਜ਼ਿੰਦਗੀ ਨੂੰ ਸੋਹਣਾ ਅਤੇ ਸੁਖਾਲਾ ਬਣਾਉਂਦੇ ਹਨ, ਉੱਥੇ ਅੰਤਰਰਾਸ਼ਟਰੀ ਪੱਧਰ ਉੱਤੇ ਮੁਲਕ ਦੇ ਵਕਾਰ ਨੂੰ ਚੰਗਾ ਬਣਾਉਂਦੇ ਹਨ। ਇਸ ਉਦੇਸ਼ ਦੀ ਪ੍ਰਾਪਤੀ ਲਈ ਸਰਕਾਰ ਨੂੰ ਆਪਣੇ ਬਣਾਏ ਕਾਨੂੰਨਾਂ ਵਿੱਚ ਬਣਦੇ ਸੁਧਾਰ ਕਰਕੇ ਉਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਦੇਸ਼ ਦੀ ਅਬਾਦੀ ਉੱਤੇ ਕਾਬੂ ਪਾਉਣਾ ਚਾਹੀਦਾ ਹੈ।

ਜੁਰਮਾਨੇ ਅਤੇ ਸਜ਼ਾਵਾਂ ਸਖ਼ਤ ਹੋਣੀਆਂ ਚਾਹੀਦੀਆਂ ਹਨ। ਅਵਾਰਾ ਕੁੱਤਿਆਂ ਅਤੇ ਪਸ਼ੂਆਂ ਉੱਤੇ ਹਰ ਹਾਲਤ ਵਿੱਚ ਰੋਕ ਲਗਾਉਣੀ ਚਾਹੀਦੀ ਹੈ। ਸੜਕਾਂ, ਜਨਤਕ ਥਾਵਾਂ ਅਤੇ ਸ਼ਾਮਲਾਟਾਂ ਉੱਤੇ ਗੰਦਦੀ ਦੇ ਢੇਰ ਲਗਾਉਣ, ਪਸ਼ੂ ਬੰਨ੍ਹਣ ਅਤੇ ਘਾਹ ਫੂਸ ਦੇ ਕੁੱਪ ਬਣਾਉਣ ਉੱਤੇ ਸਖ਼ਤ ਪਾਬੰਦੀ ਹੋਣੀ ਚਾਹੀਦੀ ਹੈ। ਕੁੱਤਿਆਂ ਨੂੰ ਖੁੱਲ੍ਹੇ ਛੱਡਕੇ ਨਾ ਘੁਮਾਉਣ ਅਤੇ ਉਨ੍ਹਾਂ ਦੀ ਗੰਦਗੀ ਨੂੰ ਚੁੱਕ ਕੇ ਕੂੜਾਦਾਨ ਵਿੱਚ ਪਾਉਣ ਲਈ ਸਖ਼ਤ ਹਦਾਇਤ ਕੀਤੀ ਜਾਵੇ। ਸਿਆਸੀ ਲੋਕਾਂ ਨੂੰ ਕਾਨੂੰਨ ਤੋੜਨ ਵਾਲਿਆਂ ਨੂੰ ਬਚਾਉਣਾ ਬੰਦ ਕਰਨਾ ਪਵੇਗਾ।

# ਕਲੀਨ ਬੀ.ਸੀ. ਵਲੋਂ ਜਲਵਾਯੂ ਕਾਰਵਾਈ ਨੂੰ ਮਜ਼ਬੂਤ ਕਰਨ ਲਈ ਸੂਬੇ 'ਚ ਸਮੀਖਿਆ ਸ਼ੁਰੂ

ਵਿਕਟੋਰੀਆ, (ਪਰਮਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਬੁੱਧਵਾਰ ਨੂੰ ਕਲੀਨ ਬੀ.ਸੀ. ਪ੍ਰੋਗਰਾਮਾਂ ਦੀ ਇੱਕ ਸੁਤੰਤਰ ਸਮੀਖਿਆ ਸ਼ੁਰੂ ਕਰਨ ਦਾ ਐਲਾਨ ਕੀਤਾ। ਇਸ ਦਾ ਮਕਸਦ ਵਾਧੂ ਨਿਕਾਸ ਨੂੰ ਘਟਾਉਣ, ਜੀਵਨ ਨੂੰ ਸਸਤਾ ਬਣਾਉਣ ਅਤੇ ਇੱਕ ਮਜ਼ਬੂਤ ਆਰਥਿਕਤਾ ਦਾ ਸਮਰਥਨ ਕਰਦੇ ਹੋਏ ਜਲਵਾਯੂ ਕਾਰਵਾਈ ਨੂੰ ਮਜ਼ਬੂਤ ਕਰਨਾ ਹੈ।




ਜ਼ਿਕਰਯੋਗ ਹੈ ਕਿ ਕਲੀਨਬੀਸੀ ਬੀਸੀ ਦਾ ਇੱਕ ਰੋਡਮੈਪ ਹੈ ਜੋ ਜਲਵਾਯੂ ਪ੍ਰਦੂਸ਼ਣ ਨੂੰ ਘਟਾਉਣ ਅਤੇ ਇੱਕ ਸਾਫ਼-ਸੁਥਰੀ, ਟਿਕਾਊ ਭਵਿੱਖ ਦੀ ਨੀਂਹ ਰੱਖਦਾ ਹੈ। ਸੂਬੇ ਮੁਤਾਬਕ, ਇਸ ਨੇ ਲੋਕਾਂ ਅਤੇ ਵਪਾਰਾਂ ਨੂੰ ਸਾਫ਼ ਊਰਜਾ ਵੱਲ ਸਵਿੱਚ ਕਰਨ, ਉਦਯੋਗਿਕ ਡੀਕਾਰਬਨਾਈਜ਼ੇਸ਼ਨ ਨੂੰ ਸਮਰਥਨ ਦੇਣ ਅਤੇ ਇਲੈਕਟ੍ਰਿਕ ਵਾਹਨਾਂ ਤੇ ਨਵਿਆਉਣਯੋਗ ਊਰਜਾ ਤੱਕ ਪਹੁੰਚ ਵਧਾਉਣ ਵਿੱਚ ਮਦਦ ਕੀਤੀ ਹੈ। ਪਰ ਬੀਸੀ ਦੀ ਆਬਾਦੀ ਅਤੇ ਆਰਥਿਕਤਾ ਦੇ ਤੇਜ਼ ਵਾਧੇ ਨੇ ਨਿਕਾਸ 'ਤੇ ਦਬਾਅ ਵਧਾ ਦਿੱਤਾ ਹੈ। 2024 ਦੀ ਜਲਵਾਯੂ ਬਦਲਾਅ ਜਵਾਬਦੇਹੀ ਰਿਪੋਰਟ ਮੁਤਾਬਕ, ਪ੍ਰਤੀ ਵਿਅਕਤੀ ਅਤੇ ਪ੍ਰਤੀ ਜੀਡੀਪੀ ਨਿਕਾਸ ਘਟਿਆ ਹੈ, ਪਰ ਕੁੱਲ ਨਿਕਾਸ ਸਥਿਰ ਹੈ। ਬੀਸੀ 2025 ਅਤੇ 2030 ਦੇ ਟੀਚਿਆਂ ਨੂੰ ਪੂਰਾ ਕਰਨ ਦੇ ਰਾਹ 'ਤੇ ਨਹੀਂ ਹੈ। ਇਸ ਸਮੀਖਿਆ ਦਾ ਮਕਸਦ ਕਲੀਨਬੀਸੀ ਯੋਜਨਾ ਨੂੰ ਮੌਜੂਦਾ ਹਕੀਕਤਾਂ ਅਨੁਸਾਰ ਢਾਲਣਾ ਅਤੇ 2050 ਤੱਕ ਨੈੱਟ-ਜ਼ੀਰੋ ਨਿਕਾਸ ਦੇ ਟੀਚੇ ਵੱਲ ਵਧਣਾ ਹੈ। ਊਰਜਾ ਅਤੇ ਜਲਵਾਯੂ ਹੱਲ ਮੰਤਰੀ ਐਡਰੀਅਨ ਡਿਕਸ ਨੇ ਕਿਹਾ, "ਬ੍ਰਿਟਿਸ਼ ਕੋਲੰਬੀਆ ਦੇ ਲੋਕ ਮਜ਼ਬੂਤ ਜਲਵਾਯੂ ਕਾਰਵਾਈ ਦੀ ਉਮੀਦ ਕਰਦੇ ਹਨ ਜੋ ਅੱਜ ਦੇ ਲੋਕਾਂ ਲਈ ਵੀ ਕੰਮ ਕਰੇ। ਇਹ ਸਮੀਖਿਆ ਸਾਡੀ ਯੋਜਨਾ ਨੂੰ ਕੇਂਦਰਿਤ, ਪ੍ਰਭਾਵੀ ਅਤੇ ਲੋੜੀਂਦੇ ਨਤੀਜੇ ਦੇਣ ਵਾਲੀ ਬਣਾਉਣ ਬਾਰੇ ਹੈ – ਸਾਡੀ ਆਰਥਿਕਤਾ, ਭਾਈਚਾਰਿਆਂ ਅਤੇ ਸਾਂਝੇ ਭਵਿੱਖ ਲਈ। ਅਸੀਂ ਕਲੀਨਬੀਸੀ ਦੀ ਪ੍ਰਗਤੀ ਨੂੰ ਅੱਗੇ ਵਧਾਉਂਦੇ ਹੋਏ, ਇਮਾਨਦਾਰੀ ਨਾਲ ਵੇਖ ਰਹੇ ਹਾਂ ਕਿ ਸਾਨੂੰ ਹੋਰ ਕਿੱਥੇ ਜਾਣ ਦੀ ਲੋੜ ਹੈ।"

ਇਸ ਸਮੀਖਿਆ ਦੀ ਅਗਵਾਈ ਸੁਤੰਤਰ ਜਲਵਾਯੂ ਨੀਤੀ ਮਾਹਿਰ ਮੈਰਨ ਸਮਿਥ ਅਤੇ ਡੈਨ ਵੋਇਨੀਲੋਵਿਕਜ਼ ਕਰਨਗੇ। ਉਹ ਮੌਜੂਦਾ ਪ੍ਰੋਗਰਾਮਾਂ ਅਤੇ ਨੀਤੀਆਂ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨਗੇ, ਬੀਸੀ ਦੇ ਜਲਵਾਯੂ ਟੀਚਿਆਂ ਦੀ ਜਾਂਚ ਕਰਨਗੇ ਅਤੇ ਸੁਧਾਰਾਂ ਦੀ ਸਿਫਾਰਸ਼ ਕਰਨਗੇ। ਇਸ ਪ੍ਰਕਿਰਿਆ ਵਿੱਚ ਉਹ ਆਦਿਵਾਸੀ ਲੋਕਾਂ, ਸਥਾਨਕ ਸਰਕਾਰਾਂ, ਜਲਵਾਯੂ ਹੱਲ ਕੌਂਸਲ, ਉਦਯੋਗ ਅਤੇ ਬੀਸੀ ਭਰ ਦੇ ਹਿੱਸੇਦਾਰਾਂ ਨਾਲ ਸੰਪਰਕ ਕਰਨਗੇ।

ਵੈਸਟ ਵੈਨਕੂਵਰ-ਸੀ ਟੂ ਸਕਾਈ ਤੋਂ ਐਮਐਲਏ ਅਤੇ ਅੰਤਰਿਮ ਬੀਸੀ ਗ੍ਰੀਨ ਨੇਤਾ ਜੈਰੇਮੀ ਵੈਲੇਰੀਓਟ ਨੇ ਕਿਹਾ, "ਇਹ ਸਮੀਖਿਆ ਬੀਸੀ ਵਿੱਚ ਜਲਵਾਯੂ ਕਾਰਵਾਈ ਨੂੰ ਮਜ਼ਬੂਤ ਕਰਨ ਦਾ ਮਹੱਤਵਪੂਰਨ ਮੌਕਾ ਹੈ। ਸਾਨੂੰ ਸਪੱਸ਼ਟ ਨਜ਼ਰ ਨਾਲ ਵੇਖਣਾ ਹੋਵੇਗਾ ਕਿ ਕੀ ਕੰਮ ਕਰ ਰਿਹਾ ਹੈ, ਕੀ ਨਹੀਂ, ਅਤੇ ਅਸੀਂ ਘੱਟ-ਕਾਰਬਨ, ਟਿਕਾਊ ਭਵਿੱਖ ਵੱਲ ਤੇਜ਼ੀ ਨਾਲ ਕਿਵੇਂ ਵਧ ਸਕਦੇ ਹਾਂ। ਅਸੀਂ ਇਸ ਸਮੀਖਿਆ ਦਾ ਸਮਰਥਨ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਇਹ ਸੂਬੇ ਨੂੰ ਲੋੜੀਂਦੀ ਦਲੇਰ ਜਲਵਾਯੂ ਕਾਰਵਾਈ ਵੱਲ ਲੈ ਜਾਵੇਗੀ।"

ਇਹ ਸਮੀਖਿਆ 2024 ਦੇ ਸਹਿਯੋਗ ਅਤੇ ਜਵਾਬਦੇਹ ਸਰਕਾਰ ਸਮਝੌਤੇ ਦੇ ਤਹਿਤ, ਬੀਸੀ ਸਰਕਾਰ ਅਤੇ ਬੀਸੀ ਗ੍ਰੀਨ ਕਾਕਸ ਦਰਮਿਆਨ ਨਿਰਧਾਰਤ ਸਮੇਂ ਤੋਂ ਇੱਕ ਸਾਲ ਪਹਿਲਾਂ ਸ਼ੁਰੂ ਕੀਤੀ ਗਈ ਹੈ। ਅੰਤਿਮ ਰਿਪੋਰਟ 2025 ਦੀ ਪਤਝੜ ਦੇ ਅਖੀਰ ਵਿੱਚ ਜਨਤਕ ਕੀਤੀ ਜਾਵੇਗੀ।




# ਕਿਹੋ ਜਿਹੀ ਹੋਵੇ ਸਿੱਖ ਮਾਂ ?

ਤਲਵਿੰਦਰ ਸਿੰਘ ਬੁੱਟਰ, ਫੋਨ ਨੰਬਰ: 98780-70008.

ਕਿਸੇ ਵੀ ਸਮਾਜ, ਕੌਮ, ਧਰਮ ਜਾਂ ਦੇਸ਼ ਦੇ ਭਵਿੱਖ ਦਾ ਦਾਰੋਮਦਾਰ ਮਾਂ ਵਲੋਂ ਆਪਣੇ ਬੱਚੇ ਨੂੰ ਦਿੱਤੀ ਸਿੱਖਿਆ ਅਤੇ ਦੀਖਿਆ 'ਤੇ ਨਿਰਭਰ ਕਰਦਾ ਹੈ। ਔਰਤ ਹੀ ਕਿਸੇ ਵਿਰਸੇ, ਭਾਵਨਾ ਅਤੇ ਗੁਣ ਦਾ ਪ੍ਰਸਾਰ ਸਭ ਤੋਂ ਵੱਧ ਅਸਰਦਾਰ ਤਰੀਕੇ ਨਾਲ ਕਰ ਸਕਦੀ ਹੈ। ਬੱਚੇ ਦੀ ਸ਼ਖ਼ਸੀਅਤ ਉਸਾਰੀ ਵਿਚ ਮਾਂ ਦੀ ਸਭ ਤੋਂ ਵੱਡੀ ਭੂਮਿਕਾ ਹੁੰਦੀ ਹੈ। ਮਾਂ ਬੱਚੇ ਨੂੰ ਜਨਮ ਦਿੰਦੀ ਹੈ, ਪਾਲਦੀ-ਪੋਸਦੀ ਅਤੇ ਸੰਜਮ ਦੀ ਰਹਿਣੀ-ਬਹਿਣੀ ਸਿਖਾਉਂਦੀ ਹੈ। ਆਚਾਰ-ਵਿਹਾਰ, ਸਮਾਜਿਕ ਸੱਭਿਆਚਾਰਕ ਤੇ ਧਾਰਮਿਕ ਕਦਰਾਂ-ਕੀਮਤਾਂ ਉਸ ਵਿਚ ਕੁੱਟ-ਕੁੱਟ ਕੇ ਭਰਦੀ ਹੈ। ਉਸ ਨੂੰ ਆਪਣੀ ਛਾਤੀ ਨਾਲ ਲਗਾਉਂਦੀ ਹੈ ਤਾਂ ਉਸ ਨੂੰ ਸਿਰਫ਼ ਢਿੱਡ ਭਰਨ ਜੋਗਾ ਦੁੱਧ ਹੀ ਨਹੀਂ ਪਿਲਾਉਂਦੀ ਸਗੋਂ ਉਸ ਵਿਚ ਮਨੋਬਿਰਤੀਆਂ ਦਾ ਸੰਚਾਰ ਵੀ ਕਰਦੀ ਹੈ। ਸ਼ਾਇਦ ਇਸੇ ਲਈ ਉਘੇ ਮਨੋਵਿਗਿਆਨੀ ਸਾਲੋਮਨ ਨੇ ਆਖਿਆ ਸੀ, "ਬੁੱਧੀਵਾਨ ਪੁੱਤਰ ਪਿਤਾ ਨੂੰ ਪ੍ਰਸੰਨ ਕਰਦਾ ਹੈ ਅਤੇ ਦੁਰਾਚਾਰੀ, ਬਦਚਲਣ ਪੁੱਤਰ ਮਾਂ ਨੂੰ ਸ਼ਰਮਿੰਦਾ ਕਰਦਾ ਹੈ।" ਇਸ ਦਾ ਅਰਥ ਇਹ ਹੈ ਕਿ ਪੁੱਤਰ ਦੇ ਵਿਦਵਾਨ ਹੋਣ 'ਤੇ ਤਾਂ ਪਿਤਾ ਮਾਣ ਮਹਿਸੂਸ ਕਰ ਸਕਦਾ ਹੈ ਪਰ ਕਿਸੇ ਵੀ ਬੱਚੇ ਦੀ ਸ਼ਖ਼ਸੀਅਤ ਉਸਾਰੀ ਸਿਰਫ਼ ਮਾਂ ਦੇ ਹੀ ਹੱਥ ਹੁੰਦੀ ਹੈ। ਆਖਿਆ ਜਾ ਸਕਦਾ ਹੈ ਕਿ ਕਿਸੇ ਵੀ ਕੌਮ ਦੀ ਨਵੀਂ ਪੀੜ੍ਹੀ ਜਾਂ ਵਿਰਸੇ ਨੂੰ ਅੱਗੇ ਤੋਰਨ ਵਿਚ ਮਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ।





ਲਹੂ ਨਾਲ ਸਿੰਜੇ ਸਿੱਖ ਕੌਮ ਦੇ ਇਤਿਹਾਸ ਨੂੰ ਫ਼ਰੋਲੀਏ ਤਾਂ 'ਰਾਇ ਭੋਏ ਦੀ ਤਲਵੰਡੀ' ਤੋਂ ਸਿੱਖੀ ਦੇ ਬੂਟੇ (ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਵੇਲੇ) ਦੀ ਪੈਦਾਵਰ ਤੋਂ ਲੈ ਕੇ ਅੱਜ ਵਿਸ਼ਵ ਵਿਆਪੀ ਫ਼ੁਲਵਾੜੀ ਦੇ ਰੂਪ ਵਿਚ ਖਿੜਨ ਵਿਚ 'ਮਾਂ' (ਔਰਤ) ਦਾ ਲਾਸਾਨੀ ਅਤੇ ਵਡਮੁੱਲਾ ਯੋਗਦਾਨ ਰਿਹਾ ਹੈ। ਸਦੀਆਂ ਤੋਂ ਜਿਥੇ ਔਰਤ ਨੂੰ ਗੁਲਾਮ ਬਣਾਉਣ ਦੀ ਪ੍ਰਵਿਰਤੀ ਦੇ ਵਿਰੁੱਧ ਸਿੱਖ ਧਰਮ ਨੇ ਆਵਾਜ਼ ਬੁਲੰਦ ਕੀਤੀ, ਉਥੇ ਸਿੱਖ ਧਰਮ ਦੇ ਬਿਖੜੇ ਤੇ ਖ਼ੂਨੀ ਪੈਂਡਿਆਂ ਦੌਰਾਨ ਜਿਹੜੀ ਭੂਮਿਕਾ ਸਿੱਖ ਔਰਤ ਦੀ ਰਹੀ ਹੈ, ਸ਼ਾਇਦ ਹੀ ਕਿਸੇ ਹੋਰ ਕੌਮ ਵਿਚ ਹੋਵੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਮਾਣ ਦਿੰਦਿਆਂ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦਾ ਪੈਗਾਮ ਦਿੱਤਾ। ਸਿੱਖ ਬੀਬੀਆਂ ਨੂੰ ਪਾਠ-ਪੂਜਾ, ਸੇਵਾ, ਰਹਿਤ ਮਰਿਆਦਾ ਅਤੇ ਜੀਵਨ ਮੁਕਤੀ ਲਈ ਪੁਰਸ਼ਾਂ ਦੇ ਬਰਾਬਰ ਹੀ ਅਧਿਕਾਰ ਦਿੱਤਾ। ਪ੍ਰੋ. ਪੂਰਨ ਸਿੰਘ ਲਿਖਦੇ ਹਨ, ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ ਇਕ ਅਜਿਹਾ ਸੰਘ ਹੈ ਜਿਸ ਵਿਚ ਇਸਤਰੀਆਂ ਖੁੱਲ੍ਹਾ ਅਤੇ ਬਰਾਬਰ ਭਾਗ ਲੈਂਦੀਆਂ ਹਨ। ਪੂਰਬ ਦੇ ਇਤਿਹਾਸ ਵਿਚ ਪਹਿਲੀ ਵਾਰੀ ਇਸਤਰੀ ਨੂੰ ਮਰਦਾਂ ਦੇ ਬਰਾਬਰ ਹੱਕ ਮਿਲਿਆ ਹੈ।

ਉਸ ਔਰਤ (ਮਾਂ) ਦਾ ਯੋਗਦਾਨ ਅਤੇ ਵਡਿਆਈ ਕਿਵੇਂ ਭੁਲਾਈ ਜਾ ਸਕਦੀ ਹੈ, ਜਿਸ ਨੇ ਜਗਤ ਜਲੰਦੇ ਨੂੰ ਠਾਰਨ ਆਏ ਰੱਬੀ ਨੂਰ ਨੂੰ ਜਨਮ ਦਿੱਤਾ।

"ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥"

ਧੰਨ ਹੈ ਮਾਤਾ ਤ੍ਰਿਪਤਾ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਮਾਂ' ਬਣਨ ਦਾ ਸੁਭਾਗ ਪ੍ਰਾਪਤ ਹੋਇਆ। ਕਿੰਨੀ ਭਗਤੀ ਅਤੇ ਪ੍ਰਤਾਪ ਹੋਵੇਗਾ ਉਸ ਮਾਂ ਦਾ ਜਿਸ ਦੀ ਪਵਿੱਤਰ ਕੁੱਖ ਵਿਚੋਂ ਅਕਾਲ ਜੋਤਿ ਨੇ ਆਪ ਅਵਤਾਰ ਧਾਰਿਆ।

"ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥"

ਸਿੱਖ ਧਰਮ ਦੇ ਪ੍ਰਸਾਰ ਵਿਚ ਲਾਸਾਨੀ ਯੋਗਦਾਨ ਪਾਉਣ ਵਾਲੀਆਂ ਮਾਵਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਸਿੱਖ ਤੋਂ ਖ਼ਾਲਸਾ ਤੱਕ ਮਨੁੱਖੀ ਸੰਪੂਰਨਤਾ ਦੇ ਪੈਂਡੇ ਦੌਰਾਨ ਮਾਤਾ ਸੁਲੱਖਣੀ, ਮਾਤਾ ਖੀਵੀ, ਮਾਤਾ ਗੰਗਾ, ਮਾਤਾ ਗੁਜਰੀ, ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਦੀਆਂ ਭੂਮਿਕਾਵਾਂ ਇਲਾਹੀ ਹਨ। ਬੀਬੀ ਭਾਨੀ ਦੀ ਦੇਣ ਸਭ ਤੋਂ ਵਡਮੁੱਲੀ ਹੈ, ਜਿਸ ਨੂੰ ਗੁਰੂ ਦੀ ਪੁੱਤਰੀ, ਗੁਰੂ ਦੀ ਪਤਨੀ ਅਤੇ ਗੁਰੂ ਦੀ ਮਾਂ ਹੋਣ ਦਾ ਮਾਣ ਪ੍ਰਾਪਤ ਹੋਇਆ। ਬੀਬੀ ਭਾਨੀ ਜੀ ਨੇ ਮਾਂ ਦੇ ਰੂਪ ਵਿਚ ਜੋ ਅਸੀਸ, ਜੋ ਇਲਾਹੀ ਸੰਚਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤਾ, ਉਸ ਅਗੰਮੀ ਲੋਰੀ ਦਾ ਜ਼ਿਕਰ ਪੰਜਵੇਂ ਪਾਤਸ਼ਾਹ ਆਪਣੀ ਬਾਣੀ ਵਿਚ ਕਰਦੇ ਹਨ :

"ਪੂਤਾ ਮਾਤਾ ਕੀ ਆਸੀਸ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥"

ਜੇਕਰ ਇਹ ਆਸੀਸ ਅੱਜ ਹਰੇਕ ਬੱਚੇ ਦੇ ਹਿਰਦੇ 'ਤੇ ਉਕਰ ਦਿੱਤੀ ਜਾਵੇ ਤਾਂ ਸਿੱਖ ਵਿਰਸੇ ਦੀ ਫ਼ੁਲਵਾੜੀ ਨੂੰ ਪੂਰੀ ਦੁਨੀਆ 'ਤੇ ਛਾ ਜਾਣ ਤੋਂ ਕੋਈ ਨਹੀਂ ਰੋਕ ਸਕਦਾ। ਮਾਤਾ ਗੰਗਾ ਜੀ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਸੇਵਾ ਘਾਲਣਾ ਮਿਸਾਲੀ ਹੈ। ਇਸ ਮਾਂ ਦੀ ਕੁੱਖੋਂ ਮਹਾਨ ਯੋਧੇ, ਪਰਉਪਕਾਰੀ ਤੇ ਗੁਰੂ ਨਾਨਕ ਦੀ ਗੱਦੀ ਦੇ ਛੇਵੇਂ ਵਾਰਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਨਮ ਲਿਆ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦ ਹੋਏ ਤਾਂ ਮਾਤਾ ਗੰਗਾ ਦੀ ਅਵਸਥਾ ਅਤੇ ਜ਼ਿੰਮੇਵਾਰੀਆਂ ਅਗੰਮੀ ਸਨ। ਪਤੀ ਦੀ ਸ਼ਹੀਦੀ ਤੋਂ ਬਾਅਦ ਵੀ ਅਡੋਲ ਰਹੇ ਅਤੇ ਪੁੱਤਰ ਗੁਰੂ ਹਰਿਗੋਬਿੰਦ ਜੀ ਦੀ ਪਰਵਰਿਸ਼ ਤੇ ਉਨ੍ਹਾਂ ਨੂੰ ਛੋਟੀ ਉਮਰੇ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਮਾਰਗ ਦਰਸ਼ਨ ਕਰਨ ਵਿਚ ਰੁੱਝ ਗਏ। ਮਾਤਾ ਨਾਨਕੀ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਦੇ ਮਹਿਲ ਅਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਜਨਮ ਦੇਣ ਵਾਲੀ ਧੰਨ ਮਾਤਾ ਸਨ। ਜਦੋਂ ਬੱਚੇ ਵਿਚ ਵਿਰਸੇ ਦੀ ਦ੍ਰਿੜ੍ਹਤਾ, ਨਿਡਰਤਾ ਅਤੇ ਅਡੋਲਤਾ ਵਰਗੇ ਦੈਵੀ ਗੁਣ ਭਰਨ ਦੀ ਗੱਲ ਕੀਤੀ ਜਾਵੇ ਤਾਂ ਮਾਤਾ ਗੁਜਰੀ ਜੀ ਦੀ ਲਾਸਾਨੀ ਮਿਸਾਲ ਸਾਡੇ ਸਾਹਮਣੇ ਆ ਜਾਂਦੀ ਹੈ। ਮਾਤਾ ਗੁਜਰੀ ਵਰਗੀ ਅਦੁੱਤੀ ਸ਼ਖ਼ਸੀਅਤ ਸ਼ਾਇਦ ਹੀ ਦੁਨੀਆ ਦੇ ਇਤਿਹਾਸ ਵਿਚ ਹੋਰ ਕਿਧਰੇ ਮਿਲੇ, ਜਿਸ ਨੂੰ ਇਕ ਸ਼ਹੀਦ ਦੀ ਪਤਨੀ, ਇਕ ਸ਼ਹੀਦ ਦੀ ਮਾਂ ਅਤੇ ਚਾਰ ਸ਼ਹੀਦਾਂ ਦੀ ਦਾਦੀ ਹੋਣ ਦੇ ਨਾਲ-ਨਾਲ ਖੁਦ ਵੀ ਸ਼ਹੀਦ ਦਾ ਮਾਣ ਪ੍ਰਾਪਤ ਹੋਵੇ। ਸਾਰਾ ਸਰਬੰਸ ਵਾਰ ਕੇ ਵੀ ਸੀਅ ਤੱਕ ਨਾ ਕੀਤੀ। ਕਿੰਨਾ ਅਦੁੱਤੀ ਦ੍ਰਿਸ਼ ਸੀ ਜਿਸ ਵੇਲੇ ਛੋਟੇ ਸਾਹਿਬਜ਼ਾਦਿਆਂ ਨੂੰ ਮੁਗ਼ਲ ਸਿਪਾਹੀ ਠੰਢੇ ਬੁਰਜ ਵਿਚੋਂ ਹਥਕੜੀਆਂ ਨਾਲ ਜਕੜ ਕੇ ਸੂਬਾ ਸਰਹੰਦ ਦੀ ਕਚਹਿਰੀ ਵਿਚ ਪੇਸ਼ ਕਰਨ ਲਿਜਾਉਣ ਲੱਗੇ ਸਨ ਤਾਂ ਬੱਚਿਆਂ ਨੂੰ ਤੋਰਨ ਤੋਂ ਪਹਿਲਾਂ ਦਾਦੀ ਮਾਤਾ ਗੁਜਰੀ ਉਨ੍ਹਾਂ ਨੂੰ ਆਪਣੇ ਵਡੇਰਿਆਂ ਦੇ ਪੂਰਨਿਆਂ 'ਤੇ ਚੱਲ ਕੇ ਦੀਨ ਅੱਗੇ ਜ਼ਿੰਦਗੀ ਅਤੇ ਦੁਨੀਆ ਦੇ ਹਰ ਲਾਲਚ ਨੂੰ ਠੋਕਰ ਮਾਰ ਦੇਣ ਅਤੇ ਸਿੱਖੀ ਸਿਦਕ ਨੂੰ ਸੁਆਸਾਂ ਸੰਗ ਨਿਭਾਉਣ ਦੀ ਸਿੱਖਿਆ ਦਿੰਦੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੇ ਮਨੁੱਖਤਾ ਦੇ ਰਹਿਬਰ, ਮਹਾਨ ਦਾਨੀ, ਕਵੀ, ਜੁਝਾਰੂ ਅਤੇ ਸੰਤ ਨੂੰ ਜਨਮ ਦੇਣ ਵਾਲੀ ਮਾਂ ਦੀ ਸ਼ਖ਼ਸੀਅਤ ਦਾ ਪੂਰਨ ਮੁਲਾਂਕਣ ਕਰਨਾ ਦੁਨਿਆਵੀ ਸ਼ਬਦਾਂ ਤੋਂ ਬਾਹਰੀ ਗੱਲ ਹੈ। ਮਾਤਾ ਗੁਜਰੀ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਉਸਾਰੀ ਵਿਚ ਕਿੰਨੀ ਮਹਾਨ ਭੂਮਿਕਾ ਨਿਭਾਈ ਇਸ ਦਾ ਜ਼ਿਕਰ ਦਸਮ ਗ੍ਰੰਥ ਵਿਚ ਗੁਰੂ ਸਾਹਿਬ ਖੁਦ ਕਰਦੇ ਹਨ :

"ਕੀਨੀ ਅਨਿਕ ਭਾਂਤਿ ਤਨ ਰੱਛਾ॥<br>ਦੀਨੀ ਭਾਂਤਿ ਭਾਂਤਿ ਕੀ ਸਿਛਾ॥"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਦਾ ਕਿੰਨਾ ਵੱਡਾ ਜਿਗਰਾ ਹੋਵੇਗਾ, ਜਿਨ੍ਹਾਂ ਨੇ ਦੀਨ ਹਿੱਤ ਆਪਣੇ ਪੁੱਤਰਾਂ ਨੂੰ ਨਿਛਾਵਰ ਕਰ ਦਿੱਤਾ। ਉਨ੍ਹਾਂ ਆਪਣੇ ਪਤੀ ਅਤੇ ਪੁੱਤਰਾਂ ਦੀ ਸ਼ਹੀਦੀ ਤੋਂ ਬਾਅਦ 40 ਸਾਲਾਂ ਤੱਕ ਸਿੱਖ ਕੌਮ ਦੀ ਬਿਖੜੇ ਤੇ ਔਖੇ ਸਮੇਂ ਵਿਚ ਬੜੇ ਸੁਚੱਜੇ ਤਰੀਕੇ ਨਾਲ ਅਗਵਾਈ ਕੀਤੀ। ਇਸੇ ਤਰ੍ਹਾਂ ਮਾਤਾ ਸਾਹਿਬ ਕੌਰ ਨੂੰ ਖ਼ਾਲਸੇ ਦੀ ਮਾਤਾ ਹੋਣ ਦਾ ਮਾਣ ਹਾਸਲ ਹੈ। ਇਸ ਮਾਤਾ ਨੇ ਆਪਣੇ ਨਾਦੀ ਪੁੱਤਰ ਖ਼ਾਲਸੇ ਦੀ ਸੀਰਤ ਬਦਲਣ ਦਾ ਯੁੱਗਾਂ-ਯੁਗਾਂਤਰਾਂ ਤੱਕ ਯਾਦ ਕੀਤਾ ਜਾਣ ਵਾਲਾ ਮਹਾਨ ਪਰਉਪਕਾਰ ਕੀਤਾ।

ਗੁਰੂ ਸਾਹਿਬਾਨ ਤੋਂ ਬਾਅਦ ਵੀ ਸਿੱਖ ਬੀਬੀਆਂ ਨੇ ਲਗਾਤਾਰ ਸਿੱਖੀ ਪੂਰੀ ਦ੍ਰਿੜ੍ਹਤਾ ਅਤੇ ਬਹਾਦਰੀ ਦੇ ਨਾਲ ਕਮਾਈ। ਕਿੰਨਾ ਭਿਆਨਕ ਸੀ ਉਹ ਦੌਰ ਅਤੇ ਕਿੰਨੇ ਵੱਡੇ ਜ਼ਿਗਰੇ ਵਾਲੀਆਂ ਸਨ ਉਹ ਮਾਵਾਂ, ਜਦੋਂ ਮੁਗ਼ਲ ਹਾਕਮ ਮਾਂਵਾਂ ਦੇ ਸਾਹਮਣੇ ਦੁੱਧ ਚੁੰਘਦੇ ਉਨ੍ਹਾਂ ਦੇ ਬੱਚਿਆਂ ਨੂੰ ਟੋਟੇ-ਟੋਟੇ ਕਰਕੇ ਉਨ੍ਹਾਂ ਦੇ ਗਲਾਂ ਵਿਚ ਹਾਰ ਬਣਾ ਕੇ ਪਾ ਦਿੰਦੇ ਸਨ, ਬੱਚਿਆਂ ਨੂੰ ਨੇਜਿਆਂ 'ਤੇ ਟੰਗ ਕੇ ਦੋਫ਼ਾੜ ਕਰ ਦਿੱਤਾ ਜਾਂਦਾ ਸੀ ਪਰ ਉਨ੍ਹਾਂ ਮਾਵਾਂ ਨੇ ਸਿਦਕ ਨਾ ਡੁਲਾਇਆ। ਸਿੱਖੀ ਨਾ ਤਿਆਗੀ। ਭਾਈ ਮਨੀ ਸਿੰਘ ਜਦੋਂ ਬੰਦ-ਬੰਦ ਕਟਵਾ ਕੇ ਸਿੱਖੀ ਤੋਂ ਕੁਰਬਾਨ ਹੋਣ ਲਈ ਤੁਰਨ ਲੱਗਿਆ ਤਾਂ ਸਾਹਮਣੇ ਖੜੀ ਮਾਂ ਅਤੇ ਭੈਣ ਨੂੰ ਤੱਕਦਿਆਂ ਉਸ ਦੇ ਕਦਮ ਹੌਲੇ ਪੈ ਗਏ, ਉਸ ਦੀ ਮਾਂ ਅਤੇ ਭੈਣ ਹੌਂਸਲਾ ਦਿੰਦਿਆਂ ਆਖਣ ਲੱਗੀਆਂ, "ਤੂੰ ਸਾਡੀ ਚਿੰਤਾ ਨਾ ਕਰ, ਸਾਡੀ ਰੱਖਿਆ ਸਾਡਾ ਗੁਰੂ ਆਪ ਕਰੇਗਾ।" ਹੈ ਕਿਸੇ ਇਤਿਹਾਸ ਵਿਚ ਮਾਂ ਦੀ ਇੰਨੀ ਅਡੋਲਤਾ ਅਤੇ ਦ੍ਰਿੜ੍ਹਤਾ ਦੀ ਮਿਸਾਲ? ਇਸੇ ਤਰ੍ਹਾਂ ਸਿੱਖੀ ਦ੍ਰਿੜ੍ਹਤਾ ਵਿਚ ਰਾਣੀ ਸਦਾ ਕੌਰ, ਮਹਾਰਾਣੀ ਜਿੰਦਾਂ, ਬੀਬੀ ਸ਼ਰਨ ਕੌਰ ਦੇ ਯੋਗਦਾਨ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤੀ ਜਾ ਸਕਦਾ। ਬੀਬੀ ਸ਼ਰਨ ਕੌਰ ਉਹ ਮਹਾਨ ਸ਼ਹੀਦ ਸਿੰਘਣੀ ਹੈ, ਜਿਸ ਨੇ ਚਮਕੌਰ ਦੀ ਗੜ੍ਹੀ ਦੇ ਮੈਦਾਨੇ-ਜੰਗ ਵਿਚ ਸ਼ਹੀਦ ਹੋਏ ਸਾਰੇ ਸਿੰਘਾਂ ਦੀਆਂ ਦੇਹਾਂ ਦਾ ਸਤਿਕਾਰ ਸਹਿਤ ਉਸ ਵੇਲੇ ਸਸਕਾਰ ਕਰਨ ਦਾ ਹੌਂਸਲਾ ਦਿਖਾਇਆ, ਜਿਸ ਵੇਲੇ ਕਿਸੇ ਸਿੱਖ ਨੂੰ ਰਾਹ ਜਾਂਦੇ ਦੇਖਣ ਵਾਲੇ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ।

ਮਹਾਰਾਣੀ ਜਿੰਦਾਂ ਵਲੋਂ ਨਿਭਾਈ ਸਿੱਖ ਮਾਂ ਦੀ ਭੂਮਿਕਾ ਅਜੋਕੀ ਮਾਂ ਲਈ ਮਿਸਾਲ ਹੈ। ਜਿਸ ਵੇਲੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦੇ ਪਤਨ ਤੋਂ ਬਾਅਦ ਗੱਦਾਰਾਂ ਦੀ ਮਦਦ ਨਾਲ ਮਹਾਰਾਜਾ ਦਲੀਪ ਸਿੰਘ ਨੂੰ ਫ਼ਿਰੰਗੀਆਂ ਨੇ ਬੰਦੀ ਬਣਾ ਕੇ ਇੰਗਲੈਂਡ ਲਿਜਾ ਕੇ ਇਸਾਈ ਬਣਾ ਲਿਆ ਤਾਂ ਮਗਰੋਂ ਮਾਂ-ਮਮਤਾ ਦੀ ਵਿੰਨ੍ਹੀ ਮਹਾਰਾਣੀ ਜਿੰਦਾ ਬੇਹਾਲ ਹੋ ਗਈ। ਆਪਣੇ ਪੁੱਤਰ ਦੇ ਵਿਜੋਗ ਵਿਚ ਰੋ-ਰੋ ਕੇ ਆਪਣੀਆਂ ਅੱਖਾਂ ਦੀ ਨਜ਼ਰ ਵੀ ਗੁਆ ਬੈਠੀ। ਚਿਰੀਂ ਵਿਛੁੰਨੇ ਮਾਂ-ਪੁੱਤ ਦਾ ਕਲਕੱਤੇ ਵਿਚ ਮਿਲਾਪ ਹੋਇਆ ਤਾਂ ਮਹਾਰਾਣੀ ਜਿੰਦਾ ਘੁੱਟ ਕੇ ਦਲੀਪ ਸਿੰਘ ਨੂੰ ਛਾਤੀ ਨਾਲ ਲਾਉਂਦਿਆਂ ਸਿਰ ਪਲੋਸਣ ਲੱਗੀ। ਉਸ ਦੇ ਹੱਥਾਂ 'ਚ ਦਲੀਪ ਸਿੰਘ ਦਾ ਰੀਝਾਂ ਤੇ ਮੱਖਣਾਂ ਨਾਲ ਪਾਲਿਆ ਜੂੜਾ ਨਾ ਆਇਆ। ਉਸ ਦੇ ਹੱਥ ਕੰਬਣ ਲੱਗੇ ਅਤੇ ਧਾਹਾਂ ਨਿਕਲ ਗਈਆਂ। ਜਿੰਦਾਂ ਨੇ ਪੁੱਤਰ ਨੂੰ ਫ਼ਿਟਕਾਰਦਿਆਂ ਪਰ੍ਹੇ ਧੱਕ ਦਿੱਤਾ, "ਜੇ ਤੂੰ ਗੁਰੂ ਦਾ ਨਹੀਂ ਬਣ ਕੇ ਰਹਿ ਸਕਿਆ ਤਾਂ ਮਾਂ ਦਾ ਕੀ ਬਣੇਂਗਾ?" ਤਕਦੀਰ ਨੂੰ ਉਲਾਂਭਾ ਦਿੰਦਿਆਂ ਆਖਣ ਲੱਗੀ,"ਹੇ ਬੁਰੀ ਤਕਦੀਰੇ! ਤੂੰ ਮੇਰਾ ਸਰਤਾਜ ਖੋਹਿਆ, ਮੇਰਾ ਰਾਜ-ਭਾਗ ਖੋਹਿਆ, ਪਵਿੱਤਰ ਭੂਮੀ ਮੇਰਾ ਪੰਜਾਬ ਖੋਹ ਲਿਆ ਤੇ ਅੰਤ ਪ੍ਰਾਣਾਂ ਤੋਂ ਪਿਆਰੀ ਸਿੱਖੀ ਵੀ ਮੇਰੇ ਕੋਲੋਂ ਖੋਹ ਲਈ। ਅੱਜ ਮੇਰੇ ਬੰਸ ਦੀਆਂ ਰਗਾਂ ਵਿਚੋਂ ਕਲਗੀਧਰ ਦੇ ਸ਼ਹੀਦ ਬੱਚਿਆਂ ਦਾ ਲਹੂ ਮੁੱਕ ਗਿਆ।"

ਇਹ ਵਾਕ ਦਲੀਪ ਸਿੰਘ ਦਾ ਸੀਨਾ ਪਾੜ ਗਿਆ। ਉਹ ਮਾਂ ਦੇ ਚਰਨਾਂ 'ਤੇ ਡਿੱਗਾ ਭੁੱਬੀਂ-ਭੁੱਬੀਂ ਰੋਣ ਲੱਗਾ ਤੇ ਬੋਲਿਆ, "ਮਾਂ! ਮੈਂ ਤੇਰੀ ਉਜੜੀ ਦੁਨੀਆ ਫ਼ਿਰ ਨਹੀਂ ਵਸਾ ਸਕਦਾ। ਤੇਰਾ ਗੁਆਚਿਆ ਰਾਜ-ਭਾਗ ਫ਼ਿਰ ਨਹੀਂ ਕਾਇਮ ਕਰ ਸਕਦਾ, ਪਰ ਤੇਰੀ ਕੁੱਲ ਵਿਚੋਂ ਗਈ ਸਿੱਖੀ ਮੁੜ ਪਰਤਾ ਲਿਆਵਾਂਗਾ।" ਮਹਾਰਾਣੀ ਜਿੰਦਾਂ ਨੇ ਉਸ ਸਮੇਂ ਤੱਕ ਸੁੱਖ ਦਾ ਸਾਹ ਨਹੀਂ ਲਿਆ ਜਦੋਂ ਤੱਕ ਮਹਾਰਾਜਾ ਦਲੀਪ ਸਿੰਘ ਮੁੜ ਸਿੱਖ ਸਰੂਪ ਵਿਚ ਨਹੀਂ ਆ ਗਿਆ। ਇਤਿਹਾਸਕਾਰ ਡਾਕਟਰ ਗੰਡਾ ਸਿੰਘ ਲਿਖਦੇ ਹਨ ਕਿ, ਮਹਾਰਾਜਾ ਦਲੀਪ ਸਿੰਘ ਨੇ 26 ਮਈ, 1886 ਈਸਵੀ ਦੇ ਦਿਨ ਅਦਨ ਦੇ ਇਕ ਗੁਰਦੁਆਰੇ ਵਿਚ ਅੰਮ੍ਰਿਤ ਛਕ ਲਿਆ ਅਤੇ ਇਸ ਤਰ੍ਹਾਂ ਉਹ ਆਪਣੀ ਮਾਂ ਦੀ ਹੀ ਪ੍ਰੇਰਨਾ ਅਤੇ ਸ਼ਖ਼ਸੀਅਤ ਦੇ ਪ੍ਰਭਾਵ ਕਾਰਨ ਕੈਥੋਲਿਕ ਈਸਾਈ ਤੋਂ ਮੁੜ ਸਿੰਘ ਸਜ ਗਿਆ।

ਕੀ ਅੱਜ ਸਿੱਖ ਘਰਾਂ ਵਿਚ ਅਜਿਹੀ ਕੋਈ ਆਦਰਸ਼ਕ ਮਾਂ ਲੱਭੇਗੀ? ਅੱਜ ਦੀ ਸਿੱਖ ਮਾਂ ਪੱਛਮ ਦੀ ਔਰਤ ਦੀ ਰੀਸ ਕਰਦੀ ਹੋਈ ਆਪਣੇ 'ਬਤੀਹ ਸੁਲੱਖਣੀ' ਵਾਲੇ ਕੀਮਤੀ ਤੇ ਵਡਮੁੱਲੇ ਗੁਣ ਵਿਸਾਰ ਕੇ, ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਦੀ ਹੋਈ ਜਿਥੇ ਅਧਿਆਤਮਕਾ ਤੋਂ ਦੂਰ ਹੁੰਦੀ ਜਾ ਰਹੀ ਹੈ, ਉਥੇ ਗ੍ਰਿਹਸਥ ਧਰਮ ਦੇ ਫ਼ਰਜ਼ ਨਿਭਾਉਣ ਤੋਂ ਵੀ ਮੁਨਕਰ ਹੋ ਰਹੀ ਹੈ। ਨਤੀਜਨ ਨੌਜਵਾਨ ਪੀੜ੍ਹੀ ਆਪਣੇ ਸਿੱਖੀ ਵਿਰਸੇ ਤੋਂ ਟੁੱਟ ਰਹੀ ਹੈ। ਲੱਖਾਂ ਸਿੱਖ ਪਰਿਵਾਰਾਂ ਦੀ ਬੰਸ ਵਿਚੋਂ ਕਲਗੀਧਰ ਦੇ ਸ਼ਹੀਦ ਬੱਚਿਆਂ ਦਾ ਲਹੂ ਸੁੱਕ ਰਿਹਾ ਹੈ। ਹਰ 10 ਸਿੱਖ ਨੌਜਵਾਨਾਂ ਵਿਚੋਂ 7 ਦੇ ਸਿਰ 'ਤੇ ਗੁਰੂ ਦੀ ਮੋਹਰ 'ਜੂੜੇ' ਨਹੀਂ ਦਿਖਦੇ ਅਤੇ 10 ਵਿਚੋਂ 8 ਦੇ ਮੂੰਹਾਂ 'ਤੇ ਦਾੜ੍ਹੀ ਨਹੀਂ। ਬਚਪਨ ਦੀ ਪਰਵਰਿਸ਼ ਦੀ ਘਾਟ ਕਾਰਨ ਹੀ ਬੱਚੇ ਨਸ਼ਿਆਂ 'ਚ ਗਲਤਾਨ ਹੋ ਰਹੇ ਹਨ। ਅੱਜ ਕਿਥੇ ਗਈਆਂ ਮਾਤਾ ਗੁਜਰੀ ਦੀਆਂ ਵਾਰਸ ਅਤੇ ਮਹਾਰਾਣੀ ਜਿੰਦਾਂ ਵਰਗੀਆਂ ਮਾਵਾਂ? ਅੱਜ ਸਾਰੀ ਸਿੱਖ ਕੌਮ ਪਤਿਤਪੁਣੇ ਨੂੰ ਸਿੱਖ ਧਰਮ ਦੇ ਨਿਆਰੇਪਣ ਲਈ ਵੱਡਾ ਖ਼ਤਰਾ ਹੋਣ ਦਾ ਰੌਲਾ ਪਾ ਰਹੀ ਹੈ। ਅਜੋਕੀ ਸਿੱਖ ਮਾਂ ਅੱਜ ਖੁਦ ਹੀ ਆਪਣੇ ਘਰਾਂ ਵਿਚੋਂ ਸਿੱਖੀ ਦਾ ਚਿਰਾਗ ਬੁਝਾਉਣ ਲਈ ਦੋਸ਼ੀ ਹੈ। ਬਹੁਤੀਆਂ ਸਿੱਖ ਮਾਵਾਂ ਆਪਣੇ ਬੱਚਿਆਂ ਦੇ ਕੇਸਾਂ ਦੀ ਸੰਭਾਲ ਕਰਨ ਬਾਝੋਂ ਉਨ੍ਹਾਂ ਨੂੰ ਬਚਪਨ ਵਿਚ ਹੀ ਗੁਰੂ ਦੀ ਮੋਹਰ ਤੋਂ ਵਾਂਝੇ ਕਰ ਰਹੀਆਂ ਹਨ। ਬਚਪਨ ਵਿਚ ਸਿੱਖ ਬੱਚਿਆਂ ਨੂੰ ਧਰਮ ਖ਼ਾਤਰ ਬੰਦ-ਬੰਦ ਕਟਵਾਉਣ ਅਤੇ ਕੇਸਾਂ ਖਾਤਰ ਚਰਖੜੀਆਂ 'ਤੇ ਚੜ੍ਹਨ ਵਾਲੇ ਸੂਰਬੀਰਾਂ ਦੀਆਂ ਸਾਖੀਆਂ ਸੁਣਾਉਣ ਲਈ ਸਿੱਖ ਮਾਂ ਕੋਲ ਵਿਹਲ ਨਹੀਂ ਹੈ। ਪੰਜਾਬੀ ਦੇ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਪੰਜਾਬੀ ਮਾਂ ਦਾ ਸ਼ਬਦ-ਚਿੱਤਰ ਖਿੱਚਦਿਆਂ ਲਿਖਦੇ ਹਨ ਕਿ, "ਸਾਡੀਆਂ ਮਾਵਾਂ ਦੁੱਧ ਵਿਚ ਮਧਾਣੀਆਂ ਪਾਉਂਦੀਆਂ ਗੁਰਬਾਣੀ ਗਾਉਂਦੀਆਂ ਸਨ। ਬੱਚਾ ਜਦੋਂ ਸੁੱਤਾ ਉਠਦਾ ਸੀ ਤਾਂ ਉਸ ਦੇ ਕੰਨੀਂ ਪਹਿਲੀ ਆਵਾਜ਼ ਗੁਰਬਾਣੀ ਦੀ ਕੋਈ ਤੁਕ ਦੀ ਪੈਂਦੀ ਸੀ।" ਪਰ ਅੱਜ ਤਾਂ ਬੱਚੇ ਦੇ ਉਠਣ ਤੋਂ ਪਹਿਲਾਂ ਹੀ ਘਰ ਵਿਚ ਟੈਲੀਵਿਜ਼ਨ 'ਤੇ ਅਸ਼ਲੀਲ ਗਾਣੇ ਲੱਗੇ ਹੁੰਦੇ ਹਨ। ਜਿਹੜੀ ਸਿੱਖ ਮਾਂ ਨੇ ਦੀਨ ਕਾਇਮ ਰੱਖਣ ਲਈ ਆਪਣੇ ਬੱਚਿਆਂ ਦੇ ਟੋਟੇ-ਟੋਟੇ ਅੱਖਾਂ ਸਾਹਮਣੇ ਕਰਵਾਏ ਸਨ, ਅੱਜ ਉਸ ਦੀਆਂ ਵਾਰਸ ਮਾਵਾਂ ਖੁਦ ਫ਼ੈਸ਼ਨਪ੍ਰਸਤ ਅਤੇ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਕਾਰਨ ਸਿੱਖੀ ਸਰੂਪ ਤੋਂ ਦੂਰ ਜਾ ਰਹੀਆਂ ਹਨ। ਅਜੋਕੀਆਂ ਸਿੱਖ ਮਾਵਾਂ ਨੂੰ ਸਿੱਖ ਇਤਿਹਾਸ ਵਿਚ ਮਾਵਾਂ ਵਲੋਂ ਨਿਭਾਈਆਂ ਭੂਮਿਕਾਵਾਂ ਨੂੰ ਸਾਹਮਣੇ ਰੱਖਦਿਆਂ ਆਪਾ ਪੜਚੋਲ ਕਰਨ ਦੀ ਲੋੜ ਹੈ।

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਸੋਹਣ ਸਿੰਘ ਸ਼ੀਤਲ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਮਹਾਰਾਣੀ ਸ਼ੇਖ਼ੂਪੁਰੇ ਨਜ਼ਰਬੰਦ

19 ਅਗਸਤ, 1847 ਈ: ਨੂੰ ਮਹਾਰਾਣੀ ਸ਼ੇਖ਼ੂਪੁਰੇ ਦੇ ਕਿਲ੍ਹੇ ਵਿਚ ਪੁਚਾਈ ਗਈ। ਲਾਹੌਰੋਂ ਤੁਰਨ ਲੱਗਿਆਂ ਉਸਨੇ ਰੈਜ਼ੀਡੈਂਟ ਨੂੰ ਮਿਲਣ ਦੀ ਬੇਨਤੀ ਕੀਤੀ, ਪਰ ਲਾਰੰਸ ਨੇ ਮਿਲਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ, ਕਿ ਜੇ ਉਹ ਚਾਹੇ, ਤਾਂ ਆਪਣੇ ਗਹਿਣੇ ਨਾਲ ਲੈ ਜਾ ਸਕਦੀ ਹੈ। ਸੋ, ਮਹਾਰਾਣੀ ਗਹਿਣੇ ਨਾਲ ਲੈ ਗਈ। ਸ਼ੇਖ਼ੂਪੁਰੇ ਵਿਚ ਉਸਦੀ ਰਾਖੀ ਦਾ ਭਾਰ ਸ: ਬੂੜ ਸਿੰਘ ਨੂੰ ਸੌਂਪਿਆ ਗਿਆ।

ਅਗਲੇ ਦਿਨ ਗਵਰਨਰ-ਜਨਰਲ ਦਾ ਇਕ ਐਲਾਨ ਨਿਕਲਿਆ, ''ਲਾਹੌਰ ਦਰਬਾਰ ਤੇ ਸਰਕਾਰ ਅੰਗਰੇਜ਼ੀ ਵਿਚ ਮਿੱਤਰਤਾ ਹੈ। ਬਾਲਕ ਮਹਾਰਾਜੇ ਦੀ' ਸਿੱਖਿਆ ਵਾਸਤੇ ਸਦਾ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਲਈ ਗਵਰਨਰ-ਜੈਨਰਲ ਨੂੰ ਇਹ ਲੋੜ ਭਾਸੀ ਹੈ, ਕਿ ਮਹਾਰਾਜੇ ਨੂੰ ਉਹਦੀ ਮਾਤਾ ਤੋਂ ਵੱਖ ਰੱਖਿਆ ਜਾਵੇ। ਇਸ ਕਾਰਨ ਮਹਾਰਾਣੀ ਲਾਹੌਰੋਂ ਸ਼ੇਖ਼ੂਪੁਰਾ ਭੇਜੀ ਗਈ ਹੈ।

ਡਾਢਾ ਜੋ ਕਹੇ, ਸੋ ਸੱਤ ਹੈ, ਨਹੀਂ ਤਾਂ ਭਲਾ ਕੋਈ ਪੁੱਛੇ, ਪਈ, ਮਹਾਰਾਣੀ ਸ਼ੇਖ਼ੂਪੁਰੇ ਤਾਂ ਘੱਲੀ ਗਈ, ਕਿ ਉਹ ਲਾਹੌਰ ਰਹਿਕੇ ਮਹਾਰਾਜੇ ਦੀ ਵਿੱਦਿਆ ਵਿਚ ਵਿਘਨ ਪਾਉਂਦੀ ਹੈ, ਪਰ ਉਹਦੀ ਪੈਨਸ਼ਨ ਡੇਢ ਲੱਖ ਸਾਲਾਨਾ ਦੀ ਥਾਂ, ਘਟਾਕੇ 48 ਹਜ਼ਾਰ ਸਾਲਾਨਾ ਕਿਸ ਅਹਿਦਨਾਮੇ ਦੇ ਅਸੂਲ ਨਾਲ ਕੀਤੀ ਗਈ ਹੈ ? ਭਰੋਵਾਲ ਦੀ ਸੁਲ੍ਹਾ ਵਿਚ ਤਾਂ ਅਜੇਹੀ ਕੋਈ ਸ਼ਰਤ ਨਹੀਂ ਸੀ, ਤੇ ਨਾ ਹੀ ਹਾਰਡਿੰਗ ਜਾਂ ਲਾਰੰਸ ਨੂੰ ਕੋਈ ਹੱਕ ਸੀ, ਕਿ ਕਿਸੇ ਹਾਲ ਵਿੱਚ ਵੀ ਉਸਦੀ ਪੈਨਸ਼ਨ ਘਟਾ ਸਕਦੇ।

ਏਸ ਘਟਨਾ ਤੋਂ ਕੌਂਸਲ ਦੇ ਮੈਂਬਰ ਅੱਗੇ ਨਾਲੋਂ ਵਧੇਰੇ ਦਬ ਗਏ ਤੇ ਹਰ ਇਕ ਕੰਮ ਰੈਜ਼ੀਡੈਂਟ ਤੋਂ ਪੁੱਛਕੇ ਕਰਨ ਲੱਗੇ। ਰੈਜ਼ੀਡੈਂਟ ਆਪ ਲਿਖਦਾ ਹੈ, ''ਸਮੁੱਚੇ ਤੌਰ 'ਤੇ



ਦਰਬਾਰ (ਕੌਂਸਲ ਆਫ਼ ਰੀਜੈਨਸੀ) ਮੇਰੀ ਏਨੀ ਮਦਦ ਕਰਦਾ ਏ, ਜਿੰਨੀ ਦੀ ਮੈਂ ਆਸ ਰੱਖ ਸਕਦਾ ਹਾਂ। ਉਹ ਆਪ ਮਾਲਕ ਬਣਨ ਵਾਸਤੇ (ਕਾਬੂ ਪਾਉਣ ਵਾਸਤੇ) ਹੱਥ ਪੈਰ ਮਾਰਦੇ ਰਹੇ, ਪਰ ਮੈਂ ਸਾਰਿਆਂ ਨਾਲ ਮਿਲਣਸਾਰ ਸਾਂ ਤੇ ਕੋਈ ਘਟਨਾ-ਜੋ ਮੇਰੀਆਂ ਨਜ਼ਰਾਂ ਵਿੱਚ ਠੀਕ ਨਾ ਹੋਵੇ-ਪੜਤਾਲ ਬਿਨਾਂ ਨਹੀਂ ਹੋਣ ਦੇਂਦਾ। ਕੌਂਸਲ ਦੇ ਮੈਂਬਰ ਸਹਿਜ ਸਹਿਜ ਸਿੱਧੇ ਰਾਹ 'ਤੇ ਆ ਰਹੇ ਹਨ ਤੇ ਬਹੁਤ ਸਾਰੀਆਂ ਗੱਲਾਂ ਵਿੱਚ ਮੇਰੀ ਸਲਾਹ ਲੈਂਦੇ ਹਨ। ਸਹੀ ਅਰਥਾਂ ਵਿਚ ਉਹ ਉਹਨਾਂ ਕੰਮਾਂ ਦੇ ਹਾਕਮ ਹਨ, ਜਿਹੜੇ ਉਹਨਾਂ ਨੂੰ ਕਰਨ ਵਾਸਤੇ ਕਹੇ ਜਾਣ।

### ਹਾਰਡਿੰਗ ਦੀ 23 ਅਕਤੂਬਰ ਦੀ ਚਿੱਠੀ

23 ਅਕਤੂਬਰ, 1847 ਈ। ਨੂੰ ਗਵਰਨਰ ਜੈਨਰਲ ਹਾਰਡਿੰਗ ਲਾਹੌਰ ਦੇ ਰੈਜ਼ੀਡੈਂਟ ਨੂੰ ਇਕ ਹੋਰ ਚਿੱਠੀ ਵਿਚ

ਲੜੀਵਾਰ ਕਿਸ਼ਤ 49

ਲਿਖਦਾ ਹੈ, ''ਸਾਨੂੰ ਯਾਦ ਰੱਖਣਾ ਚਾਹੀਦਾ ਹੈ, ਕਿ ਦਲੀਪ ਸਿੰਘ ਦੀ ਨਾਬਾਲਗੀ ਤਕ 1846 ਈ। ਦੀ ਸੁਲ੍ਹਾ ਅਨੁਸਾਰ ਸਿੱਖ ਰਾਜ ਬਿਲਕੁਲ ਸੁਤੰਤਰ ਰਾਜ ਨਹੀਂ ਹੈ। ਪਹਿਲੀ ਸ਼ਰਤ-ਜੋ ਮੈਂ ਵਧਾਈ ਸੀ-ਅਨੁਸਾਰ ਰਾਜ ਦਾ ਸਿਰਤਾਜ ਨਾ ਲੜਾਈ ਕਰ ਸਕਦਾ ਹੈ, ਨਾ ਸੁਲ੍ਹਾ, ਨਾ ਰਾਜ ਦੀ ਚੱਪਾ ਭਰ ਭੋਇੰ ਵੇਚ ਸਕਦਾ ਹੈ, ਨਾ ਵਟਾ ਸਕਦਾ ਹੈ, ਨਾ ਕਿਸੇ ਯੂਰਪੀਨ ਅਫ਼ਸਰ ਨੂੰ ਰੱਖ ਸਕਦਾ ਹੈ, ਤੇ ਨਾ ਹੀ ਸਾਨੂੰ ਆਪਣੇ ਮੁਲਕ ਵਿਚ ਦੀ ਲੰਘਣ ਤੋਂ ਰੋਕ ਸਕਦਾ ਹੈ। ਇਹ ਸੱਚ ਹੈ, ਕਿ (ਸਿਵਾਏ ਅੰਦਰਲੇ ਪਰਬੰਧ ਦੇ) ਸਾਡੀ ਆਗਿਆ ਬਿਨਾਂ ਕੁਛ ਵੀ ਨਹੀਂ ਕਰ ਸਕਦਾ। ਅਸਲ ਵਿਚ ਦੇਸੀ ਸ਼ਾਹਜ਼ਾਦੇ ਨੂੰ ਬੇੜੀਆਂ ਪਾ ਦਿੱਤੀਆਂ ਗਈਆਂ ਹਨ। ਉਹ ਸਾਡੀ ਰਾਖੀ ਵਿਚ ਹੈ ਤੇ ਉਸਨੂੰ ਸਾਡਾ ਕਿਹਾ ਕਰਨਾ ਪੈਂਦਾ ਹੈ। ਮੈਂ ਐਡੀ ਛੇਤੀ ਇਸ ਗੱਲ ਵੱਲ ਤਾਂ ਇਸ਼ਾਰਾ ਕੀਤਾ ਹੈ, ਕਿ ਮੇਰਾ ਤੁਹਾਡੇ ਨਾਲ ਇਸ ਗੱਲੇ ਮਤਭੇਦ ਹੈ, ਜੋ ਆਪ ਅਗੇਤਰਾ ਹੀ ਆਪਣੇ ਖੁੱਲ੍ਹੇ ਦਿਲ ਨਾਲ ਸਿੱਖ ਕਰਮਚਾਰੀਆਂ ਨੂੰ ਆਪਣੇ ਪੈਰਾਂ 'ਤੇ ਖਲੋਣਾ ਸਿਖਾ ਰਹੇ ਹੋ। ਮੈਂ ਚਾਹੁੰਦਾ ਹਾਂ, ਕਿ ਉਹ ਸਾਡੇ ਸਿੱਧੇ ਦਖ਼ਲ ਨੂੰ ਸਾਡੀਆਂ ਮਿਹਰਬਾਨੀਆਂ ਸਮਝ ਕੇ ਪਸੰਦ ਕਰਨ।'''

### ਲਾਰੰਸ ਤੇ ਹਾਰਡਿੰਗ ਵਾਪਸ

ਇਹਨੀਂ ਹੀ ਦਿਨੀਂ ਹੈਨਰੀ ਲਾਰੰਸ ਦੀ ਅਰੋਗਤਾ ਕੁਛ ਵਿਗੜ ਗਈ ਤੇ ਉਹਨੇ ਆਪਣੇ ਅਹੁਦੇ ਤੋਂ ਛੁੱਟੀ ਲੈ ਲਈ। ਨਵਾਂ ਰੈਜ਼ੀਡੈਂਟ ਫ਼ਰੈਡਰਿਕ ਕਰੀ ਅਜੇ ਲਾਹੌਰ ਪੁੱਜਾ ਨਹੀਂ ਸੀ। ਇਸ ਵਾਸਤੇ ਹੈਨਰੀ ਲਾਰੰਸ ਦੀ ਥਾਂ ਉਸਦਾ ਭਰਾ ਜੌਹਨ ਲਾਰੰਸ ਕੰਮ ਕਰਨ ਲੱਗਾ। ਏਸੇ ਸਮੇਂ ਹਾਰਡਿੰਗ ਦੀ ਵੀ ਮਿਆਦ ਪੂਰੀ ਹੋ ਗਈ ਤੇ ਉਹਦੇ ਥਾਂ ਮਾਰਕੁਈਸ ਆਫ਼ ਡਲਹੌਜ਼ੀ ਗਵਰਨਰ - ਜੈਰਨਲ ਬਣ ਕੇ ਆਇਆ।

- ਚਲਦਾ

# ਗੁਰਦੁਆਰਾ ਘੱਲੂਘਾਰਾ ਸਾਹਿਬ ਜਿੱਥੇ ਖਾਲਸੇ ਨੇ ਜਿੱਤ ਪ੍ਰਾਪਤ ਕੀਤੀ





ਲਿਖਤ : ਬਲਵਿੰਦਰ ਬਾਲਮ ਗੁਰਦਾਸਪੁਰ
ਮੋਬਾਇਲ ਨੰਬਰ 98156-25409

14 ਮਈ ਲਈ ਵਿਸ਼ੇਸ਼

(ਗੁਰਦਾਸਪੁਰ) ਤੋਂ ਲਗਭਗ ਸੱਤ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਪ੍ਰਸਿੱਧ ਇਤਿਹਾਸਕ ਗੁਰਦੁਆਰਾ ਘੱਲੂਘਾਰਾ ਸਾਹਿਬ। ਇਸ ਗੁਰਦੁਆਰੇ ਨੂੰ ਜਾਣ ਦੇ ਕਈ ਰਸਤੇ ਹਨ। ਗੁਰਦਾਸਪੁਰ ਤੋਂ ਸਿਧਵਾਂ ਮਾਨ ਚੋਪੜੇ ਤੋਂ ਕੋਟਲੀ ਸੈਣੀਆਂ ਹੁੰਦੇ ਹੋਏ ਘੱਲੂਘਾਰਾ ਗੁਰਦੁਆਰੇ ਨੂੰ ਵੀ ਰਸਤਾ ਪਹੁੰਚ ਜਾਂਦਾ ਹੈ। ਜੋ ਲਗਭਗ 18 ਕਿਲੋਮੀਟਰ ਦੂਰ ਪੈ ਹੀ ਜਾਂਦਾ ਹੈ। ਤਿੱਬੜੀ ਤੋਂ ਪੁਰਾਣੇ ਸ਼ਾਲੇ ਤੋਂ ਗੁੰਨੋਪੁਰ ਤੱਕ ਤੋਂ ਅੱਗੇ ਹੋਰ ਤਰ੍ਹਾਂ ਦਾ ਛੋਟਾ ਵੱਡਾ ਵਾਹਨ ਆਸਾਨੀ ਨਾਲ ਪਹੁੰਚ ਸਕਦਾ ਹੈ। ਇਸ ਰਸਤੇ ਦੀ ਦੂਰੀ ਲਗਭਗ 14 ਕੁ ਕਿਲੋਮੀਟਰ ਪੈ ਜਾਂਦੀ ਹੈ।

ਇਕ ਅੰਦਰੋਂ-ਅੰਦਰੀ ਰਸਤਾ ਹੈ (ਸ਼ਾਰਟ ਕੱਟ) ਤਿੱਬੜੀ ਤੋਂ ਪਿੰਡ ਚਾਵਾ ਨਮੀਨ ਕਰਾਲ ਹੁੰਦੇ ਹੋਏ ਸਿੱਧੇ ਗੁਰਦੁਆਰਾ ਘੱਲੂਘਾਰਾ ਸਾਹਿਬ ਰਸਤਾ ਸੱਤ ਕਿਲੋਮੀਟਰ ਦੂਰ ਪੈਂਦਾ ਹੈ।

ਇਸ ਗੁਰਦੁਆਰੇ ਨਾਲ ਸਿੰਘਾਂ ਦੀਆਂ ਸ਼ਹੀਦੀਆਂ ਦੇ ਜੁੜਣ ਦਾ ਪ੍ਰਸੰਗ ਹੈ। ਬੇਤਹਾਸਾ ਸਿੰਘ ਇਸ ਛੰਭ ਦੇ ਇਲਾਕੇ ਵਿਚ ਸ਼ਹੀਦ ਹੋਏ ਤੇ ਹਜਾਰਾਂ ਮੁਗਲਾਂ ਦੇ ਆਹੂ ਲਾਏ, ਜ਼ੁਲਮ ਅਤਿਆਚਾਰ ਦੇ ਖ਼ਿਲਾਫ਼ ਸਿੰਘਾਂ ਡੱਟ ਕੇ ਮੁਕਾਬਲੇ ਕੀਤੇ ਤੇ ਫਤਿਹ ਹਾਸਿਲ ਕਰਕੇ ਚਲੇ ਗਏ। ਦੱਸਿਆ ਜਾਂਦਾ ਹੈ ਕਿ ਛੰਭ ਪਿੰਡ ਬਰੜਾ (ਛੰਭ ਕਾਹਨੂੰਵਾਨ) ਇਤਿਹਾਸਕ ਅਥਸਾਨ ਉਤੇ ਮੀਲਾਂ ਤੱਕ ਸੰਘਣਾ ਜੰਗਲ ਸੀ, ਜਦੋਂ ਲਾਹੌਰ ਦੇ ਸੂਬੇਦਾਰ ਲੱਖਪੱਤ ਰਾਏ ਨੇ 1746 ਈ. ਵਿਚ ਸਿੱਖਾਂ ਦਾ ਬਹੁਤ ਕਤਲੇਆਮ ਸ਼ੁਰੂ ਕੀਤਾ ਤਾਂ 22 ਹਜ਼ਾਰ ਸਿੰਘਾਂ ਨੇ ਇਸ ਅਸਥਾਨ ਦੀ ਸ਼ਰਨ ਲਈ, ਲੱਖਪੱਤ ਰਾਏ ਨੇ ਲੱਖਾਂ ਦੀ ਗਿਣਤੀ ਵਿਚ ਫੌਜ ਲੈ ਕੇ ਸਿੰਘਾਂ 'ਤੇ ਹਮਲਾ ਕਰ ਦਿੱਤਾ, ਤਿੰਨ ਮਹੀਨੇ ਯੁੱਧ ਹੁੰਦਾ ਰਿਹਾ। ਉਦੋਂ ਉਸ ਦੀ ਪੇਸ਼ ਨਾ ਗਈ ਤਾਂ 10 ਜੂਨ ਨੂੰ ਉਸ ਨੇ ਜੰਗਲ ਅੱਗ ਲੁਆ ਦਿੱਤੀ, ਹੱਥ-ਹੱਥ ਦੀ ਲੜਾਈ ਹੋਈ। ਜੰਗਲ ਦੀ ਅੱਗ ਬਿਆਸ ਦਰਿਆ ਪਾਰ ਕਰਦਿਆਂ ਗਿਆਰਾਂ ਹਾਜ਼ਾਰ ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਤਿਹਾਸ ਵਿਚ ਇਹ ਘੋਰ ਯੁੱਧ ਛੋਟੇ ਘੱਲੂਘਾਰੇ ਦੇ ਨਾ ਨਾਲ ਪ੍ਰਸਿੱਧ ਹੋਇਆ। ਇਥੋਂ ਦੀਆਂ ਕੁਝ ਬਜ਼ੁਰਗ ਸ਼ਖ਼ਸੀਅਤਾਂ ਨੇ ਘੱਲੂਘਾਰੇ ਬਾਰੇ ਦੱਸਿਆ ਕਿ ਐਮਨਾਬਾਦ ਵਿਚ ਸਿੰਘਾਂ ਨੇ ਵਿਸਾਖੀ ਮਨਾਉਣ ਦੀ ਕੋਸ਼ਿਸ ਕੀਤੀ ਉਥੋਂ ਦਾ ਸੂਬੇਦਾਰ ਜਸਪਤ ਰਾਏ ਸੀ, ਉਸ ਦਾ ਵੱਡਾ ਭਰਾ ਲੱਖਪਤ ਲਾਹੌਰ ਦੇ ਸੂਬੇ ਦਾ ਦੀਵਾਨ ਸੀ, ਉਹ ਸਿੰਘਾਂ ਨੂੰ ਇਥੋਂ ਵਿਸਾਖੀ ਨਹੀਂ ਸੀ ਮਨਾਉਣ ਦੇਣੀ ਚਾਹੁੰਦਾ, ਸਿੰਘਾਂ ਤੰਬੂ ਲਗਾਏ ਹੋਏ ਸੀ, ਵਿਸਾਖੀ ਮਨਾਉਣ ਲਈ ਸਭ ਪ੍ਰਬੰਧ ਸਨ, ਸਿੰਘਾਂ ਨਾਲ ਜਸਪੱਤ ਤੇ ਉਸ ਦੀ ਫੌਜ ਦਾ ਯੁੱਧ ਹੋਇਆ, ਜੱਸਪੱਤ ਮਾਰਿਆ ਗਿਆ। ਉਸ ਦੀ ਘਰਦੀ ਆਪਣੇ ਜੇਠ ਕੋਲ ਲਾਹੌਰ ਜਾ ਕੇ ਵਾਸਤੇ ਪਾ-ਪਾ ਕੇ ਰੋਈ ਤਾਂ ਜਸਪੱਤ ਵੱਡੀ ਫੌਜ ਲੈ ਕੇ ਲਗਭਗ ਪੰਜਾਹ ਸੱਠ ਹਜ਼ਾਰ ਦੇ ਕਰੀਬ ਸਿੰਘਾਂ ਦਾ ਨਾਮੋ ਨਿਸ਼ਾਨ ਮਿਟਾਉਣ ਲਈ ਨਿਕਲਿਆ ਤੇ ਇਥੇ ਉਦੋਂ ਕਾਹਨੂੰਵਾਨ ਦਾ ਛੰਭ ਪੰਡੋਰੀ ਤੱਕ ਜੰਗਲ ਹੀ ਜੰਗਲ ਹੁੰਦਾ ਸੀ, ਇਕ ਪਾਸੇ ਸੂਕਦਾ ਦਰਿਆ ਤੇ ਇਕ ਪਾਸੇ ਖਤਰਨਾਕ ਛੰਭ ਤੇ ਸੰਘਣਾ ਜੰਗਲ ਦੂਰ ਦੂਰ ਤਕ ਪਰਿੰਦਾ ਤੱਕ ਨਾ ਲਭਦਾ। ਸਿੰਘ ਇਸ ਛੰਭ ਵਿਚ ਲੁਕੇ ਹੋਏ ਸੀ, ਸਿੰਘ ਰਾਤ ਬਰਾਤੇ ਦੁਸ਼ਮਣਾ ਦੇ ਤੰਬੂ ਲੁਟਦੇ ਤੇ ਮਾਰ ਧਾੜ ਕਰਕੇ ਛੁਪਦੇ ਛੁਪਦੇ ਟਿਕਾਣੇ 'ਤੇ ਆ ਲੁਕਦੇ।

ਲਖਪੱਤ ਨੇ ਇਕ ਪਾਸੇ ਖ਼ੂੰਖਾਰ ਕੁੱਤੇ, ਦੂਸਰੇ ਪਾਸੇ ਫੌਜ ਤੇ ਤੀਸਰੇ ਪਾਸੇ ਆਪ ਘੇਰਾ ਪਾ ਕੇ ਚੌਥੇ ਪਾਸੇ ਛੰਭ ਜੰਗਲ ਨੂੰ ਅੱਗ ਲਗਾ ਦਿੱਤਾ। ਵਾਹਿਗੁਰੂ ਆਪ ਸਹਾਈ ਹੋਇਆ। ਇਸ ਯੁੱਧ ਵਿਚ ਲਗਭਗ ਗਿਆਰਾਂ ਹਜ਼ਾਰ ਸਿੰਘ ਸ਼ਹੀਦ ਹੋਏ। ਕੁਝ ਅੱਗ ਦੇ ਘੇਰੇ ਚੋਂ ਬਾਹਰ ਨਿਕਲ ਗਏ, ਆਖ਼ਿਰ ਇਕ ਵੀ ਸਿੰਘ ਲੱਖਪੱਤ ਦੇ ਹੱਥ ਨਾ ਲੱਗਾ ਤਾਂ ਉਹ ਨਾਮੋਸ਼ੀ ਨਾਲ ਵਾਪਸ ਮੁੜ ਗਿਆ।

ਇਸ ਯੁੱਧ ਵਾਲੇ ਸਥਾਨ 'ਤੇ ਉਨ੍ਹਾਂ ਸਮਿਆਂ ਵਿਚ ਕੁਝ ਕਮਰੇ ਖੜੇ ਕੀਤੇ ਗਏ ਸਨ ਹਾਲਾਤ ਆਪਣੇ ਹੱਥਾਂ ਵਿਚ ਦਿਸਦਾ ਆਇਆ ਤਾਂ ਸਿੰਘਾਂ ਨੇ ਇਸ ਜਗ੍ਹਾ 'ਤੇ ਇਨ੍ਹਾਂ ਕਮਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਇਹ ਮੁਸਲਮਾਨਾਂ ਦਾ ਪਿੰਡ ਸੀ। ਇਥੇ ਇਕ ਮਸੀਤ ਸੀ ਜੋ ਉਸ ਸਮੇਂ ਹੀ ਢਹਿ ਗਈ ਸੀ, ਉਸ ਸਮੇਂ ਦੀ ਇਕ ਬੇਰੀ ਅਜੇ ਵੀ ਮੌਜੂਦ ਹੈ, ਜਿਸ ਨੂੰ ਬੇਰੀ ਸਾਹਿਬ ਕਹਿੰਦੇ ਹਨ, ਦੱਸਿਆ ਜਾਂਦਾ ਹੈ ਕਿ ਇਥੇ ਇਕ ਛੱਪੜੀ ਵੀ ਮੌਜੂਦ ਹੁੰਦੀ ਸੀ, ਜੋ ਅੱਜ ਕਲ ਨਜ਼ਰ ਨਹੀਂ ਆਉਂਦੀ। 1947 ਤੋਂ ਪਹਿਲਾਂ ਲਗਭਗ 8 ਕਮਰੇ ਸੀ ਇਸ ਗੁਰਦੁਆਰੇ ਦੇ 1955 ਦੇ ਹੜ੍ਹਾਂ ਵਿਚ ਬਰਾਂਡੇ ਤੇ ਕਮਰੇ ਰੁੜੇ ਗਏ ਤੇ 1960 ਦੇ ਕਰੀਬ ਦੁਬਾਰਾ ਕੁਝ ਕਮਰੇ ਬਣਾਏ ਗਏ।

ਅੱਜ ਤੋਂ ਲਗਭਗ ਡੇਢ ਸਾਲ ਪਹਿਲਾਂ ਇਸ ਪੁਰਾਣੀ ਇਮਾਰਤ ਨੂੰ ਢਾਹਿਆ ਤਾਂ ਇਸ ਵਿਚ ਕਈ ਪੁਰਾਤਨ ਚੀਜਾਂ ਮਿਲੀਆਂ। ਪੋੜੀਆਂ ਥੱਲਿਓ ਇਕ ਗੜਵਾ, ਵੱਡਾ ਜੰਦਰਾ, ਪੰਜ ਤੀਰ ਕਮਾਨ ਇਕ ਸਸਤਰ, ਸ੍ਰੀ ਸਾਹਿਬ, ਇਕ ਦਾਤਰੀ ਤੇ ਇਕ ਹਲਵਾੜਾ। ਅੱਜ ਕਲ ਇਸ ਗੁਰਦੁਆਰੇ ਦੀ ਈਮਾਰਤ, ਸਾਜ ਸੱਜਾ ਲਈ ਤਿਆਰ ਹੋ ਰਹੀ ਹੈ। ਵੱਡਾ ਦੀਵਾਨ ਹਾਲ ਬਣ ਰਿਹਾ ਹੈ, ਇਸ ਗੁਰਦੁਆਰੇ ਨੂੰ ਸ. ਅਵਤਾਰ ਸਿੰਘ ਸਾਹ ਨੇ ਗਿਆਰਾ ਕਲਾਨਾਂ ਜਮੀਨ ਦਿੱਤੀ ਜਿਹੜੇ ਪਿੰਡ ਗੁੰਨੋਪੁਰ ਦੇ ਵਾਸੀ ਹਨ, ਸ. ਸਵਰਨ ਸਿੰਘ ਪਟਵਾਰੀ ਪਿੰਡ ਗੁੰਨੋਪੁਰ ਨੇ 2 ਕਨਾਲਾ ਜਮੀਨ ਦਿੱਤੀ।

ਸ਼੍ਰੋਮਣੀ ਕਮੇਟੀ ਨੇ ਇਸ ਗੁਰਦੁਆਰੇ ਦੇ ਨਿਰਮਾਣ ਲਈ ਇਕ ਲੱਖ ਇੱਟ ਦਿੱਤੀ। ਇਲਾਕੇ ਦੀਆਂ ਸੰਗਤਾਂ ਦਾ ਬਹੁਤ ਸਹਿਯੋਗ ਹੈ। ਗੁਰੂਘਰ ਨਾਲ ਪ੍ਰੇਮ ਸਤਿਕਾਰ ਤੇ ਸ਼ਰਧਾ ਰੱਖਦੇ ਹੋਏ ਧਨੋ-ਮਨੋ-ਧਨੋ ਸੇਵਾਵਾਂ ਸਮਰਪਿਤ ਕਰਦੇ ਹਨ। ਇਸ ਗੁਰਦੁਆਰੇ ਦੇ ਪ੍ਰਧਾਨ ਹਨ, ਮਾਸਟਰ ਜੌਹਰ ਸਿੰਘ, ਹੋਰ 17 ਮੈਂਬਰ ਹਨ। ਇਲਾਕੇ ਦੇ ਪਿੰਡਾਂ ਦੇ। ਸ਼ਹੀਦੀ ਸਿੰਘਾਂ ਦੀ ਯਾਦ ਨੂੰ ਸਮਰਪਿਤ ਇਸ ਗੁਰਦੁਆਰੇ ਵਿਚ ਵਿਸਾਖੀ ਦਾਮੇਲਾ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਦਸ ਗਿਆਰਾਂ ਦਸੰਬਰ ਨੂੰ ਸਲਾਨਾ ਜੋੜ ਮੇਲਾ ਲਗਦਾ ਹੈ, ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਹਰ ਸਾਲ ਸੰਗਤਾਂ ਆਉਂਦੀਆਂ ਹਨ, ਜਦ ਜੂਨ 1946 ਦੇ ਸ਼ਹੀਦ ਸਿੰਘਾਂ ਦੀ ਯਾਦ ਵਿਚ ਭਾਰੀ ਕੀਰਤਨ ਦਰਬਾਰ ਤੇ ਲੰਗਰ ਸੇਵਾਵਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਹਰ ਮੱਸਿਆ 'ਤੇ ਹਜ਼ਾਰਾਂ ਸੰਗਤਾਂ ਸ਼ਰਧਾ ਨਾਲ ਪਹੁੰਚਦੀਆਂ ਹਨ, ਸਾਲ ਵਿਚ ਦੋ ਵਾਰੀ ਮਈ ਦੇ ਮਹੀਨੇ ਰੇਣ ਸਬਾਈ ਕੀਰਤਨ ਦਾ ਖ਼ੂਬਸੂਰਤ ਆਯੋਜਨ ਕੀਤਾ ਜਾਂਦਾ ਹੈ। ਚੌਵੀ ਘੰਟੇ ਲੰਗਰ ਚਲਦਾ ਰਹਿੰਦਾ ਹੈ। ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਿਤ ਇਹ ਘੱਲੂਘਾਰਾ ਗੁਰਦੁਆਰਾ ਚੜਦੇ ਸੂਰਜ ਵਾਂਗ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖੇਗਾ।

# ਪੰਜਾਬ ਦੀ ਜਵਾਨੀ ਲਈ ਆਪਣੀ ਧਰਤੀ ਬੇਗ਼ਾਨੀ ਕਿਉਂ?

ਲਿਖਤ : ਵਰਿੰਦਰ ਸਿੰਘ ਨਿਮਾਣਾ
ਮੋਬਾਈਲ : 70877-87700

ਕਿਸੇ ਵੇਲੇ ਦੇਸ਼ ਦੇ ਸਭ ਤੋਂ ਖ਼ੁਸ਼ਹਾਲ 'ਤੇ ਜ਼ਰਖੇਜ਼ ਮਿੱਟੀ ਦੇ ਮਾਲਕ ਤੇ ਪੰਜ ਦਰਿਆਵਾਂ ਦੇ ਦੇਸ਼ ਰਹੇ ਪੰਜਾਬ ਵਿਚਲੇ ਅੱਲੜ੍ਹ ਉਮਰਾਂ ਨੂੰ ਪਹੁੰਚੇ ਜਵਾਨ ਅੱਜ ਪੱਛਮੀ ਮੁਲਕਾਂ 'ਚ ਜਾ ਵਸਣ ਦੇ ਹਿਜਰਤਕਾਰੀ ਵਰਤਾਰੇ ਦਾ ਤੇਜ਼ੀ ਨਾਲ ਹਿੱਸਾ ਬਣ ਰਹੇ ਹਨ। ਪੰਜਾਬ 'ਚੋਂ ਹਰ ਰੋਜ਼ ਢਾਈ ਸੌ ਦੇ ਕਰੀਬ ਤੇ ਸਾਲ ਭਰ 'ਚ ਡੇਢ ਲੱਖ ਦੇ ਆਸ ਪਾਸ ਪੰਜਾਬੀ ਮੁੰਡੇ-ਕੁੜੀਆਂ ਦਾ ਪੱਛਮੀ ਮੁਲਕਾਂ ਲਈ ਜਹਾਜ਼ਾਂ ਰਾਹੀਂ ਉਡਾਰੀਆਂ ਭਰਨਾ ਸੂਬੇ ਦੀ ਜਵਾਨੀ ਵਲੋਂ ਪ੍ਰਵਾਸ ਕਰਨ ਦੀਆਂ ਤ੍ਰਾਸਦਿਕ ਤਸਵੀਰਾਂ ਹਨ। ਪੰਜਾਬ ਦੀ ਜਵਾਨੀ ਵਲੋਂ ਪੱਛਮੀ ਮੁਲਕਾਂ 'ਚ ਜਾ ਵੱਸਣ ਦੀ ਤਾਂਘ ਪੂਰੀ ਕਰਨ ਲਈ ਇਨ੍ਹਾਂ ਦੇਸ਼ਾਂ ਦੇ ਵਿੱਦਿਅਕ ਅਦਾਰਿਆਂ ਤੋਂ ਪੜ੍ਹਨ ਦੇ ਸਰਟੀਫਿਕੇਟ ਲੈਣ ਲਈ ਹਰ ਸਾਲ ਲੱਖਾਂ ਰੁਪਏ ਫੀਸਾਂ ਦੇ ਰੂਪ 'ਚ ਭੁਗਤਾਨ ਕਰਨਾ ਤੇ ਫਿਰ ਉਥੋਂ ਦੇ ਵਸਨੀਕ ਬਣ ਕੇ ਪੈਦਾ ਹੁੰਦੀ ਹਰ ਮੁਸ਼ਕਿਲ ਨੂੰ ਮਨ ਕਰੜਾ ਕਰਕੇ ਬਰਦਾਸ਼ਤ ਕਰਕੇ ਜ਼ਿੰਦਗੀ ਦੀ ਤੋਰ ਨੂੰ ਜਾਰੀ ਰੱਖਣ ਦਾ ਹਠ ਇਹ ਸਾਬਤ ਕਰਦਾ ਹੈ ਕਿ ਅੱਜ ਦੇ ਦੌਰ 'ਚ ਪੰਜਾਬ ਜਵਾਨੀ ਦਾ ਆਪਣੇ ਮੁਲਕ ਤੇ ਆਪਣੀ ਮਿੱਟੀ ਨਾਲੋਂ ਮੋਹ ਕਿੰਨਾ ਭੰਗ ਹੋ ਚੁੱਕਾ ਹੈ। ਪੰਜਾਬ ਦੀ ਧਰਤੀ ਨਾਲ ਡੂੰਘਾ ਮੋਹ ਰੱਖਣ ਵਾਲੇ ਚਿੰਤਕ ਤੇ ਸੂਝਵਾਨ ਲੋਕ ਸੂਬੇ ਦੀ ਹੁਨਰਮੰਦ ਨੌਜਵਾਨ ਮਾਨਵੀ ਸ਼ਕਤੀ ਦੇ ਏਨੇ ਵੱਡੇ ਪੱਧਰ 'ਤੇ ਹੋ ਰਹੇ ਪਲਾਇਨ ਨੂੰ 'ਬਰੇਨ ਡਰੇਨ' ਦਾ ਨਾਂਅ ਦੇ ਕੇ ਇਸ ਨੂੰ ਦੇਸ਼ ਦੇ ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਵਿਕਾਸ ਲਈ ਬੇਹੱਦ ਘਾਤਕ ਦੱਸ ਰਹੇ ਹਨ। ਬਾਵਜੂਦ ਇਸ ਦੇ ਇਸ ਨਾਂਹਪੱਖੀ ਵਰਤਾਰੇ ਨੂੰ ਕੋਈ ਰੋਕ ਨਹੀਂ ਲੱਗ ਸਕੀ ਹੈ। ਆਪਣੇ ਜੁਆਕਾਂ ਦੇ ਸੁਨਹਿਰੀ ਭਵਿੱਖ ਲਈ ਫ਼ਿਕਰਮੰਦ ਮਾਪਿਆਂ ਵਲੋਂ ਆਪਣੀ ਜ਼ਿੰਦਗੀ ਭਰ ਦੀਆਂ ਕਮਾਈਆਂ ਆਪਣੇ ਜੁਆਕਾਂ ਦੀ ਜਹਾਜ਼ੇ ਚੜ੍ਹਨ ਦੀ ਤਾਂਘ ਦੇ ਲੇਖੇ ਲਾਈਆਂ ਜਾ ਰਹੀਆਂ ਹਨ। ਆਈਲੈਟਸ ਪਾਸ ਕਰਨਾ ਚੜ੍ਹਦੀ ਉਮਰ ਦੇ ਗਭਰੇਟਾਂ ਲਈ ਜ਼ਿੰਦਗੀ ਦਾ ਸਭ ਤੋਂ ਵੱਡਾ ਉਦੇਸ਼ ਬਣ ਕੇ ਰਹਿ ਗਿਆ ਹੈ ਤੇ ਪੜ੍ਹੇ-ਲਿਖੇ ਪਰਿਵਾਰਾਂ ਵਲੋਂ ਵੀ ਬੱਚੇ ਨੂੰ ਆਈਲੈਟਸ ਕਰਵਾ ਕਿਸੇ ਪੱਛਮੀ ਮੁਲਕ ਦੀ ਪੱਕੀ ਨਾਗਰਿਕਤਾ ਹਾਸਲ ਕਰਾਉਣੀ ਤੇ ਇੱਕ ਦੋ ਗੇੜੀਆਂ ਬਾਹਰ ਦੀਆਂ ਮਾਰ ਲੈਣੀਆਂ ਵੀ ਆਪਣੇ ਵੱਡੇ ਸਮਾਜਿਕ ਰੁਤਬੇ ਨਾਲ ਜੋੜ ਕੇ ਦੇਖਿਆ ਜਾਣ ਲੱਗ ਪਿਆ ਹੈ ਤੇ ਪੱਛਮੀ ਜ਼ਿੰਦਗੀ ਦਾ ਮਾਡਲ ਹੀ ਕਾਮਯਾਬ ਜ਼ਿੰਦਗੀ ਦਾ ਸਭ ਤੋਂ ਵੱਡਾ ਰਾਜ਼ ਮੰਨਿਆ ਜਾਣ ਲੱਗ ਪਿਆ ਹੈ। ਇਸ ਮੰਤਵ ਲਈ ਪੰਜਾਬ ਵੱਸਦੇ ਲੋਕਾਂ ਵਲੋਂ ਆਪਣੀਆਂ ਜ਼ਮੀਨਾਂ-ਜਾਇਦਾਦਾਂ ਵੀ ਵੇਚੀਆਂ ਜਾ ਰਹੀਆਂ ਹਨ ਤੇ ਰੱਬ ਦੇ ਘਰਾਂ 'ਚ ਆਪਣੇ ਪਿਉ-ਦਾਦਿਆਂ ਦੇ ਘਰਾਂ ਤੋਂ ਸਦਾ ਲਈ ਛੱਡ ਜਾਣ ਲਈ ਅਰਦਾਸਾਂ ਵੀ ਹੋ ਰਹੀਆਂ ਹਨ। ਇਨ੍ਹਾਂ ਧੀਆਂ-ਪੁੱਤਾਂ ਦੇ ਮਾਪੇ ਦਿਲ 'ਤੇ ਕਿੱਡਾ ਵੱਡਾ ਪੱਥਰ ਰੱਖ ਆਪਣੇ ਦਿਲ ਦੇ ਟੁਕੜਿਆਂ ਨੂੰ ਬੇਗਾਨੇ ਮੁਲਕਾਂ ਵੱਲ ਤੋਰ ਰਹੇ ਹਨ, ਇਸ ਦਰਦ ਦਾ ਅਹਿਸਾਸ ਤਾਂ ਰੱਬ ਹੀ ਜਾਣਦਾ ਹੋਵੇਗਾ , ਪਰ ਇਕ ਹੱਸਦੇ ਵਸਦੇ ਤੇ ਦੁਨੀਆ ਦੀ ਸਭ ਤੋਂ ਖ਼ੂਬਸੂਰਤ ਤੇ ਕੁਦਰਤੀ ਨਿਆਮਤਾਂ ਨਾਲ ਭਰਪੂਰ ਜਗ੍ਹਾ 'ਪੰਜਾਬ' ਤੋਂ ਹੀ ਉਸ ਦੇ ਵਾਰਸਾਂ ਦਾ ਏਨੀ ਵੱਡੀ ਪੱਧਰ 'ਤੇ ਮੋਹ ਭੰਗ ਹੋਣਾ ਸੱਚਮੁੱਚ ਹੀ ਕਿਸੇ ਮਿਹਣੇ ਤੋਂ ਘੱਟ ਨਹੀਂ ਕਿਹਾ ਜਾ ਸਕਦਾ।

ਪੰਜਾਬੀ ਕਵਿਤਰੀ ਸਰਬਜੀਤ ਕੌਰ ਜੱਸ ਨੇ ਇਸ ਵਰਤਾਰੇ ਨੂੰ ਇਕ ਪੰਜਾਬੀ ਬੋਲੀ ਰਾਹੀ ਇੰਝ ਬਿਆਨ ਕੀਤਾ ਹੈ :

'ਗੁਠਾ ਬਾਪੂ ਦਾ ਹਵਾਈ ਅੱਡਾ ਬਣਿਆ,
ਪੁੱਤਾਂ ਦੇ ਜਹਾਜ਼ ਉੱਡ ਗਏ...।

ਸਮਾਜਿਕ-ਆਰਥਿਕ ਮਾਹਰ ਇਸ ਵਰਤਾਰੇ ਲਈ ਭਾਵੇਂ ਸੂਬੇ ਦੇ ਮੁੱਖ ਕਿੱਤੇ ਖੇਤੀਬਾੜੀ 'ਚ ਆਈ ਖੜੋਤ, ਫ਼ਸਲੀ ਵਿਭਿੰਨਤਾ ਦੀ ਕਮੀ ਤੇ ਸਰਕਾਰਾਂ ਵਲੋਂ ਸਮੇਂ-ਸਮੇਂ ਸਿਰ ਜਵਾਨੀ ਲਈ ਰੋਜ਼ਗਾਰ ਦੇ ਮੌਕੇ ਪੈਦਾ ਨਾ ਕਰ ਸਕਣਾ ਦੱਸਦੇ ਹੋਣ, ਪਰ ਸੂਬੇ ਦੇ ਨਵੇਂ ਪੋਚ ਦੇ ਮਨਾਂ ਅੰਦਰ ਆਪਣੇ ਮੁਲਕ ਤੇ ਆਪਣੀ ਮਿੱਟੀ ਲਈ ਪੈਦਾ ਹੋਈ ਵੱਡੇ ਪੱਧਰ 'ਤੇ ਬੇਗਾਨਗੀ ਤੇ ਉਪਰਾਮਤਾ ਨੇ ਪੰਜਾਬ ਦੇ ਹਰ ਦਰਦਮੰਦ ਦੀ ਰੂਹ ਤੇ ਆਤਮਾ ਨੂੰ ਇਸ ਤਰ੍ਹਾਂ ਵਲੂੰਧਰ ਕੇ ਰੱਖ ਦਿੱਤਾ ਹੈ ਕਿ ਜੇ ਇਹ ਵਰਤਾਰਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਹੋਂਦ ਕਿਵੇਂ ਬਰਕਰਾਰ ਰਹਿ ਸਕੇਗੀ? ਪੰਜਾਬ 'ਚੋਂ ਜਵਾਨੀ ਦੇ ਹਿਜਰਤ ਕਰਨ ਵਾਲੇ ਨਾਂਹ-ਪੱਖੀ ਵਰਤਾਰੇ ਬਾਰੇ ਹਰ ਕੋਈ ਜਾਣਦਾ ਹੈ ਕਿ ਇਕ ਹੱਥਾਂ 'ਚ ਅਟੈਚੀ ਫੜ, ਪਿਉ ਦਾਦਿਆਂ ਦੇ ਘਰ ਨੂੰ ਇਕ ਵਾਰ ਅੱਖਾਂ ਭਰ ਕੇ ਉਦਾਸੀਆਂ ਨਜ਼ਰਾਂ ਨਾਲ ਨਿਹਾਰਨ, ਮਾਂ-ਪਿਓ ਦੇ ਪੈਰਾਂ ਨੂੰ ਹੱਥ ਲਾ ਕੇ ਅਣਕਿਆਸੇ ਸਫ਼ਰ ਵੱਲ ਤੁਰਨ ਵਾਲਾ ਜਵਾਨ ਜਾਂ ਮੁਟਿਆਰ ਮੁੜ ਉਸ ਘਰ ਦਾ ਸਥਾਈ ਬਾਸ਼ਿੰਦਾ ਬਣ ਕੇ ਨਹੀਂ ਬਹੁੜਿਆ, ਸਗੋਂ ਉਹ ਅਗਲੇ ਵਰ੍ਹਿਆਂ 'ਚ ਪ੍ਰਦੇਸੀਆਂ ਵਾਂਗ ਚਾਰ ਦਿਨਾਂ ਦੀ ਫੇਰੀ ਮਾਰਨ ਤੇ ਆਪਣੇ ਜੱਦੀ ਇਲਾਕੇ ਲਈ ਪ੍ਰਾਹੁਣਿਆਂ ਵਾਂਗ ਵਿਚਰਨ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਆਪਣੇ ਬਚਪਨ 'ਚ ਮਾਂ-ਪਿਓ ਦੇ ਸਿਰ 'ਤੇ ਬਾਦਸ਼ਾਹੀਆਂ ਮਾਣਨ ਵਾਲੇ ਚੋਬਰਾਂ ਤੇ ਫਿਰ ਜਵਾਨੀ ਦੀ ਦਹਿਲੀਜ਼ 'ਤੇ ਪਹੁੰਚ ਚੰਨ-ਤਾਰਿਆਂ ਨਾਲ ਬਾਤਾਂ ਪਾ ਜ਼ਿੰਦਗੀ ਨੂੰ ਹੁਸੀਨ ਤੇ ਖ਼ੂਬਸੂਰਤ ਬਣਾਉਣ ਦਾ ਸੁਪਨਾ ਦੇਖਣ ਵਾਲੀ ਪੰਜਾਬ ਦੀ ਨਵੀਂ ਪੀੜ੍ਹੀ ਵਲੋਂ ਖ਼ੁਸ਼ਹਾਲ ਮੁਲਕਾਂ ਦਾ ਰੁਖ਼ ਕਰਨ ਲਈ ਉਥੇ ਪੜ੍ਹਾਈ ਕਰਨ ਦੇ ਬਹਾਨੇ ਹੀ ਦਾਖ਼ਲਾ ਨਹੀਂ ਲਿਆ ਜਾ ਰਿਹਾ, ਬਲਕਿ ਉਨ੍ਹਾਂ ਮੁਲਕਾਂ ਤੱਕ ਪਹੁੰਚਣ ਲਈ ਟਰੈਵਲ ਏਜੰਸੀਆਂ ਤੇ ਏਜੰਟਾਂ ਵਲੋਂ ਹੱਥ 'ਤੇ ਸਰ੍ਹੋਂ ਜਮਾਉਣ ਵਾਲੇ ਵਾਅਦਿਆਂ 'ਤੇ ਯਕੀਨ ਕਰਕੇ ਹੱਸਦੀ-



ਵਸਦੀ ਜ਼ਿੰਦਗੀ ਨੂੰ ਘੋਰ ਸੰਕਟ 'ਚ ਪਾਉਣ ਦਾ ਜੋਖ਼ਮ ਲੈਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਪਿਛਲੇ ਸਮੇਂ 'ਚ ਵਾਪਰੇ ਮਾਲਟਾ ਕਾਂਡ, ਪਨਾਮਾ ਕਾਂਡ ਤੇ ਮੈਕਸੀਕੋ ਦੀ ਸਰਹੱਦ 'ਤੇ ਵਾਪਰਦੇ ਖ਼ਤਰਨਾਕ ਜਾਨਲੇਵਾ ਹਾਦਸੇ ਪੰਜਾਬ ਦੀ ਰੁਲ ਰਹੀ ਜਵਾਨੀ ਦੇ ਚਸ਼ਮਦੀਦ ਗਵਾਹ ਬਣ ਚੁੱਕੇ ਹਨ।

ਪਲਾਇਨ ਕਰਨ ਦੀ ਰੁਚੀ ਨਾਲ ਸੂਬੇ 'ਚ ਕਈ ਤਰ੍ਹਾਂ ਦੇ ਸਮਾਜਿਕ , ਆਰਥਿਕ, ਸਭਿਆਚਾਰਕ ਤੇ ਇਤਿਹਾਸਕ ਵਿਗਾੜ ਸਾਹਮਣੇ ਆਉਣ ਲੱਗ ਪਏ ਹਨ। ਇਸ ਕਾਰਨ ਸੂਬੇ ਦੀ ਸਮਾਜਿਕ ਜ਼ਿੰਦਗੀ ਬੁਰੀ ਤਰ੍ਹਾਂ ਅਸਰਅੰਦਾਜ਼ ਹੋਣ ਲੱਗ ਪਈ ਹੈ। ਕਿਸੇ ਵੇਲੇ ਪੇਂਡੂ ਜ਼ਿੰਦਗੀ ਦੇ ਵਿਆਹਾਂ, ਸ਼ਾਦੀਆਂ ਤੇ ਮਰਨੇ ਪਰਨੇ ਤੇ ਹੋਰ ਸੁੱਖ ਦੁੱਖ ਦੇ ਮੌਕਿਆਂ 'ਤੇ ਜਵਾਨ ਮੁੰਡਿਆਂ ਦੀ ਬੜੀ ਅਹਿਮ ਭੂਮਿਕਾ ਹੋਇਆ ਕਰਦੀ ਸੀ, ਜਦ ਕਿ ਹੁਣ ਬਾਹਰ ਗਏ ਬੱਚਿਆਂ ਦੇ ਪਰਿਵਾਰਾਂ ਜਾਂ ਕਰੀਬੀ ਰਿਸ਼ਤੇਦਾਰਾਂ ਨੂੰ ਦਵਾ ਦਾਰੂ ਕਰਾਉਣ ਜਾਂ ਹਸਪਤਾਲਾਂ 'ਚ ਦਾਖ਼ਿਲ ਕਰਾਉਣ ਵਰਗੇ ਅਹਿਮ ਮੌਕਿਆਂ 'ਤੇ ਘਰ ਦੇ ਜੀਆਂ ਦੀ ਮੌਜੂਦਗੀ ਦੀ ਵੱਡੀ ਘਾਟ ਰੜਕਦੀ ਰਹਿੰਦੀ ਹੈ। ਪਿੰਡਾਂ 'ਚ ਕਿਸੇ ਰਿਸ਼ਤੇਦਾਰੀ ਜਾਂ ਸੱਜਣ ਮਿੱਤਰ ਦੇ ਅਫ਼ਸੋਸ ਹੋ ਜਾਣ ਦੀ ਸੂਰਤ 'ਚ ਘਰ ਦੇ ਸਿਆਣੇ ਜੀਅ ਨੂੰ ਉੱਥੇ ਲੈ ਕੇ ਜਾਣ ਵਾਲਾ ਬੰਦਾ ਨਹੀਂ ਮਿਲ ਰਿਹਾ। ਬਾਹਰ ਜਾਣ ਵਾਲੇ ਜਵਾਨਾਂ ਦੇ ਘਰਦਿਆਂ ਦਾ ਹਰ ਦੁੱਖ ਦਰਦ ਜਾਂ ਖ਼ੁਸ਼ੀ-ਗ਼ਮੀ ਵੀਡੀਓ ਕਾਲ ਜਾਂ ਫੋਨ ਦੀ ਘੰਟੀ ਦੇ ਰਹਿਮ 'ਤੇ ਨਿਰਭਰ ਹੋ ਗਿਆ ਹੈ। ਵਿਦੇਸ਼ ਗਏ ਬੰਦਿਆਂ ਦੇ ਪਰਿਵਾਰਾਂ 'ਚ ਕਿਸੇ ਜੀਅ ਦੀ ਮੌਤ ਹੋ ਜਾਣ ਦੀ ਸੂਰਤ 'ਚ ਬਹੁਤੇ ਹਾਲਾਤ 'ਚ ਨੇੜਲੇ ਜੀਅ ਵਲੋਂ ਸਕੇ ਸੰਬੰਧੀ ਦੀ ਅਰਥੀ ਨੂੰ ਮੋਢਾ ਦੇਣ ਦਾ ਫ਼ਰਜ਼ ਨਿਭਾਉਣਾ ਔਖਾ ਹੋ ਜਾਂਦਾ ਹੈ ਤੇ ਕਈ ਵਾਰ ਆਪਣੇ ਜਾਨ ਤੋਂ ਪਿਆਰੇ ਬੰਦੇ ਦੀ ਆਖ਼ਰੀ ਝਲਕ ਪਾਉਣ ਦੀ ਤਾਂਘ 'ਚ ਜਹਾਨੋਂ ਰੁਖ਼ਸਤ ਹੋਏ ਬੰਦੇ ਦਾ ਮਨੁੱਖੀ ਸਰੀਰ ਆਪਣੇ ਕਰੀਬੀ ਰਿਸ਼ਤੇਦਾਰ ਦੀ ਆਖ਼ਰੀ ਛੋਹ ਲਈ ਵੀ ਕਈ ਦਿਨ ਮੁਰਦਾ ਘਰ ਦੇ ਠੰਢੇ ਫਰਿੱਜ 'ਚ ਪਿਆ ਰਹਿੰਦਾ ਹੈ। ਇਧਰਲੇ ਰਿਸ਼ਤੇਦਾਰ ਦੇ ਜਹਾਨੋਂ ਕੂਚ ਕਰਨ ਪਿੱਛੋਂ ਵਿਦੇਸ਼ ਬੈਠੇ ਬੰਦੇ ਕੋਲ ਸਮੇਂ ਦੀ ਘਾਟ ਕਰਕੇ ਕਈ ਅਤਿ ਜ਼ਰੂਰੀ ਰਸਮਾਂ ਨੂੰ ਵੀ ਕੁਝ ਦਿਨਾਂ 'ਚ ਸਮੇਟ ਕੇ ਮਨ ਨੂੰ ਧਰਵਾਸ ਦੇ ਫਿਰ ਬਿਗਾਨੇ ਥਾਂ ਵੱਲ ਪਰਤ ਜਾਣ ਦੀਆਂ ਕਹਾਣੀਆਂ ਵੀ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਨੇ।

ਪੰਜਾਬ ਵਿਚਲੇ ਘਰਾਂ ਤੋਂ ਪੂਰੇ ਟੱਬਰਾਂ ਸਮੇਤ ਵਿਦੇਸ਼ ਵਸਣ ਵਾਲੇ ਪਰਿਵਾਰਾਂ ਦੇ ਘਰਾਂ 'ਚ ਸਵੇਰੇ ਸ਼ਾਮ ਕੋਈ ਬਲਬ ਬੱਤੀ ਤਾਂ ਜ਼ਰੂਰ ਦਿਖਾਈ ਦੇ ਜਾਂਦੀ ਹੈ, ਪਰ ਘਰਾਂ ਦੇ ਕਮਰੇ, ਵਰਾਂਡੇ, ਵਿਹੜੇ ਤੇ ਚਾਰ ਦਿਵਾਰੀਆਂ ਘਰ ਦੇ ਜੀਆਂ ਦੀ ਅਣਹੋਂਦ 'ਚ ਖ਼ਾਮੋਸ਼ੀਆਂ ਤੇ ਉਜਾੜ ਦਾ ਦਰਦ ਹੰਢਾਉਂਦੇ ਆਪਣੀ ਹੋਂਦ ਤੇ ਹੋਣੀ 'ਤੇ ਝੂਰਦੇ ਜ਼ਰੂਰ ਦਿਖਾਈ ਦਿੰਦੇ ਹਨ। ਪੰਜਾਬ ਵਿਚਲੇ ਹਜ਼ਾਰਾਂ ਮਕਾਨ ਅਜਿਹੇ ਹੋਣਗੇ, ਜਿੱਥੇ ਵਰ੍ਹੇ ਛਿਮਾਹੀ ਪਿੱਛੋਂ ਭਾੜੇ ਦੇ ਕਾਮਿਆਂ ਵਲੋਂ ਸਾਫ ਸਫਾਈ ਕਰਕੇ ਦੀਵਾਲੀ ਵਰਗੇ ਤਿਉਹਾਰ ਮੌਕੇ ਬਨੇਰਿਆਂ 'ਤੇ ਦੀਵੇ ਬਾਲਣ ਦੀ ਰਸਮ ਤਾਂ ਜ਼ਰੂਰ ਨਿਭਾਅ ਦਿੱਤੀ ਜਾਂਦੀ ਹੈ। ਬਾਹਰ ਜਾ ਵਸਣ ਵਾਲੇ ਪਰਿਵਾਰਾਂ ਦੇ ਘਰਾਂ 'ਚ ਅੱਜ ਕੱਲ੍ਹ ਜ਼ਿਆਦਾਤਰ ਯੂ. ਪੀ., ਬਿਹਾਰ ਤੋਂ ਆਏ ਪ੍ਰਵਾਸੀ ਮਜ਼ਦੂਰਾਂ ਵਲੋਂ ਹੀ ਰੱਖ-ਰਖਾਓ ਦੀ ਜ਼ਿੰਮੇਵਾਰੀ ਨਿਭਾਈ ਜਾ ਰਹੀ ਹੈ ਤੇ ਕਿਸਾਨੀ ਪਿਛੋਕੜ ਵਾਲੇ ਪਰਿਵਾਰਾਂ ਦੀਆਂ ਜ਼ਮੀਨਾਂ 'ਤੇ ਲੱਗੇ ਟਿਊਬਵੈੱਲਾਂ ਦੀਆਂ ਮੋਟਰਾਂ ਤੋਂ ਅਤਿ ਡੂੰਘੇ ਹੁੰਦੇ ਜਾ ਰਹੇ ਪਾਣੀ ਦੀ ਤਕਦੀਰ ਦਾ ਫ਼ੈਸਲਾ ਵੀ ਪ੍ਰਵਾਸੀ ਮਜ਼ਦੂਰਾਂ ਦੇ ਰਹਿਮੋ ਕਰਮ 'ਤੇ ਨਿਰਭਰ ਹੋ ਕੇ ਰਹਿ ਗਿਆ ਹੈ। ਇਕ ਪਾਸੇ ਯੂਰਪ ਦੇ ਬਹੁਤੇ ਦੇਸ਼ਾਂ ਨੇ ਆਪਣੀ ਜ਼ਮੀਨ ਹੇਠਲਾ ਪਾਣੀ ਅਜੇ ਤੱਕ ਪੀਣ ਲਈ ਵੀ ਨਹੀਂ ਵਰਤੋਂ 'ਚ ਲਿਆਂਦਾ ਤੇ ਦੂਜੇ ਪਾਸੇ ਪੰਜਾਬ ਵਰਗੇ ਕੁਦਰਤੀ ਸੋਮਿਆਂ ਨਾਲ ਭਰਪੂਰ ਖੇਤਰਾਂ 'ਚ ਸੰਜੀਦਾ ਤੇ ਜ਼ਿੰਮੇਵਾਰ ਲੋਕਾਂ ਦੀ ਘਾਟ ਕਰਕੇ ਧਰਤੀ ਹੇਠਲਾ ਪਾਣੀ ਕੁਝ ਸਾਲਾਂ ਤੱਕ ਖ਼ਤਮ ਹੋਣ ਦੀਆਂ ਚਿਤਾਵਨੀਆਂ ਆਉਣ ਲੱਗ ਪਈਆਂ ਹਨ। ਜ਼ਮੀਨਾਂ ਨੂੰ ਠੇਕੇ 'ਤੇ ਲੈ ਖੇਤੀ ਕਰਨ ਵਾਲੇ ਲੋਕਾਂ ਨੇ ਰੱਜ ਕੇ ਰਸਾਇਣਕ ਖਾਦਾਂ ਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਜ਼ਹਿਰੀਲੀਆਂ ਤੇ ਝੋਨੇ ਵਰਗੀਆਂ ਵੱਧ ਪਾਣੀ ਖਪਾਉਣ ਵਾਲੀਆਂ ਖੇਤੀ ਜਿਣਸਾਂ ਪੈਦਾ ਕਰਨ ਦੀ ਨਾਂਹ-ਪੱਖੀ ਪ੍ਰਵਿਰਤੀ ਨੂੰ ਵੀ ਜਨਮ ਦਿੱਤਾ ਹੈ।

ਪੰਜਾਬ ਦੇ ਪਿੰਡਾਂ 'ਚ ਪੰਚਾਇਤਾਂ ਤੇ ਯੂਥ ਕਲੱਬਾਂ ਵਰਗੀਆਂ ਅਤਿ ਜ਼ਰੂਰੀ ਸੰਸਥਾਵਾਂ ਨੂੰ ਸਚਾਰੂ ਢੰਗ ਨਾਲ ਚਲਾਉਣ ਲਈ ਸੁਹਿਰਦ ਤੇ ਅਗਾਂਹਵਧੂ ਲੋਕਾਂ ਦੀ ਵੱਡੇ ਪੱਧਰ 'ਤੇ ਕਮੀ ਨੇ ਸੂਬੇ ਦੇ ਰਾਜਸੀ ਸਮਾਜਿਕ ਪ੍ਰਬੰਧ ਲਈ ਵੱਡੇ ਸੁਆਲ ਖੜ੍ਹੇ ਕਰ ਦਿੱਤੇ ਹਨ। ਪਰਵਾਸ ਦੀ ਇਸ ਰੁਚੀ ਦਾ ਸਭ ਤੋਂ ਮਾਰੂ ਅਸਰ ਸੂਬੇ ਦੇ ਪ੍ਰਸ਼ਾਸ਼ਨਿਕ ਪ੍ਰਬੰਧ 'ਤੇ ਵੀ ਪੈ ਰਿਹਾ ਹੈ। ਕਿਸੇ ਵੇਲੇ ਦੇਸ਼ ਦੇ ਪ੍ਰਸ਼ਾਸ਼ਨਿਕ ਤੇ ਸੈਨਿਕ ਖੇਤਰਾਂ 'ਚ ਪੰਜਾਬ ਦੇ ਨੌਜਵਾਨਾਂ ਦਾ ਨਾਂਅ ਮੋਹਰੀ ਕਤਾਰਾਂ 'ਚ ਹੋਇਆ ਕਰਦਾ ਸੀ, ਪਰ ਹੁਣ ਪੰਜਾਬ ਰਾਜ ਦੇ ਵੱਖੋ-ਵੱਖਰੇ ਵਿਭਾਗਾਂ ਦੀਆਂ ਅਸਾਮੀਆਂ ਪੁਰ ਕਰਨ ਲਈ ਆਪਣੇ ਹੀ ਕੋਟੇ ਲਈ ਉਮੀਦਵਾਰ ਪੂਰੇ ਨਹੀਂ ਹੋ ਰਹੇ ਤੇ ਇਸ ਰਾਜ 'ਚ ਨੌਕਰੀ ਲਈ ਮੁਕਾਬਲਾ ਘੱਟ ਹੋਣ ਕਰਕੇ ਦੂਜੇ ਰਾਜਾਂ ਦੇ ਉਮੀਦਵਾਰ ਪੰਜਾਬ ਕੋਟੇ 'ਚੋਂ ਨੌਕਰੀਆਂ ਹਾਸਲ ਕਰ ਰਹੇ ਹਨ। ਸੂਬੇ ਦੀ ਜਵਾਨੀ ਵਲੋਂ ਇੱਥੋਂ ਪਲਾਇਨ ਕਰਨ ਦੇ ਰੁਝਾਨ ਨਾਲ ਇੱਥੋਂ ਦੀ ਸਮਾਜਿਕ-ਆਰਥਿਕ ਜ਼ਿੰਦਗੀ ਬੁਰੀ ਤਰ੍ਹਾਂ ਅਸਰ-ਅੰਦਾਜ਼ ਹੋਣ ਲੱਗੀ ਹੈ। ਪੰਜਾਬ ਦੇ ਨਵੇਂ ਪੋਚ ਵਲੋਂ ਜ਼ਿੰਦਗੀ ਦੇ ਹਰ ਮਸਲੇ ਤੇ ਖ਼ੁਸ਼ਹਾਲੀ ਦਾ ਰਾਜ਼ ਸਿਰਫ ਆਈਲੈਟਸ ਦਾ ਟੈਸਟ ਹੀ ਮੰਨ ਲਏ ਜਾਣ ਕਰਕੇ ਇਸ ਸੂਬੇ 'ਚ ਨਾ ਤਾਂ ਬੈਂਕ, ਰੇਲਵੇ, ਫ਼ੌਜ, ਆਈ. ਏ . ਐਸ. ਜਾਂ ਪੀ. ਸੀ. ਐਸ. ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਵਾਸਤੇ ਕੋਈ 'ਕੋਚਿੰਗ ਸੈਂਟਰਾਂ' ਦੀ ਵਿਵਸਥਾ ਹੋ ਸਕੀ ਹੈ ਤੇ ਨਾ ਹੀ ਸੂਬੇ ਦੇ ਵਿਦਿਆਰਥੀਆਂ 'ਚ ਇਸ ਤਰ੍ਹਾਂ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਲਈ ਕੋਈ ਰੁਚੀ ਦਿਖਾਈ ਦੇ ਰਹੀ ਹੈ। ਪਰ ਸੂਬੇ ਦੀ ਹੁਨਰਮੰਦ ਜਵਾਨੀ ਨੂੰ ਆਪਣੇ ਮੁਲਕ ਤੇ ਮਿੱਟੀ ਦੀ ਬਿਹਤਰੀ ਲਈ ਅਮਲ 'ਚ ਲਿਆਉਣ ਵਾਲਾ ਕੋਈ ਅਦਾਰਾ ਸਥਾਪਤ ਨਹੀਂ ਹੋਇਆ ਹੈ। ਪੰਜਾਬ 'ਚੋਂ ਹੁਨਰਮੰਦ ਜਵਾਨੀ ਦੇ ਜਹਾਜ਼ ਪੱਛਮੀ ਮੁਲਕਾਂ 'ਚ ਭਰ-ਭਰ ਉਡਣ ਦੇ ਵਰਤਾਰੇ ਦਾ ਸੂਬੇ ਦੀ ਸੱਭਿਆਚਾਰਕ ਤੇ ਇਤਿਹਾਸਕ ਨੁਹਾਰ 'ਤੇ ਵੀ ਨਾਂਹ-ਪੱਖੀ ਅਸਰ ਹੋਣ ਲੱਗ ਪਿਆ ਹੈ। ਇੱਥੋਂ ਹਿਜਰਤ ਕਰਕੇ ਪੱਛਮੀ ਮੁਲਕਾਂ 'ਚ ਜਾ ਵਸਣ ਵਾਲੇ ਪੰਜਾਬੀਆਂ ਦੀ ਅਗਲੀ ਪੀੜ੍ਹੀ ਦਾ ਸਿਰਫ ਦੋ ਦਹਾਕਿਆਂ ਦੇ ਅਰਸੇ 'ਚ ਹੀ ਆਪਣੀਆਂ ਜੜ੍ਹਾਂ ਨਾਲੋਂ ਨਾਤਾ ਟੁੱਟ ਰਿਹਾ ਹੈ। ਦੁਨੀਆ ਦੇ ਇਸ ਵਿਲੱਖਣ ਖਿੱਤੇ ਦੀ ਜ਼ਬਾਨ, ਵਿਰਾਸਤ, ਇਤਿਹਾਸ ਤੇ ਸੱਭਿਆਚਾਰਕ ਨੁਹਾਰ ਨਾਲ ਸਬੰਧਿਤ ਲੋਕਾਂ ਦਾ ਨਾ ਚਾਹੁੰਦਿਆਂ ਵੀ ਰਿਸ਼ਤਾ ਖ਼ਤਮ ਹੋ ਰਿਹਾ ਹੈ। ਦਰਿਆਵਾਂ ਦੀ ਮੌਜੂਦਗੀ, ਖੁੱਲ੍ਹੀਆਂ ਹਵਾਵਾਂ ਤੇ ਵਿਸ਼ਾਲ ਮੈਦਾਨੀ ਨੁਹਾਰ ਦਾ ਮਾਲਕ ਪੰਜਾਬ ਅੱਜ ਵੀ ਹਰ ਮੌਸਮ 'ਚ ਹਰ ਤਰ੍ਹਾਂ ਦਾ ਫਲ ਤੇ ਹਰੀ ਸਬਜ਼ੀ ਰਿਕਾਰਡ ਮਾਤਰਾ 'ਚ ਪੈਦਾ ਕਰਨ ਦੇ ਸਮਰੱਥ ਹੈ। ਪੰਜਾਬ ਵਿਚੋਂ ਜੇਕਰ ਗੁਆਂਢੀ ਅਰਬ ਮੁਲਕਾਂ ਨੂੰ ਫਲ ਤੇ ਹਰੀਆਂ ਸਬਜ਼ੀ ਹੀ ਨਿਰਯਾਤ ਕਰਨ ਦੀ ਨੀਤੀ ਅਮਲ 'ਚ ਲੈ ਲਿਆਂਦੀ ਜਾਵੇ ਤਾਂ ਸੂਬੇ ਦੇ ਖੇਤੀ ਖੇਤਰ 'ਚ ਆਏ ਵਿੱਤੀ ਸੰਕਟ 'ਚੋਂ ਨਾ ਸਿਰਫ਼ ਨਿਜਾਤ ਮਿਲ ਸਕਦੀ ਹੈ, ਸਗੋਂ ਖੇਤੀ ਆਧਾਰਿਤ ਸਨਅਤਾਂ ਹੋਂਦ 'ਚ ਆਉਣ ਨਾਲ ਖਿੱਤੇ ਦੀ ਜਵਾਨੀ ਲਈ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਹੋ ਸਕਦੇ ਹਨ।

ਜਲੰਧਰ 'ਚ ਖੇਡਾਂ ਦਾ ਬਣਿਆ ਸਾਮਾਨ ਪਹਿਲਾਂ ਹੀ ਕੌਮਾਂਤਰੀ ਪੱਧਰ 'ਤੇ ਆਪਣੀ ਗੁਣਵੱਤਾ ਕਰਕੇ ਲੋਹਾ ਮੰਨਵਾ ਚੁੱਕਾ ਹੈ। ਇਥੇ ਦੀ ਖੇਡ ਸਨਅਤ ਨੂੰ ਚੰਗੀਆਂ ਸਹੂਲਤਾਂ ਦੇ ਕੇ ਇਸ ਇਲਾਕੇ ਦੇ ਨੌਜਵਾਨਾਂ ਲਈ ਰੁਜ਼ਗਾਰ ਤਲਾਸ਼ਿਆ ਜਾ ਸਕਦਾ ਹੈ। ਮਾਲਵਾ ਪੱਟੀ ਵਿਚ ਨਰਮੇ ਦੀ ਫਸਲ ਆਧਾਰਿਤ ਸਨਅਤਾਂ ਲਾ ਕੇ ਜਵਾਨੀ ਲਈ ਰੁਜ਼ਗਾਰ ਦੇ ਮੌਕੇ ਹਾਸਲ ਕੀਤੇ ਜਾ ਸਕਦੇ ਹਨ। ਦੁਆਬੇ 'ਚ ਸਫੈਦਾ, ਪਾਪੂਲਰ ਦੀ ਵਧੇਰੇ ਪੈਦਾਵਾਰ ਨਾਲ ਪਲਾਈਵੁੱਡ ਸਨਅਤਾਂ ਹੋਂਦ 'ਚ ਆਈਆਂ ਤਾਂ ਜ਼ਰੂਰ ਹਨ, ਪਰ ਸਨਅਤਾਂ 'ਚ ਕੰਮ ਕਰਨ ਵਾਲਿਆਂ ਲਈ ਢੁੱਕਵੀਂ ਰੁਜ਼ਗਾਰ ਨੀਤੀ ਨਾ ਹੋਣ ਕਰਕੇ ਇਹ ਸਨਅਤਾਂ ਵੀ ਹੁਨਰਮੰਦ ਨੌਜਵਾਨਾਂ ਲਈ ਆਸ ਦੀ ਕਿਰਨ ਨਹੀਂ ਬਣ ਸਕੀਆਂ। ਸਰਕਾਰ ਵਲੋਂ ਸੂਬੇ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਡੇਅਰੀ, ਸ਼ਹਿਦ , ਦਾਲਾਂ ਪੈਦਾ ਕਰਨ ਵਾਲੇ ਪ੍ਰੋਜੈਕਟਾਂ ਲਈ ਸਿਖਲਾਈ ਤੇ ਭ੍ਰਿਸ਼ਟਾਚਾਰ ਮੁਕਤ ਬੈਂਕਿੰਗ ਸੇਵਾਵਾਂ ਦੇ ਕੇ ਆਪਣੇ ਹੁਨਰ ਨੂੰ ਆਪਣੇ ਮੁਲਕ ਤੇ ਮਿੱਟੀ ਲਈ ਵਰਤਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।

ਆਪਣੇ ਹੁਨਰ ਤੇ ਲਿਆਕਤ ਨੂੰ ਆਪਣੇ ਦੇਸ਼ ਦੇ ਲੇਖੇ ਲਾਉਣ ਵਾਲੇ ਪੜ੍ਹਾਕੂ ਨੌਜਵਾਨਾਂ ਲਈ ਮੁਕਾਬਲੇ ਦੀ ਪ੍ਰੀਖਿਆ ਲਈ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਵਿੱਦਿਅਕ ਅਦਾਰਿਆਂ 'ਚ ਵਧੀਆ 'ਕੋਚਿੰਗ ਸੈਂਟਰ' ਸਥਾਪਤ ਹੋਣੇ ਚਾਹੀਦੇ ਹਨ, ਜਿੱਥੇ ਤੀਖਣ ਬੁੱਧੀ ਦੇ ਮਾਲਕ ਨੌਜਵਾਨਾਂ ਨੂੰ ਪ੍ਰਸ਼ਾਸਨਿਕ ਖੇਤਰਾਂ 'ਚ ਜਾਣ ਲਈ ਉਚਿਤ ਮਾਰਗ ਦਰਸ਼ਨ ਕੀਤਾ ਜਾ ਸਕੇ। ਦੁਨੀਆ ਨੂੰ ਕਿਰਤ ਕਰਨ, ਨਾਮ ਜਪਣ ਤੇ ਸਰਬੱਤ ਦੇ ਭਲੇ ਦੀ ਸਿੱਖਿਆ ਦੇਣ ਵਾਲੇ ਬਾਬੇ ਨਾਨਕ ਨੇ ਇਸ ਧਰਤੀ 'ਤੇ ਬਾਬਰ ਵਰਗੇ ਜਾਬਰਾਂ ਨੂੰ ਵੰਗਾਰ ਦਿੱਤੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਧਰਤੀ 'ਤੇ ਹੱਕ, ਸੱਚ, ਇਨਸਾਫ਼ , ਮਨੁੱਖੀ ਆਜ਼ਾਦੀ ਵਾਲੇ ਧਰਮੀ ਰਾਹ ਦੀ ਸਥਾਪਤੀ ਤੇ ਜ਼ੁਲਮੀ ਵਤੀਰੇ ਦਾ ਨਾਸ਼ ਕਰਨਾ ਆਪਣੇ ਜੀਵਨ ਦਾ ਉਦੇਸ਼ ਮਿੱਥਿਆ ਸੀ।

ਇਥੇ ਦੱਸਣਾ ਬਣਦਾ ਹੈ ਕਿ ਪੱਛਮੀ ਮੁਲਕਾਂ ਦੀ ਖ਼ੁਸ਼ਹਾਲੀ ਤੇ ਆਰਥਿਕ, ਰਾਜਸੀ ਪੱਖੋਂ ਸੰਤੁਲਿਤ ਸਮਾਜ ਦਾ ਮਾਡਲ ਜਿਹੜਾ ਚੰਗੇਰੀ ਜ਼ਿੰਦਗੀ ਦਾ ਸੁਪਨਾ ਲੈਣ ਵਾਲੇ ਹਰ ਸ਼ਖ਼ਸ ਨੂੰ ਆਪਣੇ ਵੱਲ ਖਿੱਚਦਾ ਹੈ, ਅਸਲ ਵਿਚ ਇਹ ਮਾਡਲ ਉਥੋਂ ਦੇ ਸਥਾਨਕ ਬਾਸ਼ਿੰਦਿਆਂ ਨੇ ਹੀ ਆਪਣੇ ਮੁਲਕ ਲਈ ਸਮਰਪਣ ਭਾਵਨਾ, ਕੰਮ ਕਰਨ ਨੂੰ ਤਰਜੀਹ, ਵਕਤ ਦੀ ਕਦਰ, ਵਤਨਪ੍ਰਸਤੀ ਤੇ ਸਮਾਜ ਦੀ ਬਿਹਤਰੀ ਲਈ ਬਣੇ ਨਿਯਮਾਂ ਦੀ ਪਾਲਣਾ ਕਰਕੇ ਹੀ ਸਿਰਜਿਆ ਹੈ ਤੇ ਇਹ ਚੰਗੇ ਅਸੂਲ ਕਿਸੇ ਵੀ ਦੇਸ਼, ਸਮਾਜ ਨੂੰ ਤਰੱਕੀ ਦੀਆਂ ਲੀਹਾਂ 'ਤੇ ਲੈ ਕੇ ਜਾ ਸਕਦੇ ਹਨ। ਪੰਜਾਬ ਦੀ ਭੂਗੋਲਿਕ, ਰਾਜਸੀ, ਇਤਿਹਾਸਕ, ਸੱਭਿਆਚਾਰਕ ਤੇ ਖੇਡ ਸਮਰੱਥਾ ਨੂੰ ਧਿਆਨ 'ਚ ਰੱਖ ਕੇ ਚੰਗੀਆਂ ਨੀਤੀਆਂ ਤੇ ਪ੍ਰੋਗਰਾਮ ਲਾਗੂ ਕਰਕੇ ਹੀ ਆਪਣੀ ਮਿੱਟੀ ਨੂੰ ਤਿਲਾਂਜਲੀ ਦੇ ਰਹੀ ਜਵਾਨੀ ਨੂੰ ਆਪਣੇ ਸੂਬੇ ਤੇ ਦੇਸ਼ ਦੇ ਨਕਸ਼ ਸੁਆਰਨ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।

# ਭਾਰਤ ਅਤੇ ਪਾਕਿਸਤਾਨ ਦਰਮਿਆਨ ਵਧਦਾ ਤਣਾਅ

**ਲਿਖਤ : ਨੀਲੋਫਰ ਸੁਹਰਵਰਦੀ,**
**ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ**



ਭਾਰਤ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ (ਜੇ.ਕੇ.) ਦੇ ਪਹਿਲਗਾਮ ਵਿਖੇ ਬੈਸਰਨ ਘਾਟੀ ਵਿਚ ਸੈਲਾਨੀਆਂ 'ਤੇ ਹੋਏ ਦਹਿਸ਼ਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅ ਨੇ ਯੁੱਧ ਵੱਲ ਵਧਣ ਦੀ ਸੰਭਾਵਨਾ ਵਧਾ ਦਿੱਤੀ ਹੈ। 22 ਅਪ੍ਰੈਲ 2025 ਨੂੰ ਹੋਏ ਇਸ ਹਮਲੇ ਵਿਚ 26 ਸੈਲਾਨੀ ਮਾਰੇ ਗਏ ਸਨ। ਭਾਰਤ ਨੇ ਪਹਿਲਗਾਮ ਹਮਲੇ ਲਈ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਜਦਕਿ ਪਾਕਿਸਤਾਨ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਇਸ ਤੋਂ ਬਾਅਦ, ਇਹ ਗੱਲ ਸਾਫ਼ ਹੈ ਕਿ ਦੋਹਾਂ ਮੁਲਕਾਂ ਨੇ ਕੁਝ ਐਸੇ ਕਦਮ ਚੁੱਕੇ ਹਨ ਜੋ ਇਸ਼ਾਰਾ ਕਰਦੇ ਹਨ ਕਿ ਉਹ 'ਯੁੱਧ' ਵੱਲ ਵਧ ਰਹੇ ਹਨ। ਇਨ੍ਹਾਂ ਕਦਮਾਂ ਵਿਚ ਭਾਰਤ ਵੱਲੋਂ ਇੰਡਸ ਜਲ ਸਮਝੌਤੇ ਨੂੰ ਮੁਅੱਤਲ ਕਰਨਾ ਸ਼ਾਮਲ ਹੈ, ਜਿਸ ਅਧੀਨ ਸਿੰਧ ਦਰਿਆ ਦੇ ਪਾਣੀ ਦੀ ਵੰਡ ਦੋਵਾਂ ਮੁਲਕਾਂ ਵਿਚ ਹੁੰਦੀ ਹੈ। ਇਸਦੇ ਜਵਾਬ ਵਿਚ ਪਾਕਿਸਤਾਨ ਨੇ ਭਾਰਤੀ ਹਵਾਈ ਜਹਾਜ਼ਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ ਅਤੇ ਭਾਰਤ ਨਾਲ ਸਾਰਾ ਵਪਾਰ ਮੁਅੱਤਲ ਕਰ ਦਿੱਤਾ ਹੈ।

ਇਨ੍ਹਾਂ ਤੋਂ ਇਲਾਵਾ, ਵੀਜ਼ਾ ਸੇਵਾਵਾਂ ਰੋਕ ਦਿੱਤੀਆਂ ਗਈਆਂ ਹਨ, ਰਾਜਦੂਤ ਵਾਪਸ ਬੁਲਾ ਲਏ ਗਏ ਹਨ ਆਦਿ। ਲਾਈਨ-ਆਫ-ਕੰਟਰੋਲ (OC) ਉੱਤੇ ਦੋਹਾਂ ਪਾਸਿਆਂ ਦੇ ਫੌਜੀਆਂ ਦਰਮਿਆਨ ਮਾਮੂਲੀ ਝੜਪਾਂ ਵੀ ਹੋਈਆਂ ਹਨ, ਹਾਲਾਂਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਭਾਰਤ ਵਿਚ ਉੱਚ ਪੱਧਰੀ ਸੁਰੱਖਿਆ ਮੀਟਿੰਗਾਂ ਦਾ ਹੋਣਾ ਵੀ ਇਹ ਦਰਸਾਉਂਦਾ ਹੈ ਕਿ ਪਾਕਿਸਤਾਨ ਨਾਲ ਟਕਰਾਅ ਦੇ ਸਾਰੇ ਬਦਲਾਂ ਉੱਪਰ ਵਿਚਾਰ ਕੀਤਾ ਜਾ ਰਿਹਾ ਹੈ। ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਭਾਰਤ ਅਤੇ ਪਾਕਿਸਤਾਨ ਦੇ ਸੰਬੰਧ ਕਦੇ ਵੀ ਪੂਰੀ ਤਰ੍ਹਾਂ ਸ਼ਾਂਤੀਪੂਰਨ ਨਹੀਂ ਰਹੇ। ਭਾਰਤੀ ਆਗੂਆਂ ਵੱਲੋਂ ਵੋਟਾਂ ਹਾਸਲ ਕਰਨ ਅਤੇ ਲੋਕਾਂ ਦੀ ਹਮਾਇਤ ਲੈਣ ਲਈ ਅਕਸਰ 'ਪਾਕਿਸਤਾਨ-ਪੱਤਾ' ਵਰਤਿਆ ਜਾਂਦਾ ਹੈ। ਭਾਰਤ ਵਿਚ ਅੱਜ ਵੀ 'ਪਾਕਿਸਤਾਨ ਵਿਰੋਧੀ ਯੁੱਧ ਨਾਅਰਾ' ਹਰਮਨਪਿਆਰਾ ਅਤੇ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ। ਇਹ ਮੰਨ ਕੇ ਕਿ ਇਸ ਨਾਲ ਆਮ ਲੋਕਾਂ 'ਚ ਉਨ੍ਹਾਂ ਦੀ ਹਰਮਨ-ਪਿਆਰਤਾ ਵਧੇਗੀ, ਕਈ ਭਾਰਤੀ ਆਗੂ ਇਸ ਰਣਨੀਤੀ ਦਾ ਸਹਾਰਾ ਲੈਂਦੇ ਹਨ। ਭਾਰਤ ਦੀ ਮੌਜੂਦਾ ਸਰਕਾਰ, ਜੋ ਭਾਜਪਾ ਦੀ ਅਗਵਾਈ ਹੇਠ ਚੱਲ ਰਹੀ ਹੈ, ਆਪਣੀ ਹਿੰਦੂ ਕੱਟੜਵਾਦੀ ਨੀਤੀ ਅਤੇ ਮੁਸਲਮਾਨ ਵਿਰੋਧੀ ਫਿਰਕੂ ਪ੍ਰਚਾਰ ਨੂੰ ਬਹੁਤ ਮਹੱਤਵ ਦਿੰਦੀ ਹੈ, ਇਸ ਤੱਥ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਾਕਿਸਤਾਨ ਇਸਲਾਮਿਕ ਰਾਜ ਹੋਣ ਦੇ ਨਾਤੇ, ਭਾਰਤ ਵਿਚ ਅਕਸਰ ਮੁਸਲਮਾਨਾਂ ਨੂੰ ਪਾਕਿਸਤਾਨ ਨਾਲ ਜੋੜ ਕੇ ਦੇਖਣ ਦੀ ਫਿਰਕੂ ਸੋਚ ਰਹੀ ਹੈ। ਜੰਮੂ-ਕਸ਼ਮੀਰ ਮੁਸਲਮਾਨ ਬਹੁਗਿਣਤੀ ਵਾਲਾ ਰਾਜ ਹੈ, ਅਤੇ ਇੱਥੋਂ ਦੇ ਮੁਸਲਮਾਨਾਂ ਪ੍ਰਤੀ ਵੀ ਇਸੇ ਤਰ੍ਹਾਂ ਦੀ ਤੁਅੱਸਬੀ ਸੋਚ ਮਿਲਦੀ ਹੈ, ਹਾਲਾਂਕਿ ਭਾਰਤ ਦੁਨੀਆ ਦਾ ਸਭ ਤੋਂ ਵੱਡੀ ਮੁਸਲਮਾਨ ਅਬਾਦੀ ਵਾਲਾ ਦੂਜਾ ਮੁਲਕ ਹੈ। ਇਸ ਪ੍ਰਸੰਗ 'ਚ, ਭਾਰਤ ਵੱਲੋਂ ਪਾਕਿਸਤਾਨਵਿਰੋਧੀ ਪੱਤੇ ਦੀ ਵਰਤੋਂ ਇਕ ਰਾਜਨੀਤਕ ਰਣਨੀਤੀ ਹੈ, ਜਿਸਦਾ ਉਦੇਸ਼ ਭਾਰਤੀ ਹਿੰਦੂ ਲੋਕਾਂ ਵਿਚ ਮੁਸਲਮਾਨ-ਵਿਰੋਧੀ ਅਤੇ ਪਾਕਿਸਤਾਨ-ਵਿਰੋਧੀ ਭਾਵਨਾਵਾਂ ਨੂੰ ਭੜਕਾਉਣਾ ਹੈ।

ਭਾਰਤ ਦੀ ਲਗਭਗ 80% ਅਬਾਦੀ ਹਿੰਦੂ ਹੈ। ਹਾਲਾਂਕਿ ਭਾਰਤੀ ਲੋਕਾਈ ਹੁਣ ਪਹਿਲਾਂ ਵਾਲੀ ਨਹੀਂ ਰਹੀ ਅਤੇ ਇਨ੍ਹਾਂ ਰਾਜਨੀਤਿਕ ਸੰਕੇਤਾਂ ਦੇ ਝਾਂਸੇ ਵਿਚ ਐਨਾ ਸੌਖਿਆਂ ਨਹੀਂ ਆਉਂਦੀ, ਫਿਰ ਵੀ ਇਹ ਸੰਭਵ ਹੈ ਕਿ ਮੌਜੂਦਾ ਸਰਕਾਰ ਪਹਿਲਗਾਮ ਤ੍ਰਾਸਦੀ ਤੋਂ ਬਾਅਦ ਰਾਜਨੀਤਕ ਅਤੇ ਕੂਟਨੀਤਕ ਤੌਰ 'ਤੇ ਲਾਭ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਸੱਚ ਇਹ ਵੀ ਹੈ ਕਿ ਇਸ ਤ੍ਰਾਸਦੀ ਨੇ ਭਾਰਤ ਦੇ ਸੁਰੱਖਿਆ ਪ੍ਰਬੰਧ ਉੱਪਰ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਕ ਆਗੂ ਵੱਲੋਂ ਕਿਹਾ ਗਿਆ ਕਿ ਜਿੱਥੇ ਹਮਲਾ ਹੋਇਆ, ਉਹ ਘਾਟੀ ਸੈਲਾਨੀਆਂ ਲਈ ਖੋਲ੍ਹੀ ਨਹੀਂ ਸੀ ਜਾਣੀ ਚਾਹੀਦੀ।

ਜੇ ਅਜਿਹੀ ਗੱਲ ਸੀ, ਤਾਂ ਫਿਰ ਸੈਲਾਨੀਆਂ ਨੂੰ ਇੱਥੇ ਆਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਸੀ ਅਤੇ ਸੁਰੱਖਿਆ ਦੇ ਇੰਤਜ਼ਾਮ ਇਸ ਦੇ ਸ਼ੁਰੂ ਹੋਣ ਦੇ ਵਕਤ ਹੀ ਹੋ ਜਾਣੇ ਚਾਹੀਦੇ ਸਨ। ਇਸ ਤੋਂ ਇਲਾਵਾ, ਇਕ ਸਾਲਾਨਾ ਹਿੰਦੂ ਯਾਤਰਾ (ਅਮਰਨਾਥ ਯਾਤਰਾ) ਵੀ ਪਹਿਲਗਾਮ ਵਿਚੋਂ ਦੀ ਹੋ ਕੇ ਲੰਘਦੀ ਹੈ ਜੋ ਕੁਝ ਹਫ਼ਤਿਆਂ ਵਿਚ ਸ਼ੁਰੂ ਹੋਣ ਵਾਲੀ ਹੈ, ਇਸ ਕਰਕੇ ਇਨ੍ਹਾਂ ਦਿਨਾਂ ਤੋਂ ਹੀ ਸੁਰੱਖਿਆ ਇੰਤਜ਼ਾਮ ਸ਼ੁਰੂ ਹੋ ਜਾਣੇ ਚਾਹੀਦੇ ਸਨ। ਇਹ ਵੀ ਜਾਣਿਆ-ਪਛਾਣਿਆ ਤੱਥ ਹੈ ਕਿ ਭਾਰਤ ਦੇ ਕਿਸੇ ਵੀ ਹਿੱਸੇ ਵਿਚ, ਖ਼ਾਸ ਕਰਕੇ ਜੰਮੂ-ਕਸ਼ਮੀਰ ਵਿਚ, ਦਹਿਸ਼ਤਗਰਦ ਕਦੇ ਵੀ ਹਮਲਾ ਕਰ ਸਕਦੇ ਹਨ, ਖ਼ਾਸ ਕਰਕੇ ਸੈਲਾਨੀ ਥਾਵਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ। ਇਹ ਹੈਰਾਨੀਜਨਕ ਨਹੀਂ ਹੈ ਕਿ ਜੋ ਸੈਲਾਨੀ ਇਸ ਹਮਲੇ ਵਿਚ ਬਚ ਗਏ, ਉਹ ਇਹ ਸਵਾਲ ਉਠਾ ਰਹੇ ਹਨ ਕਿ ਇੱਥੇ ਕੋਈ ਸੁਰੱਖਿਆ ਕਿਉਂ ਨਹੀਂ ਸੀ?

ਸੈਲਾਨੀਆਂ ਦੇ ਦੱਸਣ ਮੁਤਾਬਕ ਹਮਲਾਵਰ ਘੱਟੋਘੱਟ 20-30 ਮਿੰਟ ਤੱਕ ਉੱਥੇ ਰਹੇ। ਜੇ ਸੁਰੱਖਿਆ ਹੁੰਦੀ, ਤਾਂ ਸ਼ਾਇਦ ਉਹ ਪਹਿਲੀ ਗੋਲੀ ਚਲਾਉਂਦੇ ਹੀ ਮਾਰੇ ਜਾਂਦੇ ਜਾਂ ਫਿਰ ਦਹਿਸ਼ਤਗਰਦ ਖੁੱਲ੍ਹੇਆਮ ਹਮਲਾ ਕਰਨ ਦੀ ਬਜਾਏ ਲੁਕ-ਛਿਪ ਕੇ ਗੋਲੀਆਂ ਚਲਾਉਂਦੇ ਅਤੇ ਫਿਰ ਤੁਰੰਤ ਭੱਜ ਜਾਂਦੇ। ਨਿਰਸੰਦੇਹ, ਪਹਿਲਗਾਮ ਕਾਂਡ ਦੀ ਦੁਨੀਆ ਭਰ ਵਿਚ ਨਿੰਦਾ ਹੋਈ ਹੈ ਅਤੇ ਇਸ ਨਾਲ ਭਾਰਤ ਨੂੰ ਵਿਸ਼ਵ ਭਰ ਤੋਂ ਹਮਦਰਦੀ ਵੀ ਮਿਲੀ ਹੈ। ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਇਸ ਨਾਲ ਭਾਰਤ ਨੂੰ ਪਾਕਿਸਤਾਨ ਨਾਲ ਯੁੱਧ ਕਰਨ ਦੀ ਮਨਜ਼ੂਰੀ ਮਿਲ ਗਈ ਹੈ। ਸੰਯੁਕਤ ਰਾਸ਼ਟਰ ਅਤੇ ਚੀਨ ਵੱਲੋਂ ਦੋਹਾਂ ਮੁਲਕਾਂ ਨੂੰ 'ਸੰਜਮ' ਵਰਤਣ ਦੀ ਅਪੀਲ ਕੀਤੀ ਗਈ ਹੈ। ਸਾਊਦੀ ਅਰਬ ਅਤੇ ਇਰਾਨ ਵੱਲੋਂ ਵੀ 'ਤਣਾਅ ਵਧਣ' ਤੋਂ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅਮਰੀਕਾ ਵੀ ਮੌਜੂਦਾ ਹਾਲਾਤ ਦੇ 'ਕੂਟਨੀਤਕ' ਹੱਲ ਦੇ ਪੱਖ ਵਿਚ ਹੈ।

ਇਹ ਸੰਭਾਵਨਾ ਸ਼ਾਇਦ ਘੱਟ ਹੀ ਹੈ ਕਿ ਭਾਰਤ ਜਾਂ ਪਾਕਿਸਤਾਨ ਇਨ੍ਹਾਂ ਕੂਟਨੀਤਕ ਸੰਕੇਤਾਂ ਨੂੰ ਪੂਰੀ ਤਰ੍ਹਾਂ ਅਣਡਿੱਠ ਕਰ ਦੇਣਗੇ। ਦੋਹਾਂ ਮੁਲਕਾਂ ਦੇ ਕੂਟਨੀਤਕ ਸੰਬੰਧ ਹਮੇਸ਼ਾ ਤਣਾਅ ਵਾਲੇ ਹੀ ਰਹੇ ਹਨ, ਖ਼ਾਸ ਕਰਕੇ ਦਹਿਸ਼ਤਵਾਦ ਅਤੇ ਕਸ਼ਮੀਰ ਦੇ ਮਾਮਲਿਆਂ ਵਿਚ। ਕਸ਼ਮੀਰ ਦੇ ਮਸਲੇ ਉੱਪਰ ਤਾਂ ਉਨ੍ਹਾਂ ਵਿਚਕਾਰ ਅਜਿਹਾ ਟਕਰਾਅ ਹੈ ਜੋ ਕਦੇ ਵੀ ਦੂਰ ਨਹੀਂ ਹੋਇਆ। ਪਰ ਇਹ ਵੀ ਸੱਚ ਹੈ ਕਿ ਜਦੋਂ ਤੋਂ ਦੋਵੇਂ ਮੁਲਕ ਪ੍ਰਮਾਣੂ ਤਾਕਤ ਬਣੇ ਹਨ, ਉਹ ਖੁੱਲ੍ਹੇ ਯੁੱਧ ਤੋਂ ਬਚਦੇ ਰਹੇ ਹਨ ਅਤੇ ਉਨ੍ਹਾਂ ਨੇ 'ਪ੍ਰਮਾਣੂ ਕੂਟਨੀਤੀ' ਨੂੰ ਪਹਿਲ ਦਿੱਤੀ ਹੈ ਤਾਂ ਕਿ ਉਹ 'ਦੁਵੱਲੇ ਰੂਪ 'ਚ ਯਕੀਨਨ ਤਬਾਹੀ' ਤੋਂ ਬਚ ਸਕਣ। ਜੇ ਉਹ ਹੁਣ ਖੁੱਲ੍ਹੇ ਯੁੱਧ ਵੱਲ ਵਧਦੇ ਹਨ ਤਾਂ ਇਹ ਉਨ੍ਹਾਂ ਦੀ ਪ੍ਰਮਾਣੂ ਰਣਨੀਤੀ ਲਈ ਵੱਡਾ ਝਟਕਾ ਹੋਵੇਗਾ। ਇਸ ਨੂੰ 'ਮਿਊਚੁਅਲ ਅਸ਼ੋਰਡ ਡਿਸਟਰਕਸ਼ਨ' (MaD) ਵੱਲ ਵਧਣ ਦੀ ਤਰ੍ਹਾਂ ਹੀ ਮੰਨਿਆ ਜਾਵੇਗਾ। ਦੋਵੇਂ ਮੁਲਕ ਭਲੇ ਹੀ ਇਕ ਦੂਜੇ ਦੇ ਦੁਸ਼ਮਣ ਹੋਣ, ਨਾ ਭਾਰਤ ਅਤੇ ਨਾ ਹੀ ਪਾਕਿਸਤਾਨ ਦੋਹਾਂ 'ਚੋਂ ਕੋਈ ਵੀ ਇਹ ਰਸਤਾ ਚੁਣਨਾ ਨਹੀਂ ਚਾਹੁੰਦਾ। ਫਿਰ, ਇਹ ਜੋ ਸੰਕੇਤ ਮਿਲ ਰਹੇ ਹਨ ਕਿ ਦੋਵੇਂ 'ਸਚਮੁੱਚ' ਯੁੱਧ ਵੱਲ ਵਧ ਰਹੇ ਹਨ, ਇਨ੍ਹਾਂ ਦਾ ਕੀ ਅਰਥ ਲਿਆ ਜਾਵੇ?

ਇਹ ਸੱਚ ਹੈ ਕਿ ਭਾਰਤ ਅਤੇ ਪਾਕਿਸਤਾਨ ਦੇ ਸੰਬੰਧ ਕਦੇ ਵੀ 'ਦੋਸਤਾਨਾ' ਨਹੀਂ ਰਹੇ, ਅਤੇ ਉਨ੍ਹਾਂ ਦੇ ਯੁੱਧ ਨਾ ਛੇੜਨ ਨੂੰ ਇਕ ਚੰਗੇ ਸੰਕੇਤ ਵਜੋਂ ਵੇਖਿਆ ਜਾ ਸਕਦਾ ਹੈ, ਪਰ ਇਹ ਵੀ ਸਪੱਸ਼ਟ ਹੈ ਕਿ ਇਹ ਦੋਸਤੀ ਵਾਲਾ ਸੰਕੇਤ ਨਹੀਂ ਹੈ। ਦੋਹਾਂ ਮੁਲਕਾਂ ਦੇ ਕਲਾਕਾਰ ਅਤੇ ਗਾਇਕ ਦੋਹਾਂ ਪਾਸਿਆਂ ਦੇ ਲੋਕਾਂ ਵਿਚ ਕਾਫ਼ੀ ਹਰਮਨ-ਪਿਆਰੇ ਹਨ, ਇਸ ਗੱਲ ਨੇ ਉਨ੍ਹਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ 'ਚ ਭੂਮਿਕਾ ਨਿਭਾਈ ਹੈ। ਪਰ ਹੁਣ ਇਸ ਉੱਪਰ ਵੀ ਅਸਰ ਪਿਆ ਹੈ - ਭਾਰਤ ਵਿਚ ਪਾਕਿਸਤਾਨੀ ਕਲਾਕਾਰਾਂ ਵਾਲੀਆਂ ਫਿਲਮਾਂ ਰਿਲੀਜ਼ ਨਹੀਂ ਹੋ ਰਹੀਆਂ, ਪਾਕਿਸਤਾਨੀ ਸੀਰੀਅਲਾਂ ਵਾਲੇ ਟੀਵੀ ਚੈਨਲ ਭਾਰਤ ਵਿਚ ਅਸਥਾਈ ਤੌਰ 'ਤੇ ਰੋਕ ਦਿੱਤੇ ਗਏ ਹਨ ਆਦਿ। ਇਨ੍ਹਾਂ ਨੂੰ ਇਸ ਤਰ੍ਹਾਂ ਵੀ ਦੇਖਿਆ ਜਾ ਸਕਦਾ ਹੈ ਕਿ ਇਹ ਭਾਰਤੀ ਆਗੂਆਂ ਵੱਲੋਂ ਆਪਣੇ ਲੋਕਾਂ ਨੂੰ ਆਪਣੇ ਪਾਕਿਸਤਾਨ ਵਿਰੋਧੀ ਸਖ਼ਤ ਸਟੈਂਡ ਦੇ ਸੰਕੇਤ ਦੇਣਾ ਹੈ। ਯੁੱਧ ਵੱਲ ਵਧਣਾ ਅਮਰੀਕਾ ਅਤੇ ਹੋਰ ਤਾਕਤਾਂ ਵੱਲੋਂ ਅਪਣਾਏ ਗਏ ਕੂਟਨੀਤਕ ਯਤਨਾਂ ਨੂੰ ਨਜ਼ਰ-ਅੰਦਾਜ਼ ਕਰਨਾ ਹੋਵੇਗਾ। ਦੋਹਾਂ ਪਾਸਿਆਂ ਦੇ ਆਗੂ ਇਹ ਵੀ ਭਾਂਪ ਰਹੇ ਹੋਣਗੇ ਕਿ ਹੁਣ ਦੀ ਤਣਾਅ ਵਾਲੀ ਹਾਲਤ ਉੱਪਰ ਉਨ੍ਹਾਂ ਦੇ ਨਾਗਰਿਕਾਂ ਅਤੇ ਆਲਮੀ ਭਾਈਚਾਰੇ ਦਾ ਪ੍ਰਤੀਕਰਮ ਕੀ ਹੈ। ਯੁੱਧ ਨਾਲ ਨਾ ਤਾਂ ਤਣਾਅ ਘਟੇਗਾ ਅਤੇ ਨਾ ਹੀ ਉਨ੍ਹਾਂ ਦੇ ਲੰਮੇ ਸਮੇਂ ਤੋਂ ਚੱਲ ਰਹੇ ਮਸਲਿਆਂ ਦਾ ਹੱਲ ਨਿਕਲੇਗਾ। ਭਾਰਤ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸ਼ਾਇਦ ਜੇਤੂ ਆਗੂ ਵਜੋਂ ਆਪਣਾ ਅਕਸ ਉਭਾਰਨਾ ਚਾਹ ਰਿਹਾ ਹੈ ਅਤੇ ਸ਼ਾਇਦ ਇਹੀ ਉਸਦਾ ਹਮਰੁਤਬਾ ਸ਼ਹਿਬਾਜ਼ ਸ਼ਰੀਫ਼ ਕਰਨਾ ਚਾਹੁੰਦਾ ਹੈ। 'ਯੁੱਧ ਕੂਟਨੀਤੀ' ਨੂੰ ਦੋਹਾਂ ਮੁਲਕਾਂ ਵੱਲੋਂ ਕੁਝ ਹੋਰ ਸਮੇਂ ਤੱਕ ਪਹਿਲੀ ਤਰਜੀਹ ਦੇਣ ਦੀ ਸੰਭਾਵਨਾ ਹੈ। ਅਸਲ ਵਿਚ ਯੁੱਧ ਛੇੜਨ ਅਤੇ 'ਚੋਣਵੇਂ' ਜਾਂ ਸੀਮਤ ਹਮਲਿਆਂ' ਨੂੰ ਅੰਜਾਮ ਦੇਣ ਅਤੇ ਯੁੱਧ ਵਰਗੀ ਕੂਟਨੀਤੀ ਅਪਣਾਉਣ ਵਿਚ ਸਪੱਸ਼ਟ ਫ਼ਰਕ ਹੁੰਦਾ ਹੈ।

ਮੌਜੂਦਾ ਸਥਿਤੀ ਦੋਹਾਂ ਮੁਲਕਾਂ ਵੱਲੋਂ ਅਪਣਾਈ ਗਈ 'ਯੁੱਧ ਵਰਗੀ ਕੂਟਨੀਤੀ' ਦਾ ਸੰਕੇਤ ਦਿੰਦੀ ਹੈ, ਜਿੱਥੇ ਕਿ ਦੋਹਾਂ ਮੁਲਕਾਂ ਵੱਲੋਂ ਰਣਨੀਤਕ ਕਦਮ ਇਸ ਤਰ੍ਹਾਂ ਚੁੱਕੇ ਜਾ ਰਹੇ ਹਨ ਜੋ ਯੁੱਧ ਵੱਲ ਵਧਣ ਦੀ ਸੰਭਾਵਨਾ ਨੂੰ ਦਰਸਾਉਂਦੇ ਹਨ। ਹੁਣ ਸਵਾਲ ਇਹ ਹੈ ਕਿ ਇਹ 'ਯੁੱਧਕੂਟਨੀਤੀ' ਕਿੰਨੇ ਸਮੇਂ ਤਕ ਚੱਲੇਗੀ? f

ਕਸੇ ਵੀ ਹਾਲਤ ਵਿਚ, ਇਹ ਉਨ੍ਹਾਂ ਦੀ ਪ੍ਰਮਾਣੂ ਰਣਨੀਤੀ ਦੀ ਨਾਕਾਮੀ ਦਾ ਸੰਕੇਤ ਹੈ।


## ਟਰੱਕ ਡਰਾਇਵਰਾਂ ਦੀ ਲੋੜ

### 8 ਤੋਂ 10 ਹਜ਼ਾਰ ਡਾਲਰ ਕਮਾਓ

**TLX** ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ 'ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।

ਵਧੇਰੇ ਜਾਣਕਾਰੀ ਲਈ
**778-982-3900 ਜਾਂ 604-751-1408**
ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



**ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ 'ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ**



**ਚਰਨਜੀਤ ਕੌਰ** (ਪੰਜਾਬੀ ਫੋਕ ਸਿੰਗਰ)
**306-861-5876**
**306-891-5441**
Email : devicharno35@gmail.com
Follow charanjeet_861

# ਭੁੱਖਮਰੀ ਨੂੰ ਹਥਿਆਰ ਬਣਾ ਕੇ ਵਰਤ ਰਹੀ ਹੈ ਇਜ਼ਰਾਇਲੀ ਹਕੂਮਤ

ਲਿਖਤ : ਬੂਟਾ ਸਿੰਘ ਮਹਿਮੂਦਪੁਰ

ਫ਼ਲਸਤੀਨੀ ਜਥੇਬੰਦੀ ਹਮਾਸ ਦੇ 7 ਅਕਤੂਬਰ 2023 ਨੂੰ ਕੀਤੇ ਕਥਿਤ ਦਹਿਸ਼ਤਗਰਦ ਹਮਲੇ ਤੋਂ ਬਾਅਦ ਇਜ਼ਰਾਇਲੀ ਦਹਿਸ਼ਤਵਾਦੀ ਹਕੂਮਤ ਵੱਲੋਂ ਫ਼ਲਸਤੀਨੀ ਖੇਤਰਾਂ, ਖ਼ਾਸ ਕਰਕੇ ਗਾਜ਼ਾ ਪੱਟੀ ਵਿਚ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਲਗਾਤਾਰ ਜਾਰੀ ਹੈ। 2 ਮਈ ਨੂੰ ਕੀਤੇ ਗਏ ਹਮਲੇ ਵਿਚ 40 ਲੋਕ ਮਾਰੇ ਗਏ। ਗਾਜ਼ਾ ਦੇ ਸਿਹਤ ਮੰਤਰਾਲੇ ਦੀ ਅਧਿਕਾਰਕ ਰਿਪੋਰਟ ਅਨੁਸਾਰ ਹੁਣ ਤੱਕ ਇਸ ਕਤਲੇਆਮ ਵਿਚ 52535 ਫ਼ਲਸਤੀਨੀ ਮਾਰੇ ਜਾ ਚੁੱਕੇ ਹਨ ਅਤੇ 118491 ਫੱਟੜ ਹਨ। ਇਹ ਗਿਣਤੀ ਆਏ ਦਿਨ ਵਧਦੀ ਜਾਂਦੀ ਹੈ। ਦਰ ਅਸਲ, 61700 ਤੋਂ ਵਧੇਰੇ ਲੋਕਾਂ ਦੇ ਮਾਰੇ ਜਾਣ ਦਾ ਅੰਦਾਜ਼ਾ ਹੈ ਕਿਉਂਕਿ ਕਈ ਹਜ਼ਾਰਾਂ ਲੋਕ ਲਾਪਤਾ ਹਨ ਜੋ ਮ਼ਲਬੇ ਹੇਠ ਦੱਬ ਕੇ ਮਾਰੇ ਗਏ ਹਨ। ਮ੍ਰਿਤਕਾਂ ਵਿਚ ਬਹੁਤ ਵੱਡੀ ਗਿਣਤੀ ਔਰਤਾਂ ਅਤੇ ਬੱਚਿਆਂ ਦੀ ਹੈ। ਇਨਸਾਨੀਅਤ ਵਿਰੁੱਧ ਇਸ ਘਿਣਾਉਣੇ ਜੁਰਮ ਨੂੰ ਫ਼ਲਸਤੀਨੀ ਦਹਿਸ਼ਤਵਾਦ ਵਿਰੁੱਧ ਯੁੱਧ ਦਾ ਨਾਂ ਦਿੱਤਾ ਗਿਆ ਹੈ ਅਤੇ ਹਮਲਿਆਂ 'ਚ ਹੋਰ ਤੇਜ਼ੀ ਲਿਆਉਣ ਲਈ ਇਜ਼ਰਾਇਲ ਵੱਲੋਂ 60000 ਹੋਰ ਰਾਖਵੀਂ ਫ਼ੌਜ ਸੱਦਣ ਦੇ ਸੰਕੇਤ ਦਿੱਤੇ ਜਾ ਰਹੇ ਹੈ। ਸੰਕੇਤ ਇਹ ਹੈ ਕਿ ਗਾਜ਼ਾ ਉੱਪਰ ਇਜ਼ਰਾਇਲੀ ਹਮਲਾ ਇਕ ਹੋਰ ਸਾਲ ਚੱਲ ਸਕਦਾ ਹੈ। ਹੋਰ ਜ਼ਿਆਦਾ ਫ਼ਲਸਤੀਨੀ ਖੇਤਰ ਹੜੱਪਣ ਲਈ ਅਤੇ ਹਮਲੇ ਨੂੰ ਲਮਕਾਉਣ ਲਈ ਇਜ਼ਰਾਇਲੀ ਪਸਾਰਵਾਦੀ ਸਟੇਟ ਕੋਈ ਵੀ ਬਹਾਨਾ ਘੜ ਸਕਦਾ ਹੈ। ਜਦੋਂ ਮਨੁੱਖੀ ਇਤਿਹਾਸ ਦੇ ਸਭ ਤੋਂ ਭਿਆਨਕ ਕਤਲੇਆਮਾਂ 'ਚੋਂ ਇਕ ਨੂੰ ਅੰਜਾਮ ਦਿੱਤੇ ਜਾਣ ਦੇ ਦੌਰਾਨ ਇਜ਼ਰਾਇਲੀ ਰੀਅਲ ਅਸਟੇਟ ਡਿਵੈਲਪਰਜ਼, ਨੇਸੇਟ (ਪਾਰਲੀਮੈਂਟ) ਦੇ ਮੈਂਬਰ ਅਤੇ ਨਜਾਇਜ਼ ਬਸਤੀਆਂ ਦੇ ਅੰਦੋਲਨ ਦੇ ਆਗੂ ਖਾਲੀ ਕੀਤੇ ਗਏ, ਗਾਜ਼ਾ ਵਿਚ ਪੂੰਜੀਨਿਵੇਸ਼ ਕਰਨ ਦੇ ਮੌਕਿਆਂ ਉੱਪਰ ਚਰਚਾ ਕਰਨ ਲਈ ਮੀਟਿੰਗਾਂ ਕਰਦੇ ਦੇਖੇ ਗਏ। ਜਦੋਂ ਫ਼ਲਸਤੀਨੀ ਭੁੱਖਮਰੀ ਨਾਲ ਮਰ ਰਹੇ ਹਨ ਅਤੇ ਲਾਸ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਤਾਂ ਇਨ੍ਹਾਂ ਨਿਰਦਈ ਅਮੀਰਾਂ ਦੀ ਨਜ਼ਰ ਸਮੁੰਦਰੀ ਕੰਢੇ ਉੱਪਰ ਘੱਟ ਮੁੱਲ 'ਤੇ ਆਲੀਸ਼ਾਨ ਘਰ ਬਣਾ ਕੇ ਵੇਚਣ ਦਾ ਕਾਰੋਬਾਰ ਕਰਨ 'ਤੇ ਟਿਕੀ ਹੋਈ ਹੈ। ਇਹ ਘਿਣਾਉਣੀ ਸੋਚ ਇਕੱਲੇ ਇਜ਼ਰਾਇਲੀ ਕਬਜ਼ੇਬਾਜ਼ਾਂ ਦੀ ਹੀ ਨਹੀਂ, ਅਮਰੀਕਨ ਕਾਰੋਬਾਰੀ ਵੀ ਇਸ ਵਿਚ ਸ਼ਾਮਲ ਹਨ। ਜਿਸਦਾ ਸਬੂਤ ਡੋਨਲਡ ਟਰੰਪ ਦੇ ਜਵਾਈ ਜੈਰਡ ਕੁਸ਼ਨਰ ਅਤੇ ਖ਼ੁਦ ਟਰੰਪ ਦੀਆਂ ਬੇਰਹਿਮ ਟਿੱਪਣੀਆਂ ਹਨ। ਇਕ ਉੱਘੇ ਕਾਲਮਨਵੀਸ ਨੇ ਲਿਖਿਆ ਹੈ ਕਿ ਕੋਈ ਕਲਪਨਾ ਵੀ ਐਨੀ ਨਿਰਦਈ ਨਹੀਂ ਹੋ ਸਕਦੀ, ਜਿੰਨੀ ਕਿ ਇਹ ਹਕੀਕਤ ਹੈ। ਇਸ ਕਤਲੇਆਮ ਨੂੰ ਅਮਰੀਕਨ ਸਾਮਰਾਜੀ ਹਕੂਮਤ ਵੱਲੋਂ ਮਹਿਜ਼ ਸ਼ਹਿ ਅਤੇ ਸਰਪ੍ਰਸਤੀ ਹੀ ਨਹੀਂ ਦਿੱਤੀ ਜਾ ਰਹੀ, ਸਗੋਂ ਲਗਾਤਾਰ ਫ਼ੌਜੀ, ਵਿਤੀ ਅਤੇ ਹਰ ਤਰ੍ਹਾਂ ਦੀ ਮੱਦਦ ਵੀ ਦਿੱਤੀ ਜਾ ਰਹੀ ਹੈ। ਅਮਰੀਕਾ ਅਤੇ ਇਜ਼ਰਾਇਲ ਦੇ ਨਸਲਵਾਦੀ ਗੱਠਜੋੜ ਦਾ ਨਿਸ਼ਾਨਾ ਫ਼ਲਸਤੀਨੀ ਵਸੋਂ ਨੂੰ ਖ਼ਤਮ ਕਰਕੇ ਫ਼ਲਸਤੀਨ ਦੀ ਧਰਤੀ ਉੱਪਰ ਮੁਕੰਮਲ ਕਬਜ਼ਾ ਕਰਨਾ ਹੈ। ਇਹੀ ਵਜ੍ਹਾ ਹੈ ਕਿ ਅਮਰੀਕਾ ਦੇ ਥਾਪੜੇ ਨਾਲ ਇਜ਼ਰਾਇਲ ਵੱਲੋਂ ਸੰਯੁਕਤ ਰਾਸ਼ਟਰ ਦੇ ਮਤਿਆਂ ਦੀਆਂ ਖੁੱਲ੍ਹੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਅਤੇ ਗਾਜ਼ਾ ਨੂੰ ਖਾਣ-ਪੀਣ ਦੇ ਸਮਾਨ ਦੀ ਸਪਲਾਈ ਅਤੇ ਹੋਰ ਮੱਦਦ ਦੀ ਲਗਾਤਾਰ ਨਾਕਾਬੰਦੀ ਕਰਕੇ ਫ਼ਲਸਤੀਨੀਆਂ ਨੂੰ ਭੁੱਖ, ਕੁਪੋਸ਼ਣ ਅਤੇ ਬੀਮਾਰੀਆਂ ਨਾਲ ਮਰਨ ਲਈ ਮਜਬੂਰ ਕਰ ਦਿੱਤਾ ਗਿਆ ਹੈ। ਉਦੇਸ਼ ਬਿਲਕੁਲ ਸਪਸ਼ਟ ਹੈ, ਜਵਾਨ ਉਮਰ ਦੇ ਲੋਕਾਂ ਨੂੰ ਬੰਬਾਰੀ ਨਾਲ ਖ਼ਤਮ ਕਰ ਦਿਓ ਅਤੇ ਗਰਭਵਤੀ ਮਾਵਾਂ ਤੇ ਬੱਚਿਆਂ ਨੂੰ ਭੁੱਖੇ-ਪਿਆਸੇ ਮਾਰਕੇ ਨਸਲਕੁਸ਼ੀ ਕਰ ਦਿਓ। ਇਜ਼ਰਾਇਲ ਨੇ 9 ਹਫ਼ਤਿਆਂ ਲਈ ਕੁਲ ਸਪਲਾਈ ਲਾਈਨ ਬੰਦ ਕੀਤੀ ਹੋਈ ਹੈ। ਵਸੋਂ ਵਾਲੇ ਇਲਾਕਿਆਂ ਉੱਪਰ ਮਿੱਥ ਕੇ ਬੰਬਾਰੀ ਅਤੇ ਨਾਕਾਬੰਦੀ ਦੀ ਇਜ਼ਰਾਇਲੀ ਯੁੱਧਨੀਤੀ ਕਾਰਨ ਗਾਜ਼ਾ ਪੱਟੀ ਦੇ ਹਾਲਾਤ ਬੇਹੱਦ ਚਿੰਤਾਜਨਕ ਬਣੇ ਹੋਏ ਹਨ। ਅਲ-ਜਜ਼ੀਰਾ ਦੀ ਰਿਪੋਰਟ ਅਨੁਸਾਰ ਇਸਦੇ ਸਿੱਟੇ ਵਜੋਂ 2.9 ਲੱਖ ਦੇ ਕਰੀਬ ਗਾਜ਼ਾ ਦੇ ਬੱਚੇ 'ਮੌਤ ਦੇ ਕਿਨਾਰੇ' ਪਹੁੰਚਾ ਦਿੱਤੇ ਗਏ ਹਨ। ਕੁਝ ਦਿਨ ਪਹਿਲਾਂ ਰੈੱਡ ਕਰਾਸ ਦੀ ਅੰਤਰਰਾਸ਼ਟਰੀ ਕਮੇਟੀ ਨੇ ਚੇਤਾਵਨੀ ਦਿੱਤੀ ਸੀ ਕਿ ਗਾਜ਼ਾ ਵਿਚ ਸਹਾਇਤਾ ਦਾ ਮਾਨਵਤਾਵਾਦੀ ਹੁੰਗਾਰਾ 'ਮੁਕੰਮਲ ਖ਼ਤਮ ਹੋਣ ਦੇ ਕੰਢੇ 'ਤੇ ਹੈ' ਅਤੇ ਸਥਿਤੀ ਨੂੰ ਹੋਰ ਵਿਗੜਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਅਤੇ ਨਹੀਂ ਦੇਣੀ ਚਾਹੀਦੀ। ਗਾਜ਼ਾ ਸਰਕਾਰ ਦੇ ਮੀਡੀਆ ਦਫ਼ਤਰ (ਜੀਐੱਮਓ) ਨੇ ਕਿਹਾ ਹੈ ਕਿ ਪੰਜ ਸਾਲ ਦੀ ਉਮਰ ਤੋਂ ਘੱਟ ਉਮਰ ਦੇ ਲੱਗਭੱਗ 3,500 ਬੱਚਿਆਂ ਦੇ ਤੁਰੰਤ ਭੁੱਖ ਨਾਲ ਮਰਨ ਦਾ ਖ਼ਤਰਾ ਹੈ, ਜਦਕਿ ਲੱਗਭੱਗ 70,000 ਬੱਚੇ ਪੌਸ਼ਟਿਕਤਾ ਦੀ ਬੇਹੱਦ ਘਾਟ ਕਾਰਨ ਹਸਪਤਾਲਾਂ 'ਚ ਦਾਖ਼ਲ ਹਨ। ਇਹ ਸਾਰੀ ਸਥਿਤੀ ਇਜ਼ਰਾਈਲ ਵੱਲੋਂ ਦੋ ਮਹੀਨੇ ਤੋਂ ਵੱਧ ਸਮੇਂ ਦੀ ਮੁਕੰਮਲ ਨਾਕਾਬੰਦੀ ਦੇ ਦੌਰਾਨ ਬਣੀ ਹੈ। ਐਤਵਾਰ ਨੂੰ ਟੈਲੀਗ੍ਰਾਮ 'ਤੇ ਜਾਰੀ ਬਿਆਨ ਵਿਚ ਜੀਐਮਓ ਨੇ ਕਿਹਾ, 'ਇਸ ਸਿਲਸਿਲੇਵਾਰ ਨਾਕਾਬੰਦੀ ਤਹਿਤ ਪੰਜ ਸਾਲ ਤੋਂ ਘੱਟ ਉਮਰ ਦੇ 3,500 ਤੋਂ ਵੱਧ ਬੱਚੇ ਭੁੱਖ ਨਾਲ ਤੁਰੰਤ ਮਰਨ ਵਾਲੇ ਹਨ, ਜਦਕਿ ਲੱਗਭੱਗ 2.9 ਲੱਖ ਬੱਚੇ ਮੌਤ ਦੇ ਕਿਨਾਰੇ ਖੜੇ ਹਨ।' ਬਿਆਨ ਵਿਚ ਅੱਗੇ ਕਿਹਾ ਗਿਆ, 'ਇਕ ਸਮੇਂ ਜਦੋਂ 11 ਲੱਖ ਬੱਚਿਆਂ ਨੂੰ ਰੋਜ਼ਾਨਾ ਜੀਊਣ ਲਈ ਲੋੜੀਂਦੇ ਘੱਟੋ-ਘੱਟ ਪੌਸ਼ਟਿਕ ਤੱਤ ਨਹੀਂ ਮਿਲ ਰਹੇ, ਇਜ਼ਰਾਈਲੀ ਕਬਜ਼ੇ ਵਾਲੀ ਸਰਕਾਰ ਵੱਲੋਂ ਭੁੱਖ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ, ਜਦਕਿ ਅੰਤਰਰਾਸ਼ਟਰੀ ਚੁੱਪ ਸ਼ਰਮਨਾਕ ਹੈ।' ਘੱਟੋ-ਘੱਟ 57 ਫਲੀਸਤੀਨੀ ਭੁੱਖ ਨਾਲ ਮਰ ਚੁੱਕੇ ਹਨ, ਜਿਸ ਨੇ ਆਲਮੀ ਪੱਧਰ 'ਤੇ ਨਾਰਾਜ਼ਗੀ ਤਾਂ ਪੈਦਾ ਕੀਤੀ ਹੈ, ਪਰ ਇਹ ਇਜ਼ਰਾਈਲ ਨੂੰ 23 ਲੱਖ ਦੀ ਆਬਾਦੀ ਵਾਲੇ ਇਲਾਕੇ ਵਿਚ ਸਹਾਇਤਾ ਭੇਜੇ ਜਾਣ ਦੀ ਇਜਾਜ਼ਤ ਦੇਣ ਲਈ ਮਨਾਉਣ ਵਿਚ ਅਸਫ਼ਲ ਰਹੀ ਹੈ। ਸਹਾਇਤਾ ਸੰਸਥਾਵਾਂ ਅਨੁਸਾਰ ਖਾਣੇ ਅਤੇ ਜ਼ਰੂਰੀ ਸਾਮੱਗਰੀ ਦੀ ਭਾਰੀ ਘਾਟ ਨੇ ਇਸ ਖੇਤਰ ਨੂੰ ਭੁੱਖਮਰੀ ਦੇ ਮੂੰਹ 'ਚ ਧੱਕ ਦਿੱਤਾ ਹੈ। ਭੁੱਖਮਰੀ ਦੇ ਇਲਾਜ ਲਈ ਜ਼ਰੂਰੀ ਦਵਾਈਆਂ ਅਤੇ ਸਮੱਗਰੀ ਮੁੱਕ ਗਈ ਹੈ ਜਾਂ ਮੁੱਕਣ ਦੇ ਕਿਨਾਰੇ ਹੈ, ਜਦਕਿ ਕੁਪੋਸ਼ਣ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਜਿਹੜਾ ਥੋੜ੍ਹਾ ਬਹੁਤ ਖਾਣ-ਪੀਣ ਦਾ ਸਮਾਨ ਬਚਿਆ ਹੈ, ਉਹ ਅਕਸਰ ਏਨਾ ਮਹਿੰਗਾ ਹੈ ਕਿ ਜ਼ਿਆਦਾਤਰ ਗਾਜ਼ਾ ਵਾਸੀਆਂ ਲਈ ਖਰੀਦਣਾ ਹੀ ਵੱਸ ਤੋਂ ਬਾਹਰ ਹੈ। ਸੰਯੁਕਤ ਰਾਸ਼ਟਰ ਦੇ ਅਨੁਸਾਰ ਇੱਥੋਂ ਦੀ 80 ਫ਼ੀਸਦੀ ਤੋਂ ਵੱਧ ਆਬਾਦੀ ਸਹਾਇਤਾ 'ਤੇ ਨਿਰਭਰ ਹੈ। ਸਹਾਇਤਾ ਸੰਸਥਾਵਾਂ ਅਤੇ ਮਾਨਵ ਅਧਿਕਾਰ ਜਥੇਬੰਦੀਆਂ ਦਾ ਇਹ ਦੋਸ਼ ਬੇਬੁਨਿਆਦ ਨਹੀਂ ਹੈ ਕਿ ਇਜ਼ਰਾਈਲ ਭੁੱਖ ਨੂੰ ਯੁੱਧ ਦੇ ਹਥਿਆਰ ਵਜੋਂ ਵਰਤ ਰਿਹਾ ਹੈ। ਇਜ਼ਰਾਈਲ ਵੱਲੋਂ ਨਾਕਾਬੰਦੀ ਨੂੰ ਜਾਇਜ਼ ਠਹਿਰਾਉਣ ਲਈ ਇਹ ਬਹਾਨਾ ਬਣਾਇਆ ਗਿਆ ਹੈ ਕਿ ਇਹ ਤਾਂ ਹਮਾਸ 'ਤੇ ਦਬਾਅ ਬਣਾਉਣ ਲਈ ਲਗਾਈ ਗਈ ਹੈ ਤਾਂ ਜੋ ਉਹ ਆਪਣੇ ਕੋਲ ਕੈਦ ਵਿਅਕਤੀਆਂ ਨੂੰ ਰਿਹਾ ਕਰੇ। ਕਿਹਾ ਜਾਂਦਾ ਹੈ ਕਿ ਗਾਜ਼ਾ 'ਚ ਹਾਲੇ ਵੀ 59 ਇਜ਼ਰਾਇਲੀ ਕੈਦ ਹਨ, ਜਿਨ੍ਹਾਂ ਵਿਚੋਂ 24 ਦੇ ਜਿਉਂਦਾ ਹੋਣ ਦੀ ਸੰਭਾਵਨਾ ਹੈ। ਇਜ਼ਰਾਇਲੀ ਮੀਡੀਆ ਦੀਆਂ ਰਿਪੋਰਟਾਂ ਤੋਂ ਸੰਕੇਤ ਮਿਲ ਰਹੇ ਹਨ ਕਿ ਨੇਤਨਯਾਹੂ ਵੱਲੋਂ ਅਗਲੇ ਦਿਨਾਂ 'ਚ ਗਾਜ਼ਾ ਵਿਚ ਸਹਾਇਤਾ ਯਾਨੀ ਰਾਸ਼ਨ, ਦਵਾਈਆਂ ਅਤੇ ਹੋਰ ਸਮਾਨ ਵੰਡਣ ਦੀ ਨਵੀਂ ਯੋਜਨਾ ਨੂੰ ਮਨਜ਼ੂਰੀ ਦਿੱਤੀ ਜਾਵੇਗੀ ਜਿਸ ਵਿਚ ਪ੍ਰਾਈਵੇਟ ਠੇਕੇਦਾਰਾਂ ਨੂੰ ਸ਼ਾਮਲ ਕੀਤਾ ਜਾਣਾ ਹੈ ਅਤੇ ਇਸ ਖੇਤਰ ਦੇ ਦੱਖਣੀ ਹਿੱਸੇ ਵਿਚ ਕੁਝ 'ਹੱਬ' ਬਣਾਏ ਜਾਣਗੇ। ਇਹ ਇਜ਼ਰਾਇਲੀ ਹਕੂਮਤ ਦੀ ਇਕ ਹੋਰ ਦੁਸ਼ਟ ਕਾਰਵਾਈ ਹੈ, ਜਿਸ ਵੱਲੋਂ ਅੰਤਰਰਾਸ਼ਟਰੀ ਸੰਸਥਾਵਾਂ ਵੱਲੋਂ ਭੇਜੀ ਜਾ ਰਹੀ ਮਾਨਵਤਾਵਾਦੀ ਸਹਾਇਤਾ ਦੀ ਤਾਂ ਨਾਕਾਬੰਦੀ ਕੀਤੀ ਹੋਈ ਹੈ, ਅਤੇ ਨਾਕਾਬੰਦੀ ਨੂੰ ਹੁਣ ਨਵੀਂ ਯੋਜਨਾ ਦੇ ਪਰਦੇ ਹੇਠ ਜਾਰੀ ਰੱਖਿਆ ਜਾਵੇਗਾ। ਇਹ ਯੋਜਨਾ ਮਹਿਜ਼ ਦੁਨੀਆ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਹੈ। ਇਸ ਮਹੀਨੇ ਅਮਰੀਕਨ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸਾਊਦੀ ਅਰਬ, ਯੂਏਈ ਅਤੇ ਕਤਰ ਦਾ ਦੌਰਾ ਕਰਨ ਦੀਆਂ ਕੰਨਸੋਆਂ ਹਨ। ਇਹ ਮੰਨਿਆ ਜਾ ਰਿਹਾ ਹੈ ਕਿ ਉਸ ਵੱਲੋਂ ਇਜ਼ਰਾਇਲ ਉੱਪਰ ਨਾਕਾਬੰਦੀ ਵਿਚ ਕੁਝ ਢਿੱਲ ਦੇਣ ਲਈ ਦਬਾਅ ਪਾਇਆ ਜਾ ਸਕਦਾ ਹੈ। ਇਕ ਹਫ਼ਤਾ ਪਹਿਲਾਂ ਹੀ ਉਸਨੇ ਨੇਤਨਯਾਹੂ ਨੂੰ ਕਿਹਾ ਸੀ ਕਿ 'ਗਾਜ਼ਾ ਲਈ ਚੰਗੇ ਬਣੋ।' ਜਦੋਂ ਤੱਕ ਦੁਨੀਆ ਦੇ ਲੋਕ ਅਮਰੀਕਨ ਸਾਮਰਾਜੀ ਚਾਲਾਂ ਅਤੇ ਇਜ਼ਰਾਇਲੀ ਦਹਿਸ਼ਤਵਾਦ ਨਾਲ ਇਸਦੇ ਮਾਨਵਤਾ ਵਿਰੋਧੀ ਗੱਠਜੋੜ ਦੀ ਅਸਲੀਅਤ ਨੂੰ ਨਹੀਂ ਸਮਝਦੇ ਅਤੇ ਇਸ ਗੱਠਜੋੜ ਵਿਰੁੱਧ ਡੱਟ ਕੇ ਨਹੀਂ ਲੜਦੇ, ਮਜ਼ਲੂਮ ਫ਼ਲਸਤੀਨੀਆਂ ਦੀ ਨਸਲਕੁਸ਼ੀ ਇਸੇ ਤਰ੍ਹਾਂ ਚੱਲਦੀ ਰਹੇਗੀ ਅਤੇ ਉਹ ਸ਼ਰਮਨਾਕ ਚੁੱਪ ਵੀ ਬਣੀ ਰਹੇਗੀ, ਜਿਸਦਾ ਜ਼ਿਕਰ ਗਾਜ਼ਾ ਦੇ ਜੀਐੱਮਓ ਨੇ ਆਪਣੇ ਬਿਆਨ ਵਿਚ ਕੀਤਾ ਹੈ।

# ਮਜ਼ਹਬ – ਅੱਤਵਾਦ – ਮਨੁੱਖੀ ਅਧਿਕਾਰ ਤੇ ਵਪਾਰ...

ਲਿਖਤ : ਨਵਚੇਤਨ

ਪਰਦੇਸੀ ਵਸਦਿਆਂ ਬਹੁਤ ਸਾਰੇ ਲੋਕ ਜਦੋਂ ਧਰਮ ਅਧਾਰਤ ਅੱਤਵਾਦ 'ਤੇ ਗੱਲ ਕਰਦੇ ਹਨ ਤਾਂ ਮੇਰੇ ਕੋਲ ਕਹਿਣ ਲਈ ਬਹੁਤ ਕੁਝ ਹੁੰਦਾ ਹੈ। ਦਸ 'ਯਾਰਾਂ ਸਾਲ ਦੀ ਉਮਰ ਵਿਚ ਭਰਾ ਅਗਵਾ ਹੁੰਦਾ ਵੇਖਿਆ, ਬਾਪ ਅਗਵਾ ਹੁੰਦਾ ਵੇਖਿਆ। 25 ਮਾਰਚ 1989 ਸੀ ਜਦੋਂ ਟਰਾਲੀਆਂ 'ਚ ਸਮਾਨ ਲੱਦ ਪਿੰਡ ਵਾਲਾ ਘਰ ਛੱਡਣਾ ਪਿਆ। ਉਹ ਘਰ ਜੋ ਮੇਰੇ ਬਾਪ ਦੀਆਂ ਰੀਝਾਂ ਦੀ ਬੁਣਤੀ ਸੀ। ਇੱਕ ਹੱਸਾਸ ਬੰਦਾ ਜਦੋਂ ਪਸ਼ੇਮਾਨ ਤੇ ਬੇਵਸ ਹੁੰਦਾ ਹੈ ਤਾਂ ਉਹ ਕਿੰਜ ਬਿਹੇਵ ਕਰਦਾ ਹੈ। ਕੋਈ ਚਾਰ-ਪੰਜ ਸਾਲ ਐਸੇ ਸਨ ਜਦੋਂ ਮੈਂ ਆਪਣੇ ਬਾਪ ਨੂੰ ਅਧੇੜ ਉਮਰੇ ਰੋਜ਼ ਖੁਰਦਿਆਂ, ਖਪਦਿਆਂ, ਖਿਝਦਿਆਂ, ਟੁੱਟਦਿਆਂ-ਭੁਰਦਿਆਂ ਵੇਖਿਆ ਹੈ। ਏਅਰ ਫੋਰਸ ਛੱਡਣ ਤੋਂ ਬਾਅਦ ਸਕੂਲ ਚਲਾਉਣਾ ਉਹਦੀ ਲੋੜ ਨਹੀਂ ਉਹਦਾ ਇਸ਼ਟ ਸੀ। ਨਹੀਂ ਤੇ ਐਕਸ-ਸਰਵਿਸਮੈਨ ਕੋਟੇ ਵਾਲਿਆਂ ਨੂੰ ਸਰਕਾਰੀ ਨੌਕਰੀਆਂ ਦੀ ਕਦੀ ਵੀ ਤੋਟ ਨਹੀਂ ਹੁੰਦੀ ਉਨ੍ਹਾਂ ਵੇਲਿਆਂ 'ਚ ਤਾਂ ਬਿਲਕੁਲ ਹੀ ਨਹੀਂ ਸੀ ਹੁੰਦੀ। ਪੰਤਾਲੀਆਂ ਨੂੰ ਢੁੱਕੇ ਬਾਪ ਨੂੰ ਆਪਣੇ ਰੋਜ਼ੀ ਰੋਟੀ ਦੇ ਵਸੀਲੇ ਦੀ ਪੂਣੀ ਫਿਰ ਤੋਂ ਕੱਤਣੀ ਪੈਣੀ ਸੀ ਕਿਉਂਕਿ ਸਕੂਲ ਬੰਦ ਕਰਵਾ ਦਿੱਤਾ ਗਿਆ ਸੀ। ਉਹ ਦਲਬੀਰ ਚੇਤਨ ਜਿਸ ਦੇ ਅੰਦਰ ਕਹਾਣੀਆਂ ਦਾ ਇੱਕ ਬਾਰਾਂ ਮਾਸੀ ਬੂਟਾ ਵੱਸਦਾ ਸੀ ਉਹ ਪੰਜ-ਛੇ ਸਾਲ ਇੱਕ ਅੱਖਰ ਵੀ ਨਹੀਂ ਲਿਖ ਸਕਿਆ। ਮੇਰੀ ਬੇਹਦ ਧਾਰਮਿਕ ਬਿਰਤੀ ਵਾਲੀ ਦਾਦੀ ਸਿਰਫ ਇੱਕੋ ਗੱਲ ਆਖਦੀ ਹੁੰਦੀ ਸੀ ਕਿ, "ਸ਼ੁਕਰ ਹੈ ਰੱਬ ਦਾ ਕਿ ਸਾਰੇ ਜੀ ਸਹੀ ਸਲਾਮਤ ਹਨ।" ਮੈਂ ਆਪਣੀ ਹੋਸ਼ ਵਿਚ ਆਪਣੇ ਬਾਪ ਨੂੰ ਗੁਰਦੁਆਰੇ ਦੀ ਰੌਲ 'ਤੇ ਬੈਠਦਿਆਂ ਵੀ ਤੱਕਿਆ ਹੈ। ਇਹ ਉਹਦਾ ਅਕੀਦਾ ਸੀ ਜਨੂੰਨ ਨਹੀਂ। ਇਹ ਸਭ ਕਾਸੇ ਦੇ ਬਾਵਜੂਦ ਵੀ ਅਸੀਂ ਬਹੁਤ ਸਾਰੇ ਲੋਕਾਂ ਤੋਂ ਵੱਧ ਖੁਸ਼ਕਿਸਮਤ ਸਾਂ। ਇਹ ਸਾਰਾ ਕੁਝ ਧਰਮ ਦੇ ਨਾਂ 'ਤੇ ਹੋ ਰਿਹਾ ਸੀ। ਮੇਰੀ ਧਰਮ ਨਾਲ ਉਪਰਾਮਤਾ ਇਥੋਂ ਸ਼ੁਰੂ ਹੁੰਦੀ। ਕੋਈ ਵੀ ਧਰਮ ਜਦੋਂ ਕਿਸੇ ਕਮਜ਼ੋਰ ਨੂੰ ਡੰਡੇ ਨਾਲ ਹੱਕਣ ਦਾ ਸੰਦ ਬਣ ਜਾਂਦਾ ਹੈ ਤਾਂ ਕੋਈ ਕਿੰਨੀ ਵੀ ਡੋਂਡੀ ਪਿੱਟੀ ਜਾਵੇ ਮੈਂ ਉਸ ਵੱਲ ਵੇਖਣਾ ਵੀ ਗਵਾਰਾ ਨਹੀਂ ਕਰਦਾ। ਅੱਜ ਜਦੋਂ 20-22 ਸਾਲਾਂ ਦੇ ਛੋਕਰੇ 'ਵਲਾਗਰ' ਆ ਕੇ ਸਮਝਾਉਂਦੇ ਹਨ ਕਿ "ਫਲਾਣਾ ਸਿੰਘ ਢਿਮਕਾ" ਮਨੁੱਖੀ ਅਧਿਕਾਰਾਂ ਲਈ ਲੜਦਾ ਮਾਰਿਆ ਗਿਆ ਤਾਂ ਮੇਰਾ ਪਹਿਲਾ ਰਿਐਕਸ਼ਨ ਹੁੰਦਾ ਹੈ ਇਹ ਚਵਲ ਵੀ ਉਨਾ ਹੀ "ਮਰਜੀਵੜਿਆਂ" ਦਾ ਹਿੱਸਾ ਸੀ। ਸੋ ਗੁੱਡ ਰਿਡੈਂਸ... ਮਨੁੱਖੀ ਅਧਿਕਾਰ ਸਿਰਫ ਉਨ੍ਹਾਂ ਲਈ ਹੁੰਦੇ ਹਨ ਜੋ ਦੂਜਿਆਂ ਦੇ ਮਨੁੱਖੀ ਅਧਿਕਾਰਾਂ ਦੀ ਕਦਰ ਕਰਦੇ ਹਨ। ਕਈ ਵਾਰ ਹੈਰਾਨੀ ਦੇ ਨਾਲ-ਨਾਲ ਹਾਸਾ ਵੀ ਆਉਂਦਾ ਹੈ। ਕਿ ਬਹੁਤ ਸਾਰੇ ਐਸੇ ਸੋ ਕਾਲਡ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਉਨੇ ਵੱਡੇ ਨਹੀਂ ਸਨ ਜਿੰਨੀਆਂ ਵੱਡੀਆਂ ਉਨ੍ਹਾਂ 'ਤੇ ਮਿੱਥਾਂ ਬਣਾ ਦਿੱਤੀਆਂ ਗਈਆਂ ਹਨ। ਮਾਝੇ ਵਾਲਿਆਂ ਦੇ ਦੋਵਾਂ ਪਾਸਿਆਂ ਤੋਂ ਕੁਟਾਏ ਪਿੰਡੇ ਜਦੋਂ ਤੱਕ ਲੁਸਲੁਸ ਕਰਦੇ ਸਨ ਉਦੋਂ ਤੱਕ ਲੋਕੀਂ ਐਸੀਆਂ ਮਿੱਥਾਂ ਨੂੰ ਮੂੰਹ ਲਾਉਣੋਂ ਪਰਹੇਜ਼ ਕਰਦੇ ਸਨ। ਹੁਣ ਮੁੜ ਉਸੇ ਚੱਕੀ ਵਿਚ ਪੈ ਕੇ ਪਿਛਵਾੜੇ ਕੁਟਾਉਣ ਲਈ ਪੱਬਾਂ ਭਾਰ ਹੋਏ ਫਿਰਦੇ ਹਨ। ਮੈਨੂੰ ਕਈ ਦੋਸਤ ਪੁੱਛਦੇ ਹਨ ਕਿ ਕੀ ਪੰਜਾਬ ਵਿਚ ਖਾਲਿਸਤਾਨ ਲਹਿਰ ਦੇ ਮੁੜ ਉਭਰਨ ਦੀ ਸੰਭਾਵਨਾ ਹੈ। ਮੇਰਾ ਜਵਾਬ ਹੁੰਦਾ ਹੈ ਕਿ ਖਾਲਿਸਤਾਨ ਕੱਲ੍ਹ ਨੂੰ ਕਨੇਡਾ ਵਿਚ ਤਾਂ ਬਣ ਸਕਦਾ ਹੈ, ਟੋਰਾਂਟੋ ਜਿਸ ਦੀ ਰਾਜਧਾਨੀ ਹੋ ਸਕਦੀ ਹੈ ਪਰ ਪੰਜਾਬ ਵਿਚ ਸੰਭਵ ਨਹੀਂ ਹੈ। ਕਾਰਨ ਇਹ ਕਿ ਪੰਜਾਬ ਹਿੰਦੁਸਤਾਨ ਨਾਲ ਆਰਥਿਕ ਤੌਰ 'ਤੇ ਇਨਾ ਗੁੰਦਿਆ ਹੋਇਆ ਹੈ। ਪੰਜਾਬ ਦਾ ਜਿਹੜਾ ਵੀ ਬੱਚਾ ਕਵਾਲੀਫਾਈਡ ਹੈ ਤੇ ਪ੍ਰਾਈਵੇਟ ਸੈਕਟਰ ਵਿਚ ਨੌਕਰੀ ਕਰਦਾ ਹੈ ਉਹ ਲਾਜ਼ਮੀ ਤੌਰ 'ਤੇ ਪੰਜਾਬ ਤੋਂ ਬਾਹਰ ਕਿਸੇ ਹੋਰ ਸੂਬੇ ਵਿਚ ਆਪਣੀ ਰੋਜ਼ੀ ਰੋਟੀ ਕਮਾ ਰਿਹਾ ਹੈ ਸ਼ਤਾਬਦੀ ਟ੍ਰੇਨਾਂ ਤਾਂ ਚਲਾਈਆਂ ਹੀ ਇਸ ਲਈ ਗਈਆਂ ਸਨ ਤਾਂ ਜੋ ਉਹ ਵਪਾਰੀ ਜਿਨ੍ਹਾਂ ਦੇ ਕਾਰੋਬਾਰ ਦੀ ਤੰਦ ਦਿੱਲੀ ਨਾਲ ਜੁੜਦੀ ਹੈ ਉਹ ਆਪਣੀ ਸਾਰੇ ਦਿਨ ਦੇ ਕੰਮ ਕਾਰ ਇੱਕੋ ਦਿਨ ਵਿਚ ਨਿਬੇੜ ਕੇ ਵਾਪਸ ਆ ਸਕਣ। ਧਰਨਿਆਂ 'ਤੇ ਬੈਠੇ ਹੋਏ ਕਿਸਾਨ ਐਮਐਸਪੀ ਦੀ ਮੰਗ ਪੰਜਾਬ ਸਰਕਾਰ ਨਹੀਂ, ਹਿੰਦੁਸਤਾਨ ਦੀ ਸਰਕਾਰ ਤੋਂ ਕਰ ਰਹੇ ਹਨ। ਉਹ ਵੀ ਉਦੋਂ ਜਦੋਂ ਉੜੀਸਾ ਵਰਗੇ ਸੂਬੇ ਲਈ ਆਸਟਰੇਲੀਆ ਤੋਂ ਕਣਕ ਮੰਗਾਉਣੀ ਪੰਜਾਬ ਦੀ ਬਨਿਸਬਤ ਕਿਤੇ ਸਸਤੀ ਪੈਂਦੀ ਹੈ। ਇਸ ਆਰਥਿਕ ਗੁੰਦਵੇਂਪਣ ਜਾਂ ਇਕਨੋਮਿਕ ਇੰਟੀਗਰੇਸ਼ਨ ਦੀਆਂ ਇੰਨੀਆਂ ਤੈਹਾਂ ਹਨ ਕਿ ਪੰਜਾਬ ਆਰਥਿਕ ਤੌਰ 'ਤੇ ਹਿੰਦੁਸਤਾਨ ਨਾਲੋਂ ਕਦੇ ਵੱਖ ਹੋਣ ਦਾ ਤਸੱਵਰ ਵੀ ਨਹੀਂ ਕਰ ਸਕਦਾ। ਇਹੋ ਕਾਰਨ ਹੈ ਕਿ ਪੰਜਾਬ ਵਿਚ ਖਾਲਿਸਤਾਨ ਨੂੰ ਕੋਈ ਘਾਹ ਪਾ ਕੇ ਰਾਜ਼ੀ ਨਹੀਂ। ਜੋ ਪੰਜਾਬ ਵਿਚ ਹੋਇਆ ਉਹ ਅਸੀਂ ਕਸ਼ਮੀਰ ਵਿਚ ਵੀ ਹੁੰਦਾ ਵੇਖ ਰਹੇ ਹਾਂ। ਕਸ਼ਮੀਰ ਵਿਚ ਇਸ ਘਟਨਾਕ੍ਰਮ ਤੋਂ ਬਾਅਦ ਜੋ ਕਸ਼ਮੀਰੀਆਂ ਦਾ ਰੱਦੇ ਅਮਲ ਹੈ ਉਹ ਬਹੁਤ ਕੁਝ ਅਚੰਭਿਤ ਕਰ ਦੇਣ ਵਾਲਾ ਹੈ। ਅਰਤਿੰਦਰ ਸੰਧੂ ਹੁਰਾਂ ਕਸ਼ਮੀਰ ਤੋਂ ਦੋ ਕੁ ਦਿਨ ਪਹਿਲਾਂ ਇਹ ਲਿਖਿਆ ਸੀ ਕਿ ਘੱਟੋ-ਘੱਟ ਇਕ ਲੱਖ ਲੋਕ ਹਨ ਜੋ ਸੜਕਾਂ 'ਤੇ ਇਸ ਕਤਲੇਆਮ ਦੇ ਵਿਰੁੱਧ ਵਿਚ ਸੜਕਾਂ 'ਤੇ ਆਏ। ਕਾਰਨ ਸਾਫ ਸਮਝ ਆ ਰਿਹਾ ਹੈ। "ਇਟ ਇਜ਼ ਦੀ ਇਕੋਨਮੀ ਸਟੂਪਿਡ"। ਪਿਛਲੇ ਸਾਲ ਵਾਦੀ 'ਚ ਗਏ ਟੂਰਿਸਟਾਂ ਦੀ ਗਿਣਤੀ 35 ਲੱਖ ਹੈ। ਜੋ ਚਾਰ ਸਾਲ ਪਹਿਲਾਂ ਨਾਲੋਂ ਕੋਈ ਛੇ ਗੁਣਾ ਵੱਧ ਹੈ। ਐਸੀਆਂ ਥਾਵਾਂ ਜਿੱਥੇ ਆਮਦਨ ਦੇ ਹੋਰ ਵਸੀਲੇ ਬਿਲਕੁਲ ਨਿਗੂਣੇ ਹਨ ਤੇ ਟੂਰਿਜ਼ਮ ਹੀ ਸਭ ਤੋਂ ਵੱਡੀ ਇੰਡਸਟਰੀ ਜੇ ਕੋਈ ਵੀ ਵਾਕਿਆ ਘਰਾਂ ਦੇ ਚੁੱਲ੍ਹਿਆਂ ਨੂੰ ਬੁੱਝਣ ਦੀ ਨੌਬਤ ਪੈਦਾ ਕਰ ਦਿੰਦਾ ਹੈ ਤਾਂ ਲੋਕੀਂ ਹੋਰ ਕੀ ਕਰਨ। ਢਿੱਡ 'ਤੇ ਵੱਜਦੀ ਲੱਤ ਦੀ ਪੀੜ ਬਹੁਤ ਦੁਖਵੀਂ ਹੁੰਦੀ ਹੈ। ਸੱਖਣੇ ਚੁੱਲ੍ਹਿਆਂ ਨੂੰ ਰੋਜ਼ੀ ਰੋਟੀ ਦਾ ਜੁਗਾੜ ਕਰਨ ਦੇਣ ਤੋਂ ਵੱਡਾ ਕੋਈ ਮਨੁੱਖੀ ਅਧਿਕਾਰ ਨਹੀਂ ਹੁੰਦਾ। ਇਹ ਫਿਰ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਜਦੋਂ ਕੋਈ ਖਿੱਤਾ ਆਰਥਿਕ ਤੌਰ 'ਤੇ ਕਿਸੇ ਮੁਲਕ ਨਾਲ ਗੁੰਦਿਆ ਜਾਂਦਾ ਹੈ ਤਾਂ ਉਹਦੇ 'ਚੋਂ ਨਿਕਲੀਆਂ ਸਾਂਝਾਂ ਕਿਤੇ ਵੱਧ ਸਦੀਵੀ ਹੋਣਗੀਆਂ। ਉਪ ਮਹਾਦੀਪ ਫਿਰ ਜੰਗ ਦੇ ਦਹਾਨੇ 'ਤੇ ਖੜ੍ਹਾ ਹੈ। ਇੱਕ ਐਸੀ ਜੰਗ ਜਿਹਦੇ ਵਿਚ ਜਿੱਤ ਕਿਸੇ ਦੀ ਨਹੀਂ ਹੋਣੀ ਤੇ ਥੋੜ੍ਹੇ ਬਹੁਤੇ ਫਰਕ ਨਾਲ ਖਵਾਰੀ ਦੋਵੇਂ ਪਾਸੇ ਹੋਵੇਗੀ। ਬਰੇ ਸਗੀਰ ਜਾਂ ਉਪ-ਮਹਾਦੀਪ ਦੀ ਇਸ ਖਵਾਰੀ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਇਸ ਦੇ ਰਹਿਨੁਮਾ ਵੱਖੋ ਵੱਖਰੇ ਕਾਰਨਾਂ ਕਰਕੇ ਇਸ ਖਿੱਤੇ ਨੂੰ ਆਰਥਿਕ ਤੌਰ 'ਤੇ ਇੱਕ ਦੂਜੇ ਨਾਲ ਗੁੰਦ ਨਹੀਂ ਸਕੇ। ਦੋਹਾਂ ਮੁਲਕਾਂ ਵਿਚਲਾ ਵਪਾਰ ਪਾਕਿਸਤਾਨ ਨੇ ਪਿਛਲੇ ਛੇ ਸਾਲਾਂ ਤੋਂ ਬੰਦ ਕੀਤਾ ਹੋਇਆ ਹੈ। ਟਮਾਟਰਾਂ ਤੇ ਪਿਆਜ਼ਾਂ ਵਰਗੀਆਂ ਬੁਨਿਆਦੀ ਚੀਜ਼ਾਂ ਹਿੰਦੁਸਤਾਨ ਤੋਂ ਪਾਕਿਸਤਾਨ ਦੁਬਈ ਦੇ ਰਸਤੇ ਨਵੇਂ ਠੱਪਿਆਂ ਸਮੇਤ ਭੇਜੀਆਂ ਜਾ ਰਹੀਆਂ ਹਨ। ਉਪ-ਮਹਾਦੀਪ ਜਿਸ ਦੀ ਕੁੱਲ ਆਬਾਦੀ 200 ਕਰੋੜ ਦੇ ਕਰੀਬ ਹੈ ਤੇ ਉਸਦੇ ਦੋ ਸਭ ਤੋਂ ਵੱਡੇ ਮੁਲਕਾਂ 'ਚ ਵਪਾਰ ਲਈ ਇੱਕ 4 ਲੱਖ ਦੀ ਆਬਾਦੀ ਵਾਲਾ ਦੁਬਈ ਜੇ ਸਭ ਤੋਂ ਵੱਡੀ ਟ੍ਰੇਡਿੰਗ ਹੱਬ ਹੈ ਤਾਂ ਇਸ ਤੋਂ ਵੱਡਾ ਵਿਅੰਗ ਬਰੇਸਗੀਰ ਦੇ ਸਿਆਸਤਦਾਨਾਂ ਲਈ ਕੋਈ ਨਹੀਂ ਹੋ ਸਕਦਾ।




-ਐਡਵੋਕੇਟ ਕੁਲਦੀਪ ਚੰਦ,
ਨੰਗਲ ਟਾਊਨਸ਼ਿਪ

ਸੰਯੁਕਤ ਰਾਸ਼ਟਰ ਸੰਘ ਨੇ 1993 ਵਿਚ ਤਿੰਨ ਮਈ ਨੂੰ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ। ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ ਹੈ। ਇਹ ਜਨਤਕ ਰਾਏ ਨੂੰ ਢਾਲਣ ਦੀ ਅਥਾਹ ਸ਼ਕਤੀ ਰੱਖਦਾ ਹੈ ਤੇ ਇਸ ਤੋਂ ਇਸ ਤਰ੍ਹਾਂ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਕਿ ਇਹ ਜਨਤਕ ਹਿੱਤਾਂ ਦਾ ਸਰਪ੍ਰਸਤ ਅਤੇ ਸੂਚਨਾ ਦੇ ਅਧਿਕਾਰ ਦਾ ਰਖਵਾਲਾ ਬਣ ਕੇ ਰਹੇ। ਮੀਡੀਆ ਦੇ ਵੱਖ-ਵੱਖ ਮਾਧਿਅਮਾਂ ਪ੍ਰਿੰਟ, ਇਲੈਕਟ੍ਰਾਨਿਕ ਤੇ ਆਨਲਾਈਨ ਮੀਡੀਆ ਆਦਿ ਦਾ ਬਿਨਾਂ ਕਿਸੇ ਦਬਾਅ ਅਤੇ ਡਰ ਦੇ ਕੰਮ ਕਰਨਾ ਹੀ ਪ੍ਰੈੱਸ ਦੀ ਅਸਲੀ ਆਜ਼ਾਦੀ ਹੈ। ਜੇਕਰ ਪੱਤਰਕਾਰਤਾ ਆਜ਼ਾਦੀ ਨਾਲ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿਚ ਹੋ ਰਹੀਆਂ ਕੁਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ। ਪ੍ਰੈੱਸ ਆਜ਼ਾਦੀ ਸੂਚਕ ਅੰਕ ਹਰ ਸਾਲ 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਦੁਆਰਾ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਹ ਪੱਤਰਕਾਰਾਂ ਨੂੰ ਉਪਲਬਧ ਆਜ਼ਾਦੀ ਦੇ ਆਧਾਰ 'ਤੇ ਦੇਸ਼ਾਂ ਨੂੰ ਦਰਜਾ ਦਿੰਦਾ ਹੈ। ਪ੍ਰੈੱਸ ਆਜ਼ਾਦੀ ਸੂਚਕ ਅੰਕ ਰਿਪੋਰਟ 2024 ਵਿਚ ਚਿੰਤਾਜਨਕ ਰੁਝਾਨ ਦਿਖਾਈ ਦਿੱਤੇ ਹਨ। ਉਸ ਵਿਚ 180 ਦੇਸ਼ਾਂ 'ਚੋਂ ਭਾਰਤ 159ਵੇਂ ਸਥਾਨ 'ਤੇ ਹੈ। ਪ੍ਰੈੱਸ ਆਜ਼ਾਦੀ ਸੂਚਕ ਅੰਕ ਦੁਆਰਾ ਮੁਲਾਂਕਣ ਕੀਤੇ ਗਏ ਦੇਸ਼ਾਂ ਵਿੱਚੋਂ ਜ਼ਿਆਦਾਤਰ ਉੱਤਰਦਾਤਾਵਾਂ ਨੇ ਰਿਪੋਰਟ ਕੀਤੀ ਕਿ ਉਨ੍ਹਾਂ ਦੇ ਦੇਸ਼ 'ਚ ਰਾਜਨੀਤਕ ਲੋਕ ਅਕਸਰ ਜਾਂ ਯੋਜਨਾਬੱਧ ਢੰਗ ਨਾਲ ਵੱਡੇ ਪੱਧਰ 'ਤੇ ਗ਼ਲਤ ਜਾਣਕਾਰੀ ਜਾਂ ਪ੍ਰਚਾਰ ਮੁਹਿੰਮਾਂ ਵਿਚ ਸ਼ਾਮਲ ਸਨ। ਸੱਚੇ-ਝੂਠੇ, ਅਸਲੀ ਤੇ ਨਕਲੀ ਵਿਚਲਾ ਫ਼ਰਕ ਧੁੰਦਲਾ ਕੀਤਾ ਜਾ ਰਿਹਾ ਹੈ। ਸੂਚਨਾ ਦੇ ਅਧਿਕਾਰ ਨੂੰ ਖ਼ਤਰੇ ਵਿਚ ਪਾਇਆ ਜਾ ਰਿਹਾ ਹੈ ਤੇ ਤੱਥਾਂ ਨਾਲ ਛੇੜਛਾੜ ਕਰ ਕੇ ਲੋਕਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਰ ਸਾਲ ਯੂਨੈਸਕੋ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਮਨਾਉਣ ਲਈ ਇਕ ਗਲੋਬਲ ਕਾਨਫਰੰਸ ਦਾ ਆਯੋਜਨ ਕਰਦਾ ਹੈ। ਇਸ ਸਾਲ ਇਹ ਕਾਨਫਰੰਸ 5 ਤੋਂ 7 ਮਈ ਤੱਕ ਬ੍ਰਸਲਜ਼ ਵਿਚ ਹੋਵੇਗੀ ਜਿਸ ਵਿਚ ਪੱਤਰਕਾਰੀ ਵਿਚ 'ਆਰਟੀਫੀਸ਼ੀਅਲ ਇੰਟੈਲੀਜੈਂਸ' ਦੀ ਪਰਿਵਰਤਨਸ਼ੀਲ ਭੂਮਿਕਾ ਅਤੇ ਮੀਡੀਆ ਦੀ ਆਜ਼ਾਦੀ ਲਈ ਇਸ ਦੇ ਪ੍ਰਭਾਵਾਂ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਸ ਸਾਲ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਗਲੋਬਲ ਸਮਾਰੋਹ ਪੱਤਰਕਾਰੀ ਅਤੇ ਮੀਡੀਆ ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਡੂੰਘੇ ਪ੍ਰਭਾਵ 'ਤੇ ਕੇਂਦਰਿਤ ਕਰੇਗਾ। ਇਹ ਸਮਾਗਮ ਗੁੰਝਲਦਾਰ ਮੁੱਦਿਆਂ ਦੀ ਪੜਚੋਲ ਕਰੇਗਾ, ਪੱਤਰਕਾਰਾਂ, ਨੀਤੀ ਨਿਰਮਾਤਾਵਾਂ, ਮੀਡੀਆ ਪੇਸ਼ੇਵਰਾਂ ਅਤੇ ਸਿਵਲ ਸੁਸਾਇਟੀ ਦੇ ਜ਼ਿੰਮੇਵਾਰ ਲੋਕਾਂ ਨੂੰ ਇਕੱਠੇ ਕਰੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਏਆਈ ਪ੍ਰੈੱਸ ਦੀ ਆਜ਼ਾਦੀ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਕਮਜ਼ੋਰ ਕਰਨ ਦੀ ਬਜਾਏ ਮਜ਼ਬੂਤ ਕਰੇ। ਭਾਰਤੀ ਮੀਡੀਆ ਦਾ ਲੈਂਡਸਕੇਪ ਵਿਸ਼ਾਲ ਹੈ ਅਤੇ ਇਸ ਵਿਚ ਲਗਪਗ 140000 ਅਖ਼ਬਾਰਾਂ ਅਤੇ ਲਗਪਗ 380 ਟੀਵੀ ਨਿਊਜ਼ ਚੈਨਲ ਹਨ। ਮੀਡੀਆ ਨੂੰ ਕੋਈ ਵੀ ਗ਼ੈਰ-ਕਾਨੂੰਨੀ ਇਸ਼ਤਿਹਾਰ ਪ੍ਰਕਾਸ਼ਿਤ ਨਹੀਂ ਕਰਨਾ ਚਾਹੀਦਾ ਹੈ ਜਿਸ ਦਾ ਸਮਾਜ ਨੂੰ ਨੁਕਸਾਨ ਹੁੰਦਾ ਹੋਵੇ। ਸਾਬਕਾ ਸੂਚਨਾ ਅਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਦੱਸਿਆ ਸੀ ਕਿ ਫ਼ਰਜ਼ੀ ਖ਼ਬਰਾਂ ਦੇ 1100 ਤੋਂ ਵੱਧ ਮਾਮਲੇ ਸਾਹਮਣੇ ਆਏ ਅਤੇ ਪੀਆਈਬੀ ਨੇ 37000 ਤੋਂ ਵੱਧ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਹੈ। ਸਰਕਾਰ ਦੀ ਆਲੋਚਨਾ ਕਰਨ ਵਾਲੇ ਬਹੁਤੇ ਪੱਤਰਕਾਰਾਂ ਨੂੰ ਪਰੇਸ਼ਾਨੀ ਅਤੇ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿਛਲੇ ਤਿੰਨ ਦਹਾਕਿਆਂ ਦੌਰਾਨ ਮਾਰੇ ਗਏ ਪੱਤਰਕਾਰਾਂ ਵਿੱਚੋਂ ਇਕ ਚੌਥਾਈ ਤੋਂ ਵੱਧ ਦੀ ਮੌਤ ਸਿਰਫ਼ ਤਿੰਨ ਦੇਸ਼ਾਂ ਇਰਾਕ, ਸੀਰੀਆ ਅਤੇ ਫਿਲੀਪੀਨ ਵਿਚ ਹੀ ਹੋਈ ਹੈ। ਮਹਿਲਾ ਪੱਤਰਕਾਰਾਂ ਨੂੰ ਹੋਰ ਵੀ ਵੱਧ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ ਅਤੇ ਯੂਨੈਸਕੋ ਦੇ ਇਕ ਅਧਿਐਨ ਵਿਚ ਖ਼ੁਲਾਸਾ ਹੋਇਆ ਹੈ ਕਿ ਸਰਵੇਖਣ ਵਿਚ ਹਿੱਸਾ ਲੈਣ ਵਾਲੀਆਂ ਲਗਪਗ ਤਿੰਨ-ਚੌਥਾਈ ਮਹਿਲਾ ਪੱਤਰਕਾਰਾਂ ਨੇ ਆਨਲਾਈਨ ਧਮਕੀਆਂ ਦਾ ਅਨੁਭਵ ਕੀਤਾ ਹੈ, ਲਗਪਗ 50 ਪ੍ਰਤੀਸ਼ਤ ਮਹਿਲਾ ਪੱਤਰਕਾਰਾਂ ਨਾਲ ਨਫ਼ਰਤ ਭਰੀ ਭਾਸ਼ਾ ਦੁਆਰਾ ਦੁਰਵਿਵਹਾਰ ਕੀਤਾ ਗਿਆ ਤੇ ਇਕ ਚੌਥਾਈ ਨੂੰ ਸਰੀਰਕ ਹਿੰਸਾ ਦੀਆਂ ਧਮਕੀਆਂ ਮਿਲੀਆਂ ਹਨ।

# ਜਾਤੀ ਮਰਦਮਸ਼ੁਮਾਰੀ ਦੇ ਆਸੇਪਾਸੇ ਘੁੰਮਦੀ ਰਾਜਨੀਤੀ

**ਲਿਖਤ : ਗੁਰਮੀਤ ਸਿੰਘ ਪਲਾਹੀ, ਫੋਨ: 98158-02070**

ਜਿੱਥੋਂ ਤੱਕ ਆਮ ਆਦਮੀ ਦਾ ਸਵਾਲ ਹੈ, ਉਹ ਤਾਂ ਪਤਾ ਨਹੀਂ ਕਦੋਂ ਤੋਂ ਮੂੰਹ 'ਤੇ ਜੰਦਰਾ ਲਾ ਕੇ ਬੈਠਾ ਹੈ। ਪਿਛਲੇ ਕਈ ਦਹਾਕਿਆਂ ਤੋਂ ਬੌਧਿਕ ਸੰਸਥਾਵਾਂ ਸਮਾਜਕ-ਸੱਭਿਆਚਾਰਕ ਸੰਗਠਨ, ਬੁੱਧੀਜੀਵੀ, ਰੰਗਕਰਮੀ, ਸਿਆਸੀ ਦਲਾਂ ਦੇ ਪਰਛਾਵੇਂ ਹੇਠ ਹਨ। ਸਿੱਟਾ ਇਹ ਕਿ ਲੋਕ-ਮੁੱਦੇ, ਲੋਕ-ਮਸਲੇ, ਲੋਕ-ਚੇਤਨਾ, ਲੋਕ-ਸਰੋਕਾਰ, ਲੋਕ-ਸੋਚ, ਲੋਕ ਰਾਏ ਦਾ ਕੰਮ 50ਵਿਆਂ60ਵਿਆਂ ਦੇ ਬਾਅਦ ਲਗਭਗ ਬੰਦ ਹੋ ਕੇ ਰਹਿ ਗਿਆ ਹੈ। ਇਹ ਸਭ ਕੁਝ ਲੋਕ ਮਸਲਿਆਂ ਤੋਂ ਲੈ ਕੇ ਲੋਕ ਰਾਏ ਤੱਕ ਸਿਆਸੀ ਲੋਕਾਂ ਨੇ ਹਥਿਆ ਲਿਆ ਹੈ। ਅਸਲ 'ਚ ਸਿਰੇ ਦੀ ਗੱਲ ਤਾਂ ਇਹ ਹੈ ਕਿ ਅਸੀਂ ਲੋਕਤੰਤਰ ਨੂੰ ਸਿਆਸੀ ਦਲਾਂ ਦਾ ਅਖਾੜਾ ਮੰਨ ਲਿਆ ਹੈ। ਫਿਰ ਇਹ ਕਲਪਨਾ ਵੀ ਕਿਵੇਂ ਕਰੀਏ ਕਿ ਜਨਤੰਤਰ, ਲੋਕਤੰਤਰ ਸਿਆਸੀ ਅਖਾੜੇ ਦੇ ਨਿਯਮਾਂ ਬਿਨਾ ਚੱਲ ਸਕੇਗਾ? ਸਿਆਸਤ ਅਤੇ ਲੋਕ ਮੁੱਦੇ ਹਥਿਆਉਣ ਦਾ ਤਾਜ਼ਾ ਮਾਮਲਾ ਜਾਤੀ ਮਰਦਮਸ਼ੁਮਾਰੀ ਦਾ ਹੈ। ਜਾਤੀ ਮਰਦਮਸ਼ੁਮਾਰੀ ਦੇ ਕਾਂਗਰਸ ਦੇ ਮੁੱਦੇ ਉੱਤੇ ਭਾਜਪਾ ਨੇ ਜਿਵੇਂ ਬਿੱਲੀ ਝਪੱਟਾ ਮਾਰਿਆ, ਸਰਜੀਕਲ ਸਟਰਾਈਕ ਕੀਤੀ, ਉਸ ਨੇ ਦੇਸ਼ 'ਤੇ ਕਾਬਜ਼ ਸਿਆਸੀ ਧਿਰ ਦਾ ਚਿਹਰਾ-ਮੋਹਰਾ ਨੰਗਾ ਕਰ ਦਿੱਤਾ। ਕੱਲ ਤੱਕ ਜਾਤੀ ਮਰਦਮਸ਼ੁਮਾਰੀ ਦੇ ਕਾਂਗਰਸ ਦੇ ਮੁੱਦੇ ਨੂੰ ਦੇਸ਼ ਨੂੰ ਵੰਡਣ ਵਾਲਾ ਮੁੱਦਾ ਦੱਸਣ ਵਾਲੇ ਭਾਜਪਾ ਨੇਤਾ ਹੀ ਅੱਜ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦੇ ਹੱਕ ਵਿਚ ਕਸੀਦੇ ਪੜ੍ਹ ਰਹੇ ਹਨ, ਜਿਸ ਵੱਲੋਂ ਇਸ ਵਾਰ ਦੇਸ਼ ਦੀ ਮਰਦਮਸ਼ੁਮਾਰੀ ਵਿਚ ਜਾਤੀ ਮਰਦਮਸ਼ੁਮਾਰੀ ਵੀ ਕਰਵਾਈ ਜਾਵੇਗੀ। ਦੇਸ਼ ਵਿਚ ਪਿਛਲੀ ਮਰਦਮਸ਼ੁਮਾਰੀ 2011 ਵਿਚ ਹੋਈ ਸੀ। ਮੁੜ ਇਹ 2021 ਵਿਚ ਹੋਣੀ ਸੀ, ਪਰੰਤੂ ਕੋਵਿਡ ਕਾਰਨ ਇਸ ਨੂੰ ਅੱਗੇ ਪਾਉਣਾ ਪਿਆ। ਹੁਣ ਇਹ ਸਤੰਬਰ 2025 'ਚ ਕੀਤੀ ਜਾਵੇਗੀ ਤੇ ਇਸ ਤੋਂ ਅਗਲੀ ਮਰਦਮਸ਼ੁਮਾਰੀ 2035 ਵਿਚ। ਦੇਸ਼ ਵਿਚ ਮਰਦਮਸ਼ੁਮਾਰੀ ਹਰ 10 ਸਾਲਾਂ ਬਾਅਦ ਹੁੰਦੀ ਰਹੀ ਹੈ। ਹੁਣ ਦੇਸ਼ ਵਿਚ 2011 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਹੀ ਭਵਿੱਖ ਲਈ ਯੋਜਨਾਵਾਂ ਬਣਦੀਆਂ ਹਨ ਅਤੇ ਇਸੇ ਅਧਾਰ 'ਤੇ ਅਨੁਮਾਨ ਲਗਾਏ ਜਾਂਦੇ ਹਨ। ਜਨਗਣਨਾ ਅਰਥਾਤ ਮਰਦਮਸ਼ੁਮਾਰੀ ਦਾ ਅਸਲ ਮੰਤਵ ਸਮਾਜ ਦੀਆਂ ਨੈਤਿਕ ਅਤੇ ਭੌਤਿਕ ਦੋਵਾਂ ਸਥਿਤੀਆਂ ਦਾ ਮੁਲਾਂਕਣ ਹੈ। ਉਂਞ ਲੋਕਤੰਤਰ ਵਿਚ ਜਨਗਣਨਾ ਦਾ ਖ਼ਾਸ ਮਹੱਤਵ ਹੈ। ਇਹ ਜਾਣਕਾਰੀਆਂ ਨੂੰ ਸਮਾਜਿਕ-ਆਰਥਕ ਅਤੇ ਸੱਭਿਆਚਾਰਕ ਪ੍ਰਕਿਰਿਆਵਾਂ, ਅਸਲੀਅਤ ਅਤੇ ਬਦਲਦੇ ਹਲਾਤਾਂ ਨੂੰ ਪਾਰਦਰਸ਼ੀ ਢੰਗ ਨਾਲ ਸਾਹਮਣੇ ਲਿਆਉਂਦੀ ਹੈ। ਇਸ ਨਾਲ ਅਸੀਂ ਉਸ ਅਸਲੀਅਤ ਨੂੰ ਜਾਣ ਅਤੇ ਸਮਝ ਸਕਦੇ ਹਾਂ, ਜੋ ਅੱਖੋਂ-ਪਰੋਖੇ ਰਹਿੰਦੀ ਹੈ। ਇਹ ਸਾਡੀ ਸੋਚ ਦਾ ਦਾਇਰਾ ਵਧਾਉਣ, ਸੋਚ ਨੂੰ ਵਿਸ਼ਾਲ ਕਰਨ ਅਤੇ ਬਦਲਣ 'ਚ ਵੀ ਸਹਾਈ ਹੁੰਦੀ ਹੈ। 1921 ਵਿਚ ਮਰਦਮਸ਼ੁਮਾਰੀ ਨੇ ਜਦੋਂ ਇਹ ਵਿਖਾਇਆ ਕਿ ਇੱਕ ਸਾਲ ਤੋਂ ਹੇਠ ਦੀ ਉਮਰ ਦੀਆਂ 597, ਇੱਕ ਸਾਲ ਤੋਂ ਦੋ ਸਾਲ ਦੇ ਵਿਚਕਾਰਲੀ ਉਮਰ ਦੀਆਂ 494 ਬੱਚੀਆਂ ਵਿਧਵਾ ਸਨ ਤਾਂ ਇਸ ਤਰ੍ਹਾਂ ਦੇ ਅੰਕੜਿਆਂ ਨੇ ਸਮਾਜ ਨੂੰ ਝੰਜੋੜਿਆ ਅਤੇ ਸਮਾਜ ਦੀ ਚੇਤਨਾ ਵਿਚ ਬਾਲ-ਵਿਆਹ ਅਤੇ ਵਿਧਵਾ-ਵਿਆਹ ਸੰਬੰਧੀ ਜਾਗਰੂਕਤਾ ਪੈਦਾ ਹੋਈ। ਲੋਕਤੰਤਰ ਦੀ ਖ਼ੂਬਸੂਰਤੀ ਅਤੇ ਖ਼ਾਸੀਅਤ ਖੁੱਲ੍ਹਾਪਨ ਹੈ। ਜਿਸ ਨੂੰ ਸਾਡੀਆਂ ਸਿਆਸੀ ਪਾਰਟੀਆਂ ਨੇ ਤੰਗ-ਸੰਕੀਰਨ ਸੋਚ 'ਚ ਬਦਲ ਦਿੱਤਾ ਹੈ। ਜਾਤੀ ਮਰਦਮਸ਼ੁਮਾਰੀ ਵੀ ਇਸ ਸਿਆਸੀ ਤੰਗਦਿਲੀ ਦਾ ਸ਼ਿਕਾਰ ਹੋ ਰਹੀ ਹੈ। ਅਸਲੀਅਤ 'ਚ ਦੇਸ਼ ਵਿਚ ਧਾਰਮਿਕ ਧਰੁਵੀਕਰਨ ਦੀ ਸਮਾਜਿਕ ਸਿਉਂਕ, ਜਾਤੀ ਮਰਦਮਸ਼ੁਮਾਰੀ ਤੱਕ ਵੀ ਪੁੱਜ ਗਈ ਹੈ ਅਤੇ ਇਸ 'ਤੋਂ ਵੀ ਅੱਗੇ ਮੌਜੂਦਾ ਸਰਕਾਰ ਵੱਲੋਂ ਵੋਟਾਂ ਦੀ ਸਿਆਸਤ ਦਾ ਸਾਧਨ ਬਣਾ ਦਿੱਤੀ ਗਈ ਹੈ। ਜਾਤੀ ਮਰਦਮਸ਼ੁਮਾਰੀ ਨੂੰ ਲੈ ਕੇ ਟਾਲਮਟੋਲ, ਨਾਂਹ-ਨੁੱਕਰ ਅਤੇ ਅਣਗਹਿਲੀ ਕਰਨ ਵਾਲੀ ਭਾਜਪਾ ਨੂੰ ਜਾਤੀ ਮਰਦਮਸ਼ੁਮਾਰੀ ਨਾਲ ਹੁਣ ਅਚਾਨਕ ਹੀ ਇੰਨਾ ਤੇਹ-ਪਿਆਰ ਕਿਉਂ ਜਾਗ ਪਿਆ? ਕੀ ਇਹ ਪਹਿਲਗਾਮ ਅੱਤਵਾਦੀ ਹਮਲੇ ਵੱਲੋਂ ਲੋਕਾਂ ਦਾ ਧਿਆਨ ਪਾਸੇ ਕਰਨ ਦੀ ਰਾਜਨੀਤੀ ਹੈ ਜਾਂ ਜਾਤੀ ਮਰਦਮਸ਼ੁਮਾਰੀ ਦਾ ਵਿਰੋਧੀ ਪਾਰਟੀਆਂ ਦਾ ਮੁੱਦਾ ਹਥਿਆ ਕੇ ਉਨ੍ਹਾਂ ਨੂੰ ਕਮਜ਼ੋਰ ਕਰਨ ਦੀ ਰਾਜਨੀਤੀ ਹੈ? ਸਵਾਲ ਇਹ ਵੀ ਉੱਠ ਰਿਹਾ ਹੈ ਕਿ ਅਜ਼ਾਦੀ ਦੇ ਲਗਭਗ ਅੱਠ ਦਹਾਕਿਆਂ ਬਾਅਦ ਜਾਤੀ ਮਰਦਮਸ਼ੁਮਾਰੀ! ਆਖਰ ਕਿਉਂ? ਯਾਦ ਕਰੋ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦਿੱਤੇ ਪਿਛਲੇ ਸਾਲ ਦੇ ਬਿਆਨ, ਜਿਨ੍ਹਾਂ ਵਿਚ ਉਨ੍ਹਾਂ ਕਿਹਾ ਸੀ, 'ਮੇਰੇ ਲਈ ਚਾਰ ਹੀ ਜਾਤਾਂ ਹਨ- ਔਰਤਾਂ, ਨੌਜਵਾਨ, ਗਰੀਬ ਅਤੇ ਕਿਸਾਨ।' ਫਿਰ ਇਹ ਜਾਤ ਅਧਾਰਤ ਗਿਣਤੀਆਂ-ਮਿਣਤੀਆਂ ਦੀ ਲੋੜ ਕਿਉਂ ਅਤੇ ਇਸ ਤਰ੍ਹਾਂ ਅਚਾਨਕ ਹੀ ਕਿਉਂ ? ਕਿਹਾ ਜਾਂਦਾ ਹੈ ਕਿ 2011 ਦੀ ਮਰਦਮਸ਼ੁਮਾਰੀ ਵਿਚ ਇਹ ਪਤਾ ਲੱਗਾ ਸੀ ਕਿ ਭਾਰਤ ਵਿਚ 46 ਲੱਖ ਜਾਤੀਆਂ ਹਨ। ਸਿਆਸੀ ਰੂਪ 'ਚ ਦੇਖਿਆ ਜਾਵੇ ਤਾਂ 2025 ਦੀ ਜਾਤੀ ਗਣਨਾ ਦਾ ਮੰਤਵ ਪੱਛੜੀਆਂ ਸ਼੍ਰੇਣੀਆਂ ਦੀ ਸਥਿਤੀ ਪਤਾ ਕਰਨ ਅਤੇ ਉਨ੍ਹਾਂ ਦਾ ਸਮਰਥਨ ਲੈਣ ਲਈ ਅਗਾਊਂ ਸਿਆਸੀ ਪਹਿਲਕਦਮੀ ਕਰਨਾ ਹੈ। ਭਾਜਪਾ ਇਸ ਸਿਆਸੀ ਬ੍ਰਹਮਅਸਤਰ ਦੀ ਵਰਤੋਂ ਕਰਕੇ ਬਿਹਾਰ ਅਤੇ ਹੋਰ ਰਾਜਾਂ ਦੀਆਂ ਚੋਣਾਂ ਜਿੱਤਣਾ ਚਾਹੇਗੀ ਅਤੇ ਅਗਲੀਆਂ ਚੋਣਾਂ ਲਈ ਵੀ ਇਸ ਨੂੰ ਅਧਾਰ ਬਣਾਉਣ ਦਾ ਯਤਨ ਕਰੇਗੀ, ਕਿਉਂਕਿ ਕਾਂਗਰਸ ਅਤੇ ਵਿਰੋਧੀ ਧਿਰਾਂ ਜਾਤ ਅਧਾਰਤ ਮਰਦਮਸ਼ੁਮਾਰੀ ਦਾ ਹਥਿਆਰ ਵਰਤ ਕੇ, ਭਾਜਪਾ ਤੋਂ ਸੱਤਾ ਖੋਹਣ ਲਈ ਲਗਾਤਾਰ 'ਜਾਤੀ ਅਧਾਰਤ ਮਰਦਮਸ਼ੁਮਾਰੀ' ਦੀ ਮੰਗ ਕਰ ਰਹੀਆਂ ਸਨ ਅਤੇ ਚੋਣਾਂ ਸਮੇਂ ਇਸ ਦਾ ਪੂਰਾ ਪ੍ਰਚਾਰ ਕਰ ਰਹੀਆਂ ਸਨ। ਕੇਂਦਰ ਸਰਕਾਰ ਨੇ ਮਰਦਮਸ਼ੁਮਾਰੀ ਵਿਚ ਜਾਤੀ ਸੰਖਿਆ ਕਰਨ ਦਾ ਜੋ ਐਲਾਨ ਕੀਤਾ ਹੈ, ਉਸ ਨੂੰ ਮੁਕੰਮਲ ਕਰਨ ਲਈ ਲਗਭਗ ਦੋ ਸਾਲ ਲੱਗਣਗੇ। ਇਸ ਦੇ ਨਤੀਜੇ 2027 ਦੇ ਅੰਤ ਤੱਕ ਪ੍ਰਾਪਤ ਹੋਣਗੇ। 2028 ਦਾ ਅੱਧਾ ਸਾਲ ਸਿਆਸੀ ਦਲ ਇਸ ਦੇ ਆਧਾਰ 'ਤੇ ਵੋਟਾਂ ਦੀ ਗੁਣਾ-ਘਟਾ" ਕਰਨਗੇ। ਤਦ 2029 'ਚ ਲੋਕ ਸਭਾ ਚੋਣਾਂ ਹੋਣਗੀਆਂ। ਸਾਲ 2029 ਦੀਆਂ ਚੋਣਾਂ ਪਾਰਟੀਆਂ ਇਸੇ ਆਧਾਰ 'ਤੇ ਲੜਨਗੀਆਂ ਅਤੇ ਜਿੱਤਣਗੀਆਂ। ਜਿਹੜੀ ਪਾਰਟੀ ਇਸ ਮੁੱਦੇ ਨੂੰ ਵਧੇਰੇ ਪ੍ਰਚਾਰੇਗੀ, ਪੱਛੜੀਆਂ ਸ਼੍ਰੇਣੀਆਂ ਲਈ ਵੱਧ ਵਾਇਦੇ ਕਰੇਗੀ, ਉਹ ਪਾਰਟੀ ਹੀ ਫ਼ਾਇਦੇ 'ਚ ਰਹੇਗੀ। ਬਿਹਾਰ, ਤਿਲੰਗਾਨਾ ਅਤੇ ਕਰਨਾਟਕ ਜਿਹੇ ਰਾਜਾਂ ਵਿਚ ਜਾਤੀ ਮਰਦਮਸ਼ੁਮਾਰੀ ਉਥੋਂ ਦੀਆਂ ਸੂਬਾ ਸਰਕਾਰਾਂ ਨੇ ਕਰਵਾਈ, ਜਿਸ 'ਤੋਂ ਪਤਾ ਲੱਗਿਆ ਕਿ ਪੱਛੜੀਆਂ ਸ਼੍ਰੇਣੀਆਂ ਦੀ ਗਿਣਤੀ ਵਧੀ ਹੈ। 2023 'ਚ ਬਿਹਾਰ 'ਚ ".ਬੀ.ਸੀ. ਅਬਾਦੀ 63 ਫੀਸਦੀ ਸੀ। ਸਾਲ 1931 ਵਿਚ ".ਬੀ.ਸੀ. ਦੀ ਰਾਸ਼ਟਰੀ ਔਸਤ 52 ਫੀਸਦੀ ਸੀ। 63% ਤੱਕ ".ਬੀ.ਸੀ. ਪਹੁੰਚਣ ਨਾਲ ਆਰਥਿਕ ਅਤੇ ਸਿਆਸੀ ਖੇਤਰ 'ਚ ਇਹ ਧਿਰਾਂ ਨੌਕਰੀਆਂ, ਸਿੱਖਿਆ ਸੰਸਥਾਵਾਂ 'ਚ ਵੱਧ ਰਾਖਵਾਂਕਰਨ ਮੰਗਣਗੀਆਂ, ਜਿਸ ਦੇ ਸਿੱਟੇ ਦੂਰਗਾਮੀ ਹੋਣਗੇ। 63% ".ਬੀ.ਸੀ. ਅਬਾਦੀ ਬਿਹਾਰ 'ਚ ਹੋਣ ਨਾਲ, ਬਿਹਾਰ ਚੋਣਾਂ 'ਚ ਰਾਜਦ ਅਤੇ ਕਾਂਗਰਸ 'ਜਿਸ ਦੀ ਜਿੰਨੀ ਅਬਾਦੀ, ਉਸ ਦੀ "ਨੀ ਹਿੱਸੇਦਾਰੀ' ਦਾ ਨਾਅਰਾ ਬੁਲੰਦ ਕਰ ਰਹੀਆਂ ਹਨ। ਫ਼ਿਲਹਾਲ ਦੱਖਣ ਦੇ ਕੁਝ ਰਾਜਾਂ ਨੂੰ ਛੱਡ ਕੇ ".ਬੀ.ਸੀ. ਦਾ ਕੋਟਾ 27.5 ਫ਼ੀਸਦੀ ਹੈ। 1891, 1901, 1911 ਅਤੇ 1921 ਵਿਚ ਭਾਰਤ 'ਚ ਮਰਦਮਸ਼ੁਮਾਰੀ ਹੋਈ। ਇਨ੍ਹਾਂ ਮਰਦਮਸ਼ੁਮਾਰੀਆਂ ਨੂੰ ਕਰਵਾਉਣ ਵਾਲੇ ਪ੍ਰਸ਼ਾਸਨਿਕ ਅਧਿਕਾਰੀ ਸੂਝਵਾਨ, ਚੰਗੇਰੀ ਸਿੱਖਿਆ ਵਾਲੇ ਅਤੇ ਵਿਸ਼ੇਸ਼ ਯੋਗਦਾਨ ਦੇਣ ਵਾਲੇ ਸਨ। ਜਿਨ੍ਹਾਂ ਵਿਚੋਂ ਐਚ.ਐਚ. ਰੋਸਲੀ, ਈ.ਏ. ਗੇਟ ਅਤੇ ਜੇ.ਐਚ.ਹਟਨ ਜਿਹੇ ਸਿਆਣੇ ਲੋਕ ਸਨ। ਇਹ ਅਧਿਕਾਰੀ ਭਾਰਤੀ ਵਿਸ਼ਿਆਂ 'ਚ ਰੁਚੀ ਲੈਣ ਵਾਲੇ ਸਨ। ਪਰ ਜਦੋਂ ਅਜ਼ਾਦ ਭਾਰਤ 'ਚ ਮਰਦਮਸ਼ੁਮਾਰੀ ਹੋਈ ਤਾਂ ਸਵਾਲ ਉੱਠੇ ਕਿ ਮਰਦਮਸ਼ੁਮਾਰੀ ਸਿਰਫ਼ ਭੌਤਿਕ ਪ੍ਰਸਥਿਤੀਆਂ ਤੱਕ ਸਮੇਟ ਦਿੱਤੀ ਗਈ ਹੈ। ਅੱਜ ਸਮਾਜਿਕ ਲੋਕਤੰਤਰ ਨੂੰ ਭਾਸ਼ਣਾਂ ਤੱਕ ਨਿਪਟਾ ਦਿੱਤਾ ਗਿਆ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਧਾਰਮਿਕ ਧਰੁਵੀਕਰਨ ਨੂੰ ਖੁੱਲ੍ਹਾ ਮੈਦਾਨ ਮਿਲ ਗਿਆ ਹੈ। ਜਾਤੀ ਅਤੇ ਜਾਤੀ ਸਿਆਸਤ ਭਾਰਤ 'ਚ ਵੱਡੇ ਸੱਚ ਵਜੋਂ ਉੱਭਰੀ ਹੈ। ਕੀ ਇਸ ਨਾਲ 'ਅਸੀਂ ਭਾਰਤ ਦੇ ਲੋਕ' ਦਾ ਅਕਸ ਅਤੇ ਮੰਤਵ ਹਾਸਲ ਹੋ ਸਕਦਾ ਹੈ? ਜਾਤੀਹੀਣਤਾ ਤਾਂ ਭਾਰਤ ਵਿਚ ਅਪਰਾਧ ਬਣਦੀ ਜਾ ਰਹੀ ਹੈ। ਇਹ ਅਢੁੱਕਵੀਂ ਵੀ ਨਹੀਂ ਰਹੀ। ਲੋਕਤੰਤਰ ਦੀ ਸਫ਼ਲਤਾ ਤਾਂ ਸੰਪਰਦਾਵਾਂ, ਖੇਤਰੀ ਅਤੇ ਨਸਲੀ ਸੋਚ ਨੂੰ ਖ਼ਤਮ ਕਰਨ ਨਾਲ ਹਾਸਲ ਹੋਵੇਗੀ ਅਤੇ ਜਾਤੀਹੀਣ ਬਣਨਾ ਅਤੇ ਬਣਾਉਣਾ ਨੈਤਿਕ ਪ੍ਰਾਪਤੀ ਹੋਵੇਗੀ। ਪਰ ਦੇਸ਼ ਵਿਚ ਜਿਸ ਕਿਸਮ ਦੀ ਸਿਆਸਤ ਹੋ ਰਹੀ ਹੈ, ਉਸ ਨਾਲ ਸੰਸਾਰ ਵਿਚ ਦੇਸ਼ ਦਾ ਅਕਸ ਧੁੰਦਲਾ ਬਣ ਰਿਹਾ ਹੈ। ਕਿਸਾਨ, ਮਜ਼ਦੂਰ ਹਾਸ਼ੀਏ 'ਤੇ ਹਨ। ਉਨ੍ਹਾਂ ਲਈ ਬਣਾਈਆਂ ਯੋਜਨਾਵਾਂ ਦੀਆਂ ਸੂਚੀਆਂ ਤਾਂ ਵੱਡੀਆਂ ਹਨ, ਪਰ ਇਹ ਉਨ੍ਹਾਂ ਦੀ ਪਹੁੰਚ ਤੋਂ ਬਹੁਤ ਦੂਰ ਹਨ। ਕਿੰਨੇ ਕੁ ਲੋਕ ਹਨ ਜਿਨ੍ਹਾਂ ਤੱਕ ਆਯੁਸ਼ਮਾਨ, ਸ਼ੌਚਾਲਿਆ, ਅਵਾਸ ਅਤੇ ਦਵਾਈ ਕੇਂਦਰਾਂ ਜਿਹੀਆਂ ਯੋਜਨਾਵਾਂ ਪਹੁੰਚਦੀਆਂ ਹਨ। ਕਿੰਨੇ ਕੁ ਗ਼ਰੀਬ ਲੋਕ ਹਨ ਜਿਨ੍ਹਾਂ ਤੱਕ ਸਹੀ ਸਿੱਖਿਆ-ਸੋਚ ਪਹੁੰਚਦੀ ਹੈ। ਲੋੜ ਹੈ ਕਿ ਮਰਦਮਸ਼ੁਮਾਰੀ ਦੇਸ਼ ਦੇ ਅਸਲ ਹਾਲਾਤ ਦੀ ਜਾਣਕਾਰੀ ਦਾ ਸਾਧਨ ਬਣੇ। ਮਰਦਮਸ਼ੁਮਾਰੀ ਅਧਾਰਤ ਯੋਜਨਾਵਾਂ ਆਮ ਲੋਕਾਂ ਦੇ ਪੱਲੇ ਪੈਣ। ਉਨ੍ਹਾਂ ਦਾ ਸਮਾਜਕ, ਆਰਥਕ ਕਲਿਆਣ ਕਰ ਸਕਣ। ਵਿਕਾਸ ਦੇ ਨਾਲ-ਨਾਲ ਸਮੂਹਿਕ ਚੇਤਨਾ ਵੀ ਪੈਦਾ ਕਰੇ। ਤਦੇ ਇਹ ਸਾਰਥਕ ਗਿਣੀ ਜਾਏਗੀ। ਪਰ ਸਭ ਤੋਂ ਬੁਨਿਆਦੀ ਸਵਾਲ ਇਹ ਹੈ ਕਿ ਸੱਤਾ ਧਿਰਾਂ ਜਾਤੀ ਮਰਦਮਸ਼ੁਮਾਰੀ ਤੋਂ ਬਾਅਦ ਉਨ੍ਹਾਂ ਦੇ ਸਮਾਜਿਕ ਅਤੇ ਆਰਥਿਕ ਕਲਿਆਣ ਲਈ ਕੰਮ ਕਰਨਗੀਆਂ ਜਾਂ ਇਸ ਮੁੱਦੇ ਦੇ ਆਸੇ-ਪਾਸੇ ਸਿਰਫ਼ ਰਾਜਨੀਤੀ ਹੀ ਕਰਦੀਆਂ ਰਹਿਣਗੀਆਂ।



# ਲੋਕਾਂ ਦੇ ਘਰਾਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੇ ਹਾਲਾਤ ਅਤੇ ਹੱਕ

ਲਿਖਤ : ਪ੍ਰੋ. ਕੰਵਲਜੀਤ ਕੌਰ ਗਿੱਲ
ਸੰਪਰਕ : 91 – 98551 – 22857



ਸ਼ਹਿਰਾਂ ਦੇ ਲਗਭਗ ਹਰੇਕ ਮੱਧ ਵਰਗ ਅਤੇ ਉੱਪਰਲੇ ਵਰਗ ਦੇ ਘਰਾਂ ਵਿੱਚ ਘਰੇਲੂ ਕੰਮ ਲਈ ਮਦਦ ਕਰਵਾਉਣ ਵਾਸਤੇ ਕਿਸੇ ਬਾਹਰਲੇ ਵਿਅਕਤੀ ਦਾ ਪ੍ਰਬੰਧ ਕੀਤਾ ਜਾਂਦਾ ਹੈ। ਮੁੱਖ ਰੂਪ ਵਿੱਚ ਇਸ ਕੰਮ ਲਈ ਔਰਤਾਂ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ। ਕੀਤੇ ਜਾਣ ਵਾਲੇ ਕੰਮ ਅਤੇ ਉਸ ਬਦਲੇ ਹੋਣ ਵਾਲੀ ਅਦਾਇਗੀ ਪਹਿਲਾਂ ਤੋਂ ਨਿਰਧਾਰਤ ਕਰਨ ਉਪਰੰਤ ਉਸ ਨੂੰ ਕੰਮ 'ਤੇ ਲਗਾ ਲਿਆ ਜਾਂਦਾ ਹੈ ਜਾਂ ਰੱਖ ਲਿਆ ਜਾਂਦਾ ਹੈ। ਤਕਨੀਕੀ ਭਾਸ਼ਾ ਵਿੱਚ, ਜਿਹੜੇ ਵਿਅਕਤੀ ਆਪਣੇ ਘਰ ਤੋਂ ਬਾਹਰ ਦੂਜਿਆਂ ਦੇ ਘਰਾਂ ਵਿੱਚ ਕੰਮ ਕਰਦੇ ਹਨ ਅਤੇ ਉਸ ਕੰਮ ਬਦਲੇ ਉਨ੍ਹਾਂ ਨੂੰ ਉਜਰਤ ਵਸੂਲ ਹੁੰਦੀ ਹੈ, ਉਨ੍ਹਾਂ ਨੂੰ ਘਰੇਲੂ ਕਾਮੇ (ਡੋਮੈਸਟਿਕ ਵਰਕਰ) ਕਹਿੰਦੇ ਹਨ। ਅੱਜ ਕੱਲ੍ਹ ਇਹਨਾਂ ਨੂੰ ਨੌਕਰਾਣੀ ਜਾਂ 'ਕੰਮ ਵਾਲੀ' ਦੀ ਥਾਂ 'ਮੇਡ' ਕਹਿਣ ਨੂੰ ਤਵੱਜੋ ਦਿੱਤੀ ਜਾਂਦੀ ਹੈ। ਜੇਕਰ ਕੰਮ ਤਸੱਲੀਬਖ਼ਸ਼ ਹੋ ਰਿਹਾ ਹੋਵੇ ਤਾਂ ਇਹ ਸਿਲਸਿਲਾ ਸਾਲਾਂ ਬੱਧੀ ਚਲਦਾ ਰਹਿੰਦਾ ਹੈ ਤੇ ਉਸ ਕੰਮ ਵਿੱਚ ਮਦਦ ਕਰਵਾਉਣ ਵਾਲੀ ਮੇਡ ਨਾਲ ਘਰ ਦੀ ਸੁਆਣੀ ਅਤੇ ਬਾਕੀ ਜੀਆਂ ਦਾ ਖਾਸ ਕਿਸਮ ਦਾ ਲਗਾਓ ਤੇ ਰਿਸ਼ਤਾ ਬਣ ਜਾਂਦਾ ਹੈ। ਜਿਸ ਘਰ ਵਿੱਚ ਬੱਚੇ ਛੋਟੀ ਉਮਰ ਦੇ ਹਨ, ਉੱਥੇ ਤਾਂ ਉਸ ਨੂੰ ਦਾਦੀ ਮਾਂ ਜਾਂ ਘਰ ਦੇ ਮੈਂਬਰ ਵਾਂਗ ਵੇਖਿਆ ਜਾਣ ਲਗਦਾ ਹੈ। ਪਰ ਇਹ ਸਤਿਕਾਰ ਅਤੇ ਸਥਾਨ ਸਾਰੀਆਂ ਨੂੰ ਸਾਰੇ ਘਰਾਂ ਵਿੱਚ ਨਹੀਂ ਮਿਲਦਾ। ਬਹੁਤੇ ਘਰਾਂ ਵਿੱਚ ਉਸ ਨੂੰ ਕੇਵਲ ਨੌਕਰਾਣੀ ਦੀ ਹੈਸੀਅਤ ਵਿੱਚ ਹੀ ਰੱਖਿਆ ਜਾਂਦਾ ਹੈ। ਕੰਮ ਵਿੱਚ ਹੋਈ ਮਾੜੀ ਮੋਟੀ ਕੁਤਾਹੀ ਨੂੰ ਵਧਾ ਚੜ੍ਹਾ ਕੇ ਦੱਸਣਾ, ਕੰਮ ਤੋਂ ਹਟਾ ਦੇਣ ਦੀ ਧਮਕੀ ਦੇਣਾ ਜਾਂ ਕੰਮ ਵਿੱਚੋਂ ਪੈਸੇ ਆਦਿ ਕੱਟ ਲੈਣਾ, ਆਮ ਹੈ।

ਵੱਡੇ ਸ਼ਹਿਰਾਂ ਵਿੱਚ ਤਾਂ ਦੁਰਵਿਹਾਰ ਕਰਨ ਤੋਂ ਇਲਾਵਾ ਇਹਨਾਂ ਦਾ ਮਾਨਸਿਕ ਅਤੇ ਕਿਤੇ ਕਿਤੇ ਜਿਣਸੀ ਸ਼ੋਸ਼ਣ ਵੀ ਹੁੰਦਾ ਹੈ। ਘਰ ਦੀ ਆਰਥਿਕ ਹਾਲਤ ਪਤਲੀ ਹੋਣ ਕਾਰਨ ਮਜਬੂਰੀ ਵੱਸ ਉਹ ਹਰ ਪ੍ਰਕਾਰ ਦੇ ਜ਼ੁਲਮ ਅਤੇ ਜ਼ਿਆਦਤੀਆਂ ਬਰਦਾਸ਼ਤ ਕਰਦੀਆਂ ਹਨ। ਕਿਸੇ ਦੀ ਸਮਾਜਿਕ ਜਾਂ ਆਰਥਿਕ ਮਜਬੂਰੀ ਦਾ ਨਜਾਇਜ਼ ਫਾਇਦਾ ਉਠਾਉਣਾ ਜਾਂ ਇੱਕ ਧਿਰ, ਜਿਸ ਕੋਲ ਉਤਪਾਦਨ ਦੇ ਸਾਧਨ ਹਨ ਉਸ ਦੁਆਰਾ ਸਾਧਨ ਰਹਿਤ ਧਿਰ ਦਾ ਸ਼ੋਸ਼ਣ ਕਰਨਾ ਜਾਂ ਉਸ ਨਾਲ ਦੁਰਵਿਹਾਰ ਕਰਨਾ ਕਿਸੇ ਵੀ ਸਭਿਅਕ ਸਮਾਜ ਦਾ ਕਿਰਦਾਰ ਨਹੀਂ। ਅਸਲ ਵਿੱਚ ਇਹ ਉਹਨਾਂ ਦੇ ਸਨਮਾਨ ਨਾਲ ਜ਼ਿੰਦਗੀ ਜਿਉਣ ਦੇ ਮੁਢਲੇ ਅਧਿਕਾਰ ਦੀ ਉਲੰਘਣਾ ਹੈ। ਅਸੀਂ ਭੁੱਲ ਜਾਂਦੇ ਹਾਂ ਕਿ ਜਿਨ੍ਹਾਂ ਦੀ ਸਹਾਇਤਾ ਤੇ ਸਾਥ ਨਾਲ ਅਸੀਂ ਆਪਣੇ ਘਰੇਲੂ ਕੰਮ ਦਾ ਬੋਝ ਹਲਕਾ ਕਰਦੇ ਹਾਂ, ਰੋਜ਼ੀ ਰੋਟੀ ਕਮਾਉਣ ਖਾਤਰ ਉਹਨਾਂ 'ਤੇ ਨਿਰਭਰ ਕਰਦੇ ਹਾਂ, ਫਿਰ ਵੀ ਉਹਨਾਂ ਨੂੰ ਬਣਦਾ ਪਿਆਰ ਸਤਿਕਾਰ ਤੇ ਮਾਣ ਨਹੀਂ ਦਿੰਦੇ। ਕੀ ਇਸ ਪ੍ਰਕਾਰ ਵਿਅਕਤੀ ਦਾ ਵਿਅਕਤੀ ਦੁਆਰਾ ਸ਼ੋਸ਼ਣ ਤੇ ਬੇਕਦਰੀ ਕਰਨੀ ਜਾਇਜ਼ ਹੈ?

ਫਰਵਰੀ 2024 ਵਿੱਚ ਨੈਸ਼ਨਲ ਪਲੇਟਫਾਰਮ ਫਾਰ ਡੋਮੈਸਟਿਕ ਵਰਕਰਜ਼ ('ਓਟਿਨੋਉਲ ਫਲਓਟਡੋਰਮ ਡੋਰ ਧੋਮਏਸਟਿਚ ੌਰਕਏਰਸ) ਦੁਆਰਾ ਆਯੋਜਿਤ ਲਗਭਗ 400 ਤੋਂ ਵੱਧ ਔਰਤਾਂ ਨੇ ਲੇਬਰ ਕਮਿਸ਼ਨਰ ਦੇ ਦਫਤਰ ਸਾਹਮਣੇ ਦਿੱਲੀ ਵਿੱਚ ਪ੍ਰਦਰਸ਼ਨ ਕੀਤਾ, ਜਿਸ ਵਿੱਚ ਉਹਨਾਂ ਆਪਣੇ ਕੰਮ ਅਤੇ ਉਜਰਤ ਨਾਲ ਸੰਬੰਧਿਤ ਮੰਗਾਂ ਨੂੰ ਰੱਖਿਆ। ਪ੍ਰਦਰਸ਼ਨ ਦਾ ਮੁੱਖ ਮਕਸਦ ਇਹਨਾਂ ਵਰਕਰਾਂ ਨਾਲ ਸੰਬੰਧਿਤ ਇੱਕ ਸਪਸ਼ਟ ਤੇ ਵੱਖਰੇ ਰੂਪ ਵਿੱਚ ਕਾਨੂੰਨ ਬਣਾਉਣਾ ਹੈ। ਕਿਉਂਕਿ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਵਾਲੇ ਇਹਨਾਂ ਵਿਅਕਤੀਆਂ ਨੂੰ ਨਾ ਤਾਂ ਵਰਕਰ ਦਾ ਦਰਜਾ ਪ੍ਰਾਪਤ ਹੈ ਤੇ ਨਾ ਹੀ ਕੰਮ ਕਰਨ ਵਾਲੇ ਸਥਾਨ ਦਾ ਕੋਈ ਨਾਮ ਹੈ, ਇਸੇ ਲਈ ਉਹਨਾਂ ਦੇ ਕੰਮ ਦੇ ਘੰਟੇ, ਘੱਟੋ ਘੱਟ ਉਜਰਤ, ਛੁੱਟੀਆਂ ਜਾਂ ਸਲਾਨਾ ਮਾਣਭੱਤੇ ਵਿੱਚ ਕੀਤਾ ਜਾਣ ਵਾਲਾ ਵਾਧਾ ਆਦਿ ਤੋਂ ਇਲਾਵਾ ਕੋਈ ਬਿਮਾਰੀ, ਸਿਹਤ, ਮੈਡੀਕਲ ਅਲਾਉਂਸ ਜਾਂ ਰਿਟਾਇਰਮੈਂਟ ਸੁਰੱਖਿਆ ਆਦਿ ਕੁਝ ਵੀ ਸੁਨਿਸ਼ਚਿਤ ਨਹੀਂ ਹੈ। 1959 ਵਿੱਚ ਇਹਨਾਂ ਵਰਕਰਾਂ ਦੀਆਂ ਕੰਮ ਦੀਆਂ ਹਾਲਤਾਂ ਨਾਲ ਸੰਬੰਧਿਤ ਇੱਕ ਆਲ ਇੰਡੀਆ ਡੋਮੈਸਟਿਕ ਸਰਵੈਂਟ ਬਿੱਲ ਲਿਆਂਦਾ ਗਿਆ ਸੀ, ਜਿਸਦਾ ਮੁੱਖ ਸੰਬੰਧ ਇਹਨਾਂ ਵਰਕਰਾਂ ਦੀ ਲੋਕਲ ਪੁਲਿਸ ਵਿੱਚ ਰਜਿਸਟਰੇਸ਼ਨ ਹੋਣ ਨਾਲ ਸੀ। ਇਸ ਤੋਂ ਬਾਅਦ 1972 ਤੇ ਫਿਰ 1996 ਵਿੱਚ ਦੋ ਹੋਰ ਨਿੱਜੀ ਬਿੱਲਾਂ ਦੁਆਰਾ ਇਹਨਾਂ ਨੂੰ ਉਦਯੋਗਿਕ ਝਗੜਿਆਂ ਸੰਬੰਧੀ ਕਾਨੂੰਨ ਦੇ ਦਾਇਰੇ ਵਿੱਚ ਲਿਆਉਣ ਦਾ ਪ੍ਰਸਤਾਵ ਰੱਖਿਆ ਗਿਆ। ਪਰ ਇਹਨਾਂ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਦੀ ਅਣਹੋਂਦ ਕਾਰਨ ਕੋਈ ਵੀ ਪ੍ਰਸਤਾਵ ਕਾਨੂੰਨ ਨਹੀਂ ਬਣ ਸਕਿਆ। ਦੂਜੇ ਪਾਸੇ 1986 ਵਿੱਚ ਬਾਲ ਮਜ਼ਦੂਰੀ ਵਿਰੁੱਧ ਬਣਾਏ ਕਾਨੂੰਨ ਜਿਸ ਨੂੰ 2006 ਵਿੱਚ ਸੋਧਿਆ ਗਿਆ ਸੀ ਅਤੇ ਅਸੰਗਠਿਤ ਸੋਸ਼ਲ ਸਕਿਉਰਟੀ ਐਕਟ, 2008 ਤੋਂ ਇਲਾਵਾ ਕੰਮਕਾਜੀ ਥਾਵਾਂ 'ਤੇ ਔਰਤਾਂ ਦੇ ਜਿਣਸੀ ਸ਼ੋਸ਼ਣ (ਰੋਕਥਾਮ, ਪਾਬੰਦੀ ਅਤੇ ਨਿਵਾਰਨ) ਐਕਟ 2013, ਇਹ ਤਿੰਨੇ ਕਾਨੂੰਨ ਘਰਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਉੱਪਰ ਵੀ ਉਵੇਂ ਹੀ ਲਾਗੂ ਹੁੰਦੇ ਹਨ। ਦੱਖਣੀ ਭਾਰਤ ਦੇ ਕੁਝ ਰਾਜਾਂ, ਖਾਸ ਕਰ ਕੇਰਲਾ, ਤਾਮਿਲਨਾਡੂ ਤੇ ਮਹਾਰਾਸ਼ਟਰ ਵਿੱਚ, ਵੈਲਫੇਅਰ ਬੋਰਡਾਂ ਦੀ ਸਹਾਇਤਾ ਨਾਲ ਇਹਨਾਂ ਡੋਮੈਸਟਿਕ ਵਰਕਰਾਂ ਦੀਆਂ ਸਮਾਜਿਕ ਸੁਰੱਖਿਆ ਨਾਲ ਸੰਬੰਧਿਤ ਸਹੂਲਤਾਂ ਵਿੱਚ ਵਾਧਾ ਕੀਤਾ ਗਿਆ ਹੈ।

ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੀ ਇੱਕ ਅਨੁਮਾਨ ਅਨੁਸਾਰ ਵੱਡੇ ਸ਼ਹਿਰਾਂ ਵਿੱਚ ਗਿਣਤੀ 50 ਲੱਖ ਤੋਂ ਵੀ ਉੱਪਰ ਹੈ। ਪੱਛਮੀ ਬੰਗਾਲ, ਬਿਹਾਰ, ਉੜੀਸਾ ਵਰਗੇ ਗਰੀਬ ਰਾਜਾਂ ਤੋਂ ਕੰਮ ਦੀ ਭਾਲ ਵਿੱਚ ਪੰਜਾਬ, ਹਰਿਆਣਾ, ਦਿੱਲੀ ਆਦਿ ਦੇ ਰਾਜਾਂ ਵਿੱਚ ਮਾਈਗਰੇਟ ਕਰਕੇ ਆਉਂਦੇ ਪਰਿਵਾਰਾਂ ਦੇ ਮਰਦ ਭਵਨ-ਉਸਾਰੀ ਜਾਂ ਖੇਤਾਂ ਵਿੱਚ ਕੰਮ ਕਰਨ ਲੱਗਦੇ ਹਨ। ਸ਼ਹਿਰੀ ਇਲਾਕਿਆਂ ਵਿੱਚ ਉਹ ਠੇਕੇਦਾਰਾਂ ਨਾਲ ਸਬਜ਼ੀ ਆਦਿ ਦੀਆਂ ਰੇਹੜੀਆਂ ਲਗਾਉਣ ਵਿੱਚ ਸਹਾਇਤਾ ਕਰਦੇ ਹਨ। ਉਹਨਾਂ ਦੀਆਂ ਔਰਤਾਂ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਲੱਗ ਜਾਂਦੀਆਂ ਹਨ। ਇਹ ਔਰਤਾਂ ਆਰਥਿਕ ਤੌਰ 'ਤੇ ਗਰੀਬ ਤੇ ਸਮਾਜਿਕ ਪੱਖ ਤੋਂ ਛੋਟੀਆਂ ਜਾਤਾਂ, ਜਨ-ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਹਨ। ਇਹ ਘਰਾਂ ਵਿੱਚ ਝਾੜੂ ਪੋਚਾ, ਕੱਪੜੇ ਧੋਣੇ ਤੇ ਭਾਂਡੇ ਮਾਂਜਣ ਦਾ ਕੰਮ ਕਰਦੀਆਂ ਹਨ। ਪਿੰਡਾਂ ਦੇ ਛੋਟੀ ਕਿਸਾਨੀ ਦੇ ਪਰਿਵਾਰ, ਜਿਨ੍ਹਾਂ ਦੀ ਜ਼ਮੀਨ ਵਿਕ ਚੁੱਕੀ ਹੈ ਜਾਂ ਕਿਸੇ ਕਾਰਨ ਮਰਦ ਕਿਸਾਨ ਆਤਮਹੱਤਿਆ ਕਰ ਚੁੱਕੇ ਹਨ, ਉਹਨਾਂ ਦੀਆਂ ਔਰਤਾਂ ਵੀ ਆਰਥਿਕ ਤੰਗੀ ਕਾਰਨ ਮਜਬੂਰ ਹਨ ਕਿ ਨਾਲ ਲਗਦੇ ਸ਼ਹਿਰਾਂ ਦੇ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ। ਕੰਮਕਾਜੀ ਔਰਤਾਂ ਦੇ ਬੱਚਿਆਂ ਨੂੰ ਸਮੇਂ ਅਨੁਸਾਰ ਤਿਆਰ ਕਰਨਾ, ਸਕੂਲ ਛੱਡ ਕੇ ਆਉਣਾ ਤੇ ਸਕੂਲ ਤੋਂ ਬਾਅਦ ਘਰ ਵਿੱਚ ਉਹਨਾਂ ਦੀ ਦੇਖਭਾਲ ਕਰਨ ਦਾ ਕੰਮ ਵੀ ਇਹ ਕਰਦੀਆਂ ਹਨ। ਪਰ ਮੁੱਖ ਰੂਪ ਵਿੱਚ ਗੈਰ ਹੁਨਰਮੰਦ ਹੋਣ ਕਾਰਨ ਇਹਨਾਂ ਨੂੰ ਕੰਮ ਦੇ ਬਦਲੇ ਮਿਲਣ ਵਾਲੀ ਉਜਰਤ ਨਿਯਮਾਂ ਅਨੁਸਾਰ ਬਹੁਤ ਘੱਟ ਹੈ ਅਤੇ ਨਾ ਹੀ ਇਸ ਮਿਹਨਤਾਨੇ ਦੀ ਕੋਈ ਘਰ ਵਿੱਚ ਕਦਰ ਹੀ ਹੁੰਦੀ ਹੈ। ਜਾਤ ਪਾਤ ਦਾ ਸਿਸਟਮ ਲੁਕਵੇਂ ਰੂਪ ਵਿੱਚ ਉਹਨਾਂ ਦੁਆਰਾ ਕਰਵਾਏ ਕੰਮ ਤੋਂ ਜ਼ਾਹਰ ਹੋ ਜਾਂਦਾ ਹੈ। ਰਸੋਈ ਵਿੱਚ ਖਾਣਾ ਆਦਿ ਬਣਾਉਣ ਅਤੇ ਵਰਤਾਉਣ ਦਾ ਕੰਮ ਗਰੀਬ ਬ੍ਰਾਹਮਣ ਤੇ ਰਾਜਪੂਤਾਂ ਦੀਆਂ ਔਰਤਾਂ ਕਰਦੀਆਂ ਹਨ। ਜਦੋਂ ਕਿ ਬਾਥਰੂਮ ਦੀ ਸਫਾਈ, ਕੂੜਾ ਆਦਿ ਇਕੱਠਾ ਕਰਕੇ ਬਾਹਰ ਸੁੱਟਣ ਦਾ ਕੰਮ ਦਲਿਤ ਤੇ ਬਾਲਮੀਕੀ ਭਾਈਚਾਰੇ ਨਾਲ ਸੰਬੰਧਿਤ ਔਰਤਾਂ ਕਰਦੀਆਂ ਹਨ। ਘਰੇਲੂ ਕੰਮ ਕਰਨ 'ਤੇ ਕਰਾਉਣ ਵਾਲਿਆਂ ਦੀ ਮੰਗ ਅਤੇ ਪੂਰਤੀ ਵਿੱਚ ਪਿਛਲੇ ਦੋ ਦਹਾਕਿਆਂ ਦੌਰਾਨ ਵਾਧਾ ਹੋਇਆ ਹੈ। ਇਸਦਾ ਮੁੱਖ ਕਾਰਨ ਆਰਥਿਕ ਵਿਕਾਸ ਦੇ ਬਾਵਜੂਦ ਰੁਜ਼ਗਾਰ ਦੇ ਮੌਕਿਆਂ ਵਿੱਚ ਕਮੀ ਹੋਣਾ ਹੈ। ਦੂਸਰਾ ਆਮਦਨ ਨਾ-ਬਰਾਬਰੀ ਵਧਣ ਕਾਰਨ ਇੱਕ ਪਾਸੇ ਸਵੈ ਰੁਜ਼ਗਾਰ ਦੀ ਜ਼ਰੂਰਤ ਵਧੀ ਹੈ ਤੇ ਦੂਜੇ ਪਾਸੇ ਮੱਧ-ਸ਼੍ਰੇਣੀ ਦੇ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋਣ ਨਾਲ ਉਹ ਆਪਣੇ ਘਰੇਲੂ ਕੰਮ ਸਸਤੀ ਲੇਬਰ ਨਾਲ ਬਾਹਰੋਂ ਕਰਵਾਉਣ ਦੇ ਸਮਰੱਥ ਵੀ ਹੋ ਗਏ ਹਨ। ਇਸ ਤੋਂ ਇਲਾਵਾ ਉਦਯੋਗਾਂ ਵਿੱਚ ਮਨਸੂਈ ਤਕਨੀਕ (ਅ।) ਦੀ ਵਰਤੋਂ ਅਤੇ ਮਸ਼ੀਨੀਕਰਨ ਨੇ ਗੈਰ ਹੁਨਰਮੰਦ ਵਰਕਰਾਂ ਦੀ ਮੰਗ ਨੂੰ ਕਾਫੀ ਘਟਾ ਦਿੱਤਾ ਹੈ। ਉਹ ਗਰੀਬੀ ਦੀ ਮਾਰ ਝੱਲਦੇ ਹੋਏ ਦਿਹਾੜੀਦਾਰ ਅਤੇ ਗਿੱਗ/ਫੇਰੀ ਵਾਲੇ ਵਰਕਰ ਬਣ ਰਹੇ ਹਨ।

ਕੰਮ ਦੇ ਦੌਰਾਨ ਇਹਨਾਂ ਔਰਤਾਂ ਨੂੰ ਕਈ ਪ੍ਰਕਾਰ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੈਂਟਰ ਫਾਰ ਵੂਮੈੱਨ ਸਟੱਡੀਜ਼, ਦਿੱਲੀ, ਅਤੇ ਮਾਰਥਾ ਫੈਰਲ ਫਾਊਂਡੇਸ਼ਨ (Martha Farrell Foundation) ਵੱਲੋਂ 2018 ਵਿੱਚ ਇੱਕ ਅਧਿਐਨ ਕਰਵਾਇਆ ਗਿਆ ਜਿਸਦੀ ਰਿਪੋਰਟ 2020 ਵਿੱਚ ਜਾਰੀ ਕੀਤੀ ਗਈ। ਇਸ ਵਿੱਚ ਕਿਹਾ ਗਿਆ ਕਿ ਇਹਨਾਂ ਔਰਤਾਂ ਉੱਪਰ ਹੁੰਦੀ ਹਿੰਸਾ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 92% ਔਰਤਾਂ ਜਿਣਸੀ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ। ਪਰ, ਕੰਮ ਛੁੱਟ ਜਾਵੇਗਾ, ਆਪਣੇ ਘਰ ਪਰਿਵਾਰ ਦੀ ਬਦਨਾਮੀ ਹੋਵੇਗੀ, ਹੋਰ ਕੋਈ ਕੰਮ 'ਤੇ ਨਹੀਂ ਰੱਖੇਗਾ ਆਦਿ ਵਰਗੇ ਡਰ ਤੋਂ ਇਹ ਕੇਸ ਕਿਤੇ ਰਿਪੋਰਟ ਹੀ ਨਹੀਂ ਹੁੰਦੇ। ਵਾਧੂ ਕੰਮ ਬਦਲੇ ਕੀਤੀ ਜਾਂਦੀ ਮਾੜੀ ਮੋਟੀ ਅਦਾਈਗੀ ਨੂੰ ਵੀ ਵਧਾ ਚੜ੍ਹਾ ਕੇ ਕਹਿਣਾ ਤੇ ਕਿਸੇ ਮੁਸ਼ਕਿਲ ਵੇਲੇ ਕੀਤੀ ਮਾਲੀ ਮਦਦ ਨੂੰ ਬਾਰ ਬਾਰ ਦੁਹਰਾਉਣਾ ਸੁਆਣੀਆਂ ਦਾ ਆਮ ਵਰਤਾਰਾ ਹੈ। ਇਸ ਤੋਂ ਇਲਾਵਾ ਘਰ ਦੇ ਮਰਦ ਮੈਂਬਰਾਂ ਦੁਆਰਾ ਮੈਲੀ ਅੱਖ ਨਾਲ ਵੇਖਣਾ ਵੀ ਮਾਨਸਿਕ ਪ੍ਰੇਸ਼ਾਨੀ ਵਧਾਉਂਦਾ ਹੈ। ਘਰ ਵਿੱਚ ਪਏ ਸ਼ੀਸ਼ੇ ਜਾਂ ਹੋਰ ਨਾਜ਼ੁਕ ਸਮਾਨ ਨੂੰ ਸਾਫ ਕਰਦਿਆਂ ਕਿਤੇ ਟੁੱਟ ਭੱਜ ਨਾ ਹੋ ਜਾਵੇ ਜਾਂ ਪੈਸੇ-ਧੇਲੇ ਮੇਜ਼ ਉੱਪਰ ਪਏ ਹੋਣ ਤਾਂ ਚੋਰੀ ਚਕਾਰੀ ਦੇ ਦੋਸ਼ ਲੱਗਣ ਤੋਂ ਬਚੇ ਰਹਿਣ ਲਈ ਇਹਨਾਂ ਨੂੰ ਹੋਰ ਵੀ ਚੁਕੰਨੇ ਹੋ ਕੇ ਕੰਮ ਕਰਨਾ ਪੈਂਦਾ ਹੈ। ਇਸ ਪ੍ਰਕਾਰ ਸਾਡੇ ਕੰਮ ਨੂੰ ਸੁਖਾਲਾ ਕਰਨ ਵਾਲੇ ਇਹ ਸਹਾਇਕ, ਗੰਭੀਰ ਰੂਪ ਵਿੱਚ ਮਾਨਸਿਕ, ਮਨੋਵਿਗਿਆਨਿਕ, ਭਾਵਨਾਤਮਕ, ਸਰੀਰਕ ਅਤੇ ਜਿਣਸੀ ਸ਼ੋਸ਼ਣ ਦੇ ਭਾਰ ਥੱਲੇ ਦੱਬੇ ਰਹਿੰਦੇ ਹਨ। ਅਜੋਕੇ ਸਮੇਂ ਵਿੱਚ ਵਿਦੇਸ਼ਾਂ ਦੀ ਤਰਜ਼ ਉੱਪਰ ਭਾਰਤ ਵਿੱਚ ਵੀ ਘਰ ਦੇ ਕੰਮ ਕਰਵਾਉਣ ਦਾ ਕੰਮ ਪਲੇਸਮੈਂਟ ਏਜੰਸੀਆਂ ਦੁਆਰਾ ਕੀਤਾ ਜਾਣ ਲੱਗਿਆ ਹੈ। ਇਸ ਕਾਰਜ ਵਿੱਚ ਕੋਆਪਰੇਟਿਵ ਸੁਸਾਇਟੀਆਂ, ਟਰੇਡ ਯੂਨੀਅਨਾਂ ਤੇ ਕਈ ਸਵੈ ਇੱਛਤ ਸੰਗਠਨ ਯਤਨਸ਼ੀਲ ਹਨ। ਪ੍ਰੰਤੂ ਇੱਥੇ ਵੀ ਸਾਰਾ ਕੁਝ ਸੁਰੱਖਿਅਤ, ਸਾਫ ਤੇ ਅੱਛਾ ਨਹੀਂ। ਕੁਝ ਨਿੱਜੀ ਏਜੰਸੀਆਂ ਤੇ ਏਜੰਟ ਛੋਟੀ ਉਮਰ ਦੀਆਂ ਲੜਕੀਆਂ ਜਾਂ ਦੂਜੇ ਗਰੀਬ ਰਾਜਾਂ ਤੋਂ ਅਣਵਿਆਹੀਆਂ ਔਰਤਾਂ ਨੂੰ ਕੰਮ 'ਤੇ ਲਾਵਾ ਦਿੰਦੇ ਹਨ, ਜਿੱਥੇ ਉਹਨਾਂ ਨੂੰ ਸਥਾਨਕ ਭਾਸ਼ਾ ਦਾ ਗਿਆਨ ਨਹੀਂ ਹੁੰਦਾ। ਉਸ ਸਥਿਤੀ ਵਿੱਚ ਉਹਨਾਂ ਦੇ ਵਿਤੀ ਅਤੇ ਜਿਣਸੀ ਸ਼ੋਸ਼ਣ ਦੇ ਮੌਕੇ ਹੋਰ ਵੀ ਵਧ ਜਾਂਦੇ ਹਨ। ਇਸ ਤੋਂ ਇਲਾਵਾ ਇਹ ਏਜੰਸੀਆਂ ਕਿਸੇ ਵੀ ਕਾਨੂੰਨੀ ਦਾਇਰੇ ਵਿੱਚ ਨਹੀਂ ਆਉਂਦੀਆਂ। ਇਸ ਕਰਕੇ ਕੰਮ ਦੇ ਘੰਟੇ, ਅਦਾਇਗੀ, ਵਾਧੂ ਕੰਮ ਦੀ ਉਜਰਤ ਜਾਂ ਕੰਮ ਦੌਰਾਨ ਮਿਲਣ ਵਾਲੀਆਂ ਹੋਰ ਸਹੂਲਤਾਂ ਜਿਵੇਂ ਚਾਹ ਪਾਣੀ, ਭੋਜਨ, ਤੀਜ ਤਿਉਹਾਰ ਤੇ ਮਿਲਣ ਵਾਲੇ ਤੋਹਫੇ, ਕੱਪੜੇ ਲੀੜੇ ਆਦਿ ਬਾਰੇ ਕੁਝ ਵੀ ਸਪਸ਼ਟ ਤੇ ਨਿਸ਼ਚਿਤ ਨਹੀਂ ਕੀਤਾ ਜਾਂਦਾ। ਦੂਜੇ ਪਾਸੇ ਕੰਮ ਲੱਭਣ ਵਾਲਿਆਂ ਦੀ ਸੌਦਾਬਾਜ਼ੀ ਕਰਨ ਦੀ ਤਾਕਤ (ਭੳਰਗੳਨਿਨਗ ਫੋਾੲਰ) ਵੀ ਨਿਗੂਣੀ ਹੀ ਹੁੰਦੀ ਹੈ। ਇਸ ਸਮੱਸਿਆ ਉੱਪਰ ਕਾਬੂ ਪਾਉਣ ਲਈ ਇਹਨਾਂ ਏਜੰਸੀਆਂ ਦੀ ਰਜਿਸਟਰੇਸ਼ਨ ਲਾਜ਼ਮੀ ਹੋਣੀ ਚਾਹੀਦੀ ਹੈ ਤਾਂ ਕਿ ਇਹ ਆਪਣੀ ਮਨ ਮਰਜ਼ੀ ਅਨੁਸਾਰ ਕਿਸੇ ਨਾਲ ਇਸ ਪ੍ਰਕਾਰ ਦਾ ਧੱਕਾ ਨਾ ਕਰ ਸਕਣ।

ਸਪਸ਼ਟ ਹੈ ਕਿ ਮੇਡ ਅਤੇ ਘਰ ਦੀਆਂ ਸੁਆਣੀਆਂ ਦੀ ਇੱਕ ਦੂਜੇ ਉੱਪਰ ਨਿਰਭਰਤਾ ਨਿੱਤ ਪ੍ਰਤੀ ਦਿਨ ਵਧ ਰਹੀ ਹੈ। ਜਦੋਂ ਗਰੀਬ ਅਤੇ ਬੁਝੇ ਟੁੱਟੇ ਪਰਿਵਾਰਾਂ ਦੀਆਂ ਔਰਤਾਂ ਸ਼ਹਿਰੀ ਲੋਕਾਂ ਦੇ ਸੰਪਰਕ ਵਿੱਚ ਆਉਂਦੀਆਂ ਹਨ ਤਾਂ ਉਹਨਾਂ ਦੇ ਜੀਵਨ ਢੰਗ ਅਤੇ ਸੋਚ ਵਿੱਚ ਤਬਦੀਲੀ ਆਉਣੀ ਸੁਭਾਵਿਕ ਹੈ। ਅਨੇਕਾਂ ਉਦਾਹਰਨਾਂ ਹਨ ਜਿੱਥੇ ਪਹਿਲਾਂ ਕੰਮ ਕਰਨ ਵਾਲੀਆਂ ਇੱਕ ਸਮੇਂ ਪੈਦਲ ਚੱਲ ਕੇ ਕੰਮ 'ਤੇ ਜਾਂਦੀਆਂ ਸਨ, ਹੁਣ ਉਹਨਾਂ ਵਿੱਚੋਂ ਬਹੁਤੀਆਂ ਕੋਲ ਸਾਈਕਲ ਹਨ। ਕਈ ਨੌਜਵਾਨ ਕੁੜੀਆਂ ਕੋਲ ਤਾਂ ਮੋਪਿਡ ਤੇ ਪੁਰਾਣੇ ਸਕੂਟਰ ਵੀ ਹਨ, ਜਿਹੜੇ ਉਹਨਾਂ ਆਪਣੀਆਂ ਬੀਬੀਆਂ ਤੋਂ ਥੋੜ੍ਹੇ ਜਿਹੇ ਪੈਸੇ ਦੇ ਕੇ ਖਰੀਦੇ ਹੁੰਦੇ ਹਨ। ਔਸਤਨ ਹਰੇਕ ਘਰ ਵਿੱਚ ਪੁਰਾਣੇ ਟੀ ਵੀ ਸੈੱਟ, ਛੱਤ 'ਤੇ ਲੱਗੇ ਪੱਖੇ ਤੇ ਫਰਿੱਜ ਆਦਿ ਮੌਜੂਦ ਹਨ।

ਉਹ ਹੁਣ ਆਪਣੀ ਸਾਫ ਸਫਾਈ ਪ੍ਰਤੀ ਵੀ ਸੁਚੇਤ ਹਨ। ਇਹ ਨਿਸ਼ਚਿਤ ਹੈ ਕਿ ਜਿੱਥੋਂ ਤਕ ਸੰਭਵ ਹੋ ਸਕਿਆ, ਉਹ ਆਪਣੇ ਬੱਚਿਆਂ ਖਾਸ ਕਰਕੇ ਕੁੜੀਆਂ ਨੂੰ ਇਸ ਕੰਮ ਵਿੱਚ ਨਹੀਂ ਲਗਾਉਣਾ ਚਾਹੁੰਦੀਆਂ। ਪਰ ਇਸ ਸਾਰੇ ਕੁਝ ਵਿੱਚ, ਇੱਕ ਔਰਤ ਹੋਣ ਦੇ ਨਾਤੇ ਉਹ ਆਪਣੇ ਆਪ ਉੱਪਰ ਅਨੇਕਾਂ ਦੁੱਖ ਤਕਲੀਫਾਂ ਦੇ ਭਾਰ ਦੀ ਪੰਡ ਚੁੱਕੀ ਫਿਰਦੀਆਂ ਹਨ। ਸ਼ਰਾਬੀ ਕਬਾਬੀ ਪਤੀਆਂ ਤੋਂ ਰੋਜ਼ ਦਿਹਾੜੀ ਕੁੱਟਮਾਰ ਵੀ ਖਾਂਦੀਆਂ ਹਨ, ਕੀਤੀ ਗਈ ਕਮਾਈ ਬਾਰੇ ਤਾਅਨੇ ਮਿਹਣੇ ਵੀ ਸੁਣਦੀਆਂ ਹਨ, ਸਮੇਂ ਸਿਰ ਕੰਮ 'ਤੇ ਪਹੁੰਚਣ ਲਈ ਆਪਣੇ ਘਰ ਦੇ ਕੰਮ ਨੂੰ ਬਹੁਤੀ ਵਾਰ ਨਜ਼ਰ ਅੰਦਾਜ਼ ਵੀ ਕਰਦੀਆਂ ਹਨ। ਪਰ ਫਿਰ ਵੀ ਬੱਚਿਆਂ ਦੀ ਖਾਤਰ ਤੁਰੀਆਂ ਫਿਰਦੀਆਂ ਹਨ। ਅਸਲ ਵਿੱਚ ਮੇਡ/ਘਰੇਲੂ ਵਰਕਰਾਂ ਦੇ ਇਹੋ ਜਿਹੇ ਹਾਲਾਤ ਦਾ ਮੁੱਖ ਕਾਰਨ, ਉਹਨਾਂ ਦਾ ਅਸੰਗਠਿਤ ਖੇਤਰ ਵਿੱਚ ਹੋਣਾ ਹੈ, ਜਿੱਥੇ ਇਨ੍ਹਾਂ ਦੀ ਕਿਸੇ ਮਾਪ ਦੰਡ ਤਹਿਤ ਕੋਈ ਗਿਣਤੀ ਨਹੀਂ, ਇਹਨਾਂ ਦੇ ਕੰਮ ਪ੍ਰਤੀ ਕੋਈ ਰਜਿਸਟਰੇਸ਼ਨ ਆਦਿ ਨਹੀਂ ਹੁੰਦੀ ਤੇ ਨਾ ਹੀ ਇਹਨਾਂ ਦੀ ਕੋਈ ਟਰੇਡ ਯੂਨੀਅਨ ਹੈ। ਇਸ ਲਈ ਇਹਨਾਂ ਦੇ ਕੰਮ ਦੇ ਘੰਟੇ, ਉਜਰਤ ਅਤੇ ਹੋਰ ਸੁਖ ਸਹੂਲਤਾਂ ਪ੍ਰਤੀ ਕੁਝ ਵੀ ਸਾਡੇ ਦੇਸ਼ ਵਿੱਚ ਨਿਸ਼ਚਿਤ ਨਹੀਂ ਹੈ।

ਹੁਣ ਕਿਉਂਕਿ ਇਹ ਸਾਡੇ ਸਮਾਜ ਦਾ ਅਨਿੱਖੜਵਾਂ ਅੰਗ ਬਣ ਚੁੱਕੇ ਹਨ ਇਸ ਲਈ ਇਹਨਾਂ ਦੇ ਹਾਲਾਤ ਵਿੱਚ ਸੁਧਾਰ ਕਰਨ ਲਈ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ, ਸੰਗਠਨਾਂ ਦੁਆਰਾ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ। ਭਾਵੇਂ ਭਾਰਤ ਨੇ 2004 ਵਿੱਚ ਅੰਤਰਰਾਸ਼ਟਰੀ ਮਜ਼ਦੂਰ ਸੰਘਠਨ ਦੁਆਰਾ ਸੁਝਾਏ ਲੇਬਰ ਕਾਨੂੰਨਾਂ ਦੀ ਧਾਰਾ, ਸੀ-189 ਨੂੰ ਮੰਨ ਲਿਆ ਗਿਆ ਸੀ ਪਰ ਇਨ੍ਹਾਂ ਡੋਮੈਸਟਿਕ ਵਰਕਰਾਂ ਬਾਰੇ ਇਸ ਵਿੱਚ ਕੋਈ ਵੀ ਜ਼ਿਕਰ ਨਹੀਂ ਕੀਤਾ ਗਿਆ, ਨਾ ਹੀ ਇਹਨਾਂ ਨੂੰ ਕਾਮਗਰ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਭਾਵੇਂ ਘਰੇਲੂ ਆਰਥਿਕਤਾ ਵਿੱਚ ਇਹਨਾਂ ਦੀ ਪੂਰਨ ਹਿੱਸੇਦਾਰੀ ਹੈ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੁਆਰਾ ਬਾਕੀ ਮਜ਼ਦੂਰਾਂ, ਕਰਮਚਾਰੀਆਂ, ਕਾਮਗਰਾਂ ਪ੍ਰਤੀ ਨਿਰਧਾਰਤ ਕਾਨੂੰਨਾਂ ਵਾਂਗ ਇਹਨਾਂ ਨੂੰ ਵੀ ਵਰਕਰਾਂ ਦੀ ਸ਼੍ਰੇਣੀ ਵਿੱਚ ਰੱਖਦੇ ਹੋਏ ਘੱਟੋ ਘੱਟ ਉਜਰਤਾਂ, ਕੰਮ ਦੇ ਘੰਟੇ, ਛੁੱਟੀਆਂ, ਸਿਹਤ ਜਾਂ ਮੈਡੀਕਲ ਭੱਤਾ ਆਦਿ ਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ। ਮੰਗ ਅਤੇ ਪੂਰਤੀ ਵਿੱਚ ਸੰਤੁਲਨ ਰੱਖਣ ਵਾਸਤੇ ਕੰਮ ਕਰਨ ਵਾਲੀਆਂ ਏਜੰਸੀਆਂ ਅਤੇ ਏਜੰਟਾਂ ਦੀ ਵੀ ਸਹੀ ਢੰਗ ਨਾਲ ਰਜਿਸਟਰੇਸ਼ਨ ਹੋਣੀ ਚਾਹੀਦੀ ਹੈ। ਆਪਣੇ ਜਮਹੂਰੀ ਹੱਕਾਂ ਪ੍ਰਤੀ ਸੁਚੇਤ ਔਰਤਾਂ ਅਤੇ ਔਰਤ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਸਮਾਜ ਦੇ ਇਸ ਅਣਗੌਲੇ ਸੈਕਸ਼ਨ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਲਾਮਬੰਦ ਕਰਨ ਤਾਂ ਕਿ ਉਨ੍ਹਾਂ ਦੇ ਜੀਵਨ ਢੰਗ ਵਿੱਚ ਵੀ ਸੁਧਾਰ ਹੋ ਸਕੇ। ਵਿਅਕਤੀ ਹੱਥੋਂ ਵਿਅਕਤੀ ਦੀ ਲੁੱਟ ਖਸੁੱਟ ਖਤਮ ਕਰਦੇ ਹੋਏ ਸੁਚਾਰੂ ਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਕਰਨਾ ਹੀ ਸਮੇਂ ਦੀ ਜ਼ਰੂਰਤ ਹੈ।

# ਇੰਟਰਨੈੱਟ ਦਾ ਪੰਜਾਬੀ ਭਾਸ਼ਾ ’ਤੇ ਪ੍ਰਭਾਵ

**ਲਿਖਤ : ਬਿਕਰਮਜੀਤ ਸਿੰਘ**

ਦੁਨੀਆ ਦੀਆਂ ਤਮਾਮ ਭਾਸ਼ਾਵਾਂ ਨੇ ਹੌਲੀ-ਹੌਲੀ ਵਿਕਾਸ ਕਰ ਕੇ ਵਰਤਮਾਨ ਸਮੇਂ ਤਕ ਆਪਣੀ ਵਿਸ਼ੇਸ਼ ਥਾਂ ਬਣਾਈ ਹੈ। ਇਹ ਪ੍ਰਕਿਰਿਆ ਹਜ਼ਾਰਾਂ ਸਾਲਾਂ ਦੀ ਮਨੁੱਖੀ ਦਿਮਾਗ ਦੀ ਭਾਸ਼ਾ ਪ੍ਰਤੀ ਘਾੜਤ ਦਾ ਇਕ ਸ਼ਾਨਦਾਨ ਨਤੀਜਾ ਹੈ ਕਿ ਦੁਨੀਆਂ ਦੇ ਵਿਚ ਅੱਜ ਹਜ਼ਾਰਾਂ ਹੀ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਹੁਣ ਤਕ ਮਿਲਦੇ ਭਾਸ਼ਾਵਾਂ ਦੇ ਇਤਿਹਾਸ ਵਿਚ ਕਈ ਭਾਸ਼ਾਵਾਂ ਬਹੁਤ ਜਿਆਦਾ ਤਰੱਕੀ ਕਰ ਕੇ ਅੱਜ ਸਮੁੱਚੀ ਦੁਨੀਆ ’ਤੇ ਰਾਜ ਕਰ ਰਹੀਆਂ ਹਨ ਤੇ ਕਈ ਭਾਸ਼ਾਵਾਂ ਦਾ ਹੁਣ ਥਹੁ-ਪਤਾ ਵੀ ਨਹੀਂ ਅਤੇ ਕੁਝ ਭਾਸ਼ਾਵਾਂ ਆਪੋ-ਆਪਣੇ ਖੇਤਰਾਂ ਤਕ ਸੀਮਤ ਹੋ ਕੇ ਰਹਿ ਗਈਆਂ ਹਨ। ਪੰਜਾਬੀ ਭਾਸ਼ਾ ਦਾ ਇਤਿਹਾਸ ਵੀ ਕਾਫੀ ਲੰਮੇਰਾ ਹੈ। ਇਸ ਨੇ ਵੀ ਵਿਕਾਸ ਦੀਆਂ ਲੀਹਾਂ ’ਤੇ ਪੈ ਕੇ ਹੌਲੀ-ਹੌਲੀ ਤਰੱਕੀ ਕਰਦੇ ਹੋਏ ਅਜੋਕੀ ਵਰਤਮਾਨਕ ਸਥਿਤੀ ਬਣਾਈ ਹੈ। ਪੰਜਾਬੀ ਭਾਸ਼ਾ ਇਕ ਅਜਿਹੀ ਭਾਸ਼ਾ ਹੈ ਜਿਸ ਵਿਚ ਦੂਜੀਆਂ ਭਾਸ਼ਾਵਾਂ ਦੇ ਵੀ ਕਈ ਸ਼ਬਦ ਤਦਭਵ ਜਾਂ ਤਤਸਮ ਰੂਪ ਵਿਚ ਮੌਜੂਦ ਹਨ। ਇਹ ਵਰਤਾਰਾ ਪੰਜਾਬੀ ਭਾਸ਼ਾ ਦੇ ਵਿਦਵਾਨਾਂ/ਵਿਚਾਰਕਾਂ ਅਤੇ ਭਾਸ਼ਾ ਵਿਗਿਆਨੀਆਂ ਵੱਲੋਂ ਸਮੇਂ-ਸਮੇਂ ’ਤੇ ਪੰਜਾਬੀ ਭਾਸ਼ਾ ਨੂੰ ਵਧੇਰੇ ਸਮਰੱਥ ਬਣਾਉਣ ਲਈ ਵਰਤਿਆ ਗਿਆ ਜੋਕਿ ਪੰਜਾਬੀ ਭਾਸ਼ਾ ਦੇ ਇਤਿਹਾਸ ਵਿਚਲੀਆਂ ਵਿਕਾਸ ਦੀਆਂ ਪਰਤਾਂ ਨੂੰ ਸਾਡੇ ਸਾਹਮਣੇ ਲਿਆਉਂਦਾ ਹੈ। ਇਕ ਗੱਲ ਜੋ ਕਿ ਅੱਜ ਦੇ ਯੁੱਗ ਵਿਚ ਤਕਨੀਕੀ ਵਿਕਾਸ ਕਰਕੇ ਕਰਨੀ ਬਣਦੀ ਹੈ, ਉਹ ਇਹ ਹੈ ਕਿ ਆਧੁਨਿਕ ਤਕਨਾਲੌਜੀ (ਵਿਸ਼ੇਸ਼ ਕਰਕੇ ਇੰਟਰਨੈੱਟ) ਨੇ ਵੱਖ-ਵੱਖ ਭਾਸ਼ਾਵਾਂ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ। ਜਿਸ ਤਹਿਤ ਭਾਸ਼ਾ ਦੇ ਪੱਖ ਤੋਂ ਇੰਟਰਨੈੱਟ ਰਾਹੀਂ ਜਿੱਥੇ ਕਿਸੇ ਭਾਸ਼ਾ ਨੂੰ ਵਰਤਣ ਭਾਵ ਕਪਿਊਟਰ ’ਤੇ ਲਿਖਣ ਜਾਂ ਪੜ੍ਹਨ ਸਮੇਂ ਕਈ ਵਿਆਕਰਣਕ ਪੱਖਾਂ ਤੋਂ ਭਾਸ਼ਾ ਦੀ ਆਨਲਾਈਨ ਸੋਧ-ਸੁਧਾਈ ਕੀਤੀ ਜਾ ਸਕਦੀ ਹੈ ਤਾਂਕਿ ਆਨਲਾਈਨ ਕਪਿਊਟਰ ’ਤੇ ਲਿਖੀ (ਟਾਈਪ) ਜਾਣ ਵਾਲੀ ਭਾਸ਼ਾ ਪੂਰਨ ਰੂਪ ਵਿਚ ਤਰੁੱਟੀ-ਰਹਿਤ ਹੋਵੇ, ਉੱਥੇ ਨਾਲ ਕਈ ਅਜਿਹੀਆਂ ਸਮੱਸਿਆਵਾਂ ਵੀ ਦਰਪੇਸ਼ ਚੁਣੌਤੀ ਬਣਦੀਆਂ ਹਨ ਜਦੋਂ ਭਾਸ਼ਾਈ ਪੱਖ ਤੋਂ ਕੁਝ ਤਰੁੱਟੀਆਂ ਰਹਿ ਵੀ ਜਾਂਦੀਆਂ ਹਨ। ਇਹ ਵਰਤਾਰਾ ਕਪਿਊਟਰ ਜਾਂ ਮੋਬਾਇਲ ’ਤੇ ਇੰਟਰਨੈੱਟ ਦੀ ਵਰਤੋਂ ਕਰਦੇ ਸਮੇਂ ਡਿਜੀਟਲ ਪੱਧਰ ’ਤੇ ਭਾਸ਼ਾ ਨੂੰ ਵਰਤਣ ਵੇਲੇ ਅਚੇਤ ਜਾਂ ਸੁਚੇਤ ਰੂਪ ਵਿਚ ਵਿਆਪਕ ਰੂਪ ਵਿਚ ਵਰਤ ਰਿਹਾ ਹੈ। ਇੱਥੇ ਇਹ ਗੱਲ ਵੀ ਦੱਸਣੀ ਬਣਦੀ ਹੈ ਕਿ ਪੰਜਾਬੀ ਭਾਸ਼ਾ ਅਤੇ ਇੰਟਰਨੈੱਟ ਰਾਹੀਂ ਡਿਜੀਟਲ ਤਕਨੀਕ ਦਾ ਆਪਸੀ ਤਾਲਮੇਲ ਹੋਰ ਸੁਚਾਰੂ ਰੂਪ ਵਿਚ ਸਥਾਪਿਤ ਕਰਨ ਲਈ ਪੰਜਾਬੀ ਭਾਸ਼ਾ ਅਤੇ ਕਪਿਊਟਰ ਦੇ ਕਈ ਮਾਹਿਰ ਤੇ ਵਿਦਵਾਨ ਇਸ ਖੇਤਰ ਵਿਚ ਕਾਰਜਸ਼ੀਲ ਵੀ ਹਨ।




ਹੁਣ ਇਸ ਤੋਂ ਇਲਾਵਾ ਜੇਕਰ ਪੰਜਾਬੀ ਭਾਸ਼ਾ ਦੀਆਂ ਉਪ ਬੋਲੀਆਂ ਦੇ ਪ੍ਰਸੰਗ ਵਿਚ ਗੱਲ ਕਰੀਏ ਤਾਂ ਪੰਜਾਬੀ ਭਾਸ਼ਾ ਦੀਆਂ ਅਨੇਕਾਂ ਹੀ ਉਪ ਬੋਲੀਆਂ ਹਨ। ਮੋਟੇ ਤੌਰ ’ਤੇ ਜੇਕਰ ਵੇਖਿਆ ਜਾਵੇ ਤਾਂ ਪੰਜਾਬੀ ਦੀ ਟਕਸਾਲੀ ਬੋਲੀ ਅਜੋਕੇ ਪੰਜਾਬ ਦੇ ਮਾਝੇ ਦੇ ਖੇਤਰ ਵਿਚ ਬੋਲੀ ਜਾਂਦੀ ਹੈ ਜਦਕਿ ਦੁਆਬੀ ਬਿਆਸ ਅਤੇ ਸਤਲੁਜ ਦੇ ਵਿਚਕਾਰਲੇ ਖੇਤਰ ਅਤੇ ਮਲਵਈ ਬੋਲੀ ਜਲੰਧਰ ਤੋਂ ਬਾਰਸਤਾ ਜਾਂਦੇ ਹੋਏ ਸਤਲੁਜ ਤੋਂ ਪਾਰ ਬੋਲੀ ਜਾਂਦੀ ਹੈ। ਉਚਾਰਨ ਦੇ ਪੱਖ ਤੋਂ ਇਨ੍ਹਾਂ ਤਿੰਨਾਂ-ਮਾਝੀ (ਟਕਸਾਲੀ), ਦੁਆਬੀ ਅਤੇ ਮਲਵਈ ਬੋਲੀ ਵਿਚ ਆਪਸੀ ਅੰਤਰ ਹੈ। ਜਿਸ ਤੋਂ ਇਹ ਸਹਿਜੇ ਹੀ ਅੰਦਾਜ਼ਾ ਲਗਾ ਲਿਆ ਜਾਂਦਾ ਹੈ ਕਿ ਉਸ ਬੋਲੀ ਨੂੰ ਬੋਲਣ ਵਾਲਾ ਵਿਅਕਤੀ ਪੰਜਾਬ ਦੇ ਕਿਸ ਖੇਤਰ ਨਾਲ ਸੰਬੰਧ ਰੱਖਦਾ ਹੈ। ਪਰੰਤੂ ਤਕਨੀਕੀ ਵਿਕਾਸ ਨੇ ਹੁਣ ਬੋਲੀ ਅਤੇ ਉਪ ਬੋਲੀ ਦੇ ਪ੍ਰਸੰਗ ਵਿਚ ਜਿਸ ਹੱਦ ਤਕ ਆਪਣਾ ਪ੍ਰਭਾਵ ਪਾਇਆ ਹੈ ਉਹ ਵੀ ਇਕ ਵਿਚਾਰਨਯੋਗ ਪਹਿਲੂ ਹੈ। ਅੱਜ ਕਪਿਊਟਰ, ਲੈਪਟਾਪ, ਟੈਬ, ਮੋਬਾਇਲ, ਆਈਪੈਡ ਆਦਿ ਵਰਗੇ ਡਿਜੀਟਲ ਉਪਕਰਨਾਂ ਨੇ ਪੰਜਾਬੀ ਭਾਸ਼ਾ ਨੂੰ ਜਿੱਥੇ ਆਧੁਨਿਕ ਤਕਨੀਕ ਦੇ ਸਮਰੱਥ ਕੀਤਾ ਹੈ, ਉੱਥੇ ਭਾਸ਼ਾ ਦੀਆਂ ਉਨ੍ਹਾਂ ਕਈ ਧਾਰਨਾਵਾਂ ਨੂੰ ਵੀ ਤੋੜਿਆ ਹੈ ਜਿਸ ਤਹਿਤ ਇਹ ਆਮ ਕਹਾਵਤ ਹੈ ਕਿ-- ‘ਬਾਰ੍ਹਾਂ ਕੋਹਾਂ ’ਤੇ ਬੋਲੀ ਵੀ ਬਦਲ ਜਾਂਦੀ ਹੈ’, ਕਿਉਂਕਿ ਤਕਨੀਕੀ ਸੰਚਾਰ ਦੇ ਖੇਤਰ ਵਿਸ਼ੇਸ਼ ਕਰ ਇੰਟਰਨੈੱਟ ਰਾਹੀਂ ਜੋ ਅਸੀਂ ਵੱਖ-ਵੱਖ ਤਰ੍ਹਾਂ ਦੇ ਸਾਫਟਵੇਅਰ (ਐਪਲੀਕੇਸ਼ਨ ਦੇ ਰੂਪ ਵਿਚ) ਜਿਵੇਂ ਵਟਸ ਐਪ, ਫੇਸਬੁਕ ਆਦਿ ਨੂੰ ਸੁਨੇਹਾ ਭੇਜਣ ਲਈ ਵਰਤਦੇ ਹਾਂ, ਦੇ ਰਾਹੀਂ ਅੱਜ ਪੰਜਾਬੀ ਭਾਸ਼ਾ ਦੀ ਜੋ ਵਰਤੋਂ ਹੋ ਰਹੀ ਹੈ, ਉਸ ਵਿਚ ਕਈ ਤਰ੍ਹਾਂ ਦੇ ਨਵੀਨ ਰੁਝਾਨ ਦੀ ਸਾਡੇ ਸਾਹਮਣੇ ਆ ਰਹੇ ਹਨ। ਜਿਸ ਤਹਿਤ ਬੋਲੀ ਅਤੇ ਉਪ ਬੋਲੀ ਦੀ ਆਪਸੀ ਦੂਰੀ ਘਟ ਰਹੀ ਮਹਿਸੂਸ ਹੋ ਰਹੀ ਹੈ ਅਤੇ ਇਨ੍ਹਾਂ ਨਵੀਆਂ ਤਕਨੀਕਾਂ ਰਾਹੀਂ ਅੱਜ ਪੰਜਾਬੀ ਦੀਆਂ ਉਪ ਬੋਲੀਆਂ ਆਪਸ ਵਿਚ ’ਤੇ ਰਲਗੱਡ ਹੋ ਰਹੀਆਂ ਹਨ। ਬੇਸ਼ੱਕ ਇਸ ਨਾਲ ਕੇਂਦਰੀ ਪੰਜਾਬੀ ਭਾਸ਼ਾ ਨੂੰ ਕੋਈ ਫਰਕ ਨਹੀਂ, ਪਰੰਤੂ ਮਾਝੀ, ਦੁਆਬੀ ਅਤੇ ਮਲਵਈ ਬੋਲੀ ਦੇ ਇੰਟਰਨੈੱਟ ਵਿਸ਼ੇਸ਼ ਕਰ ਵਟਸ ਐਪ, ਫੇਸਬੁੱਕ ਆਦਿ ਸੁਨੇਹਾ ਪ੍ਰਣਾਲੀਆਂ ਦੇ ਜੋ ਵਰਤੋਕਾਰ ਹਨ ਉਨ੍ਹਾਂ ਦੇ ਆਪਸੀ ਸੁਨੇਹੇ ਜਿਹੜੇ ਕਿ ਪੰਜਾਬੀ ਭਾਸ਼ਾ ਵਿਚ ਲਿਖੇ ਹੋਣ ਦੇ ਬਾਵਜੂਦ ਕਈ ਵਾਰ ਆਪੋ-ਆਪਣੇ ਖੇਤਰ ਦੀਆਂ ਸਥਾਨਕ ਉਪ ਬੋਲੀਆਂ ਦਾ ਪ੍ਰਭਾਵ ਜ਼ਰੂਰ ਦੇਂਦੇ ਹਨ। ਜੇਕਰ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇ ਤਾਂ ਇਸ ਰੁਝਾਨ ਦਾ ਅਸਰ ਬੇਸ਼ੱਕ ਪੰਜਾਬੀ ਭਾਸ਼ਾ ਨੂੰ ਜਾਣਨ-ਪਹਿਚਾਨਣ ਵਾਲਿਆਂ ਵਿਅਕਤੀਆਂ ਨੂੰ ਭਾਵੇਂ ਨਾ ਪਵੇ ਪਰੰਤੂ ਪੰਜਾਬੀ ਭਾਸ਼ਾ ਦੇ ਸਿਖਾਂਦਰੂਆਂ, ਵਿਸ਼ੇਸ਼ ਕਰਕੇ ਵਿਦਿਆਰਥੀ ਵਰਗ ਉੱਤੇ ਇਸ ਗੱਲ ਦਾ ਅਸਰ ਯਕੀਨਨ ਪਵੇਗਾ ਅਤੇ ਪੈ ਵੀ ਰਿਹਾ ਹੈ ਜਿਸ ਤਹਿਤ ਉਨ੍ਹਾਂ ਨੂੰ ਬੋਲੀ ਅਤੇ ਉਪ ਬੋਲੀ ਦੇ ਫਰਕ ਦੀ ਬੋਲਣ ਅਤੇ ਲਿਖਣ ਦੇ ਪੱਧਰ ’ਤੇ ਪਹਿਚਾਣ ਕਰਨੀ ਕੁਝ ਔਖੀ ਹੋ ਰਹੀ ਹੈ। ਸੋ ਪੰਜਾਬੀ ਭਾਸ਼ਾ ਦੇ ਬੁੱਧੀਜੀਵੀਆਂ ਨੂੰ ਇਸ ਨਵੇਂ ਰੁਝਾਨ ਵਿੱਚੋਂ ਪੈਦਾ ਹੋ ਰਹੀਆਂ ਨਵੀਆਂ ਸੰਭਾਵਨਾਵਾਂ ਤੇ ਚੁਣੌਤੀਆਂ ਨੂੰ ਵੀ ਆਪਣੇ ਅਧਿਐਨ ਦਾ ਖੇਤਰ ਬਣਾਉਣਾ ਚਾਹੀਦਾ ਹੈ। ਇੱਥੇ ਸਾਡਾ ਮਕਸਦ ਇਹ ਕਹਿਣ ਦਾ ਹਰਗਿਜ਼ ਨਹੀਂ ਕਿ ਕੇਂਦਰੀ ਪੰਜਾਬੀ ਤੋਂ ਇਲਾਵਾ ਪੰਜਾਬੀ ਭਾਸ਼ਾ ਦੀਆਂ ਦੂਜੀਆਂ ਉਪ ਬੋਲੀਆਂ ਦੇ ਫੈਲਣ ਦਾ ਰੁਝਾਨ ਗਲਤ ਹੈ, ਸਗੋਂ ਇਸ ਨਾਲ ਪੰਜਾਬੀ ਭਾਸ਼ਾ ਅਤੇ ਇਸ ਦੀਆਂ ਉਪ ਬੋਲੀਆਂ ਦਾ ਹੋਰ ਵਿਸਥਾਰ ਹੋਵੇਗਾ। ਪਰੰਤੂ ਜਿੱਥੇ ਪੰਜਾਬੀ ਦੇ ਸ਼ੁੱਧ (ਕੇਂਦਰੀ ਸਰੂਪ/ਸਾਹਿਤਕ ਰੂਪ) ਨੂੰ ਲਿਖਣ ਦਾ ਸਵਾਲ ਹੈ ਉਸ ਵਿਚ ਕਿਤੇ ਨਾ ਕਿਤੇ ਪੰਜਾਬੀ ਭਾਸ਼ਾ ਦੇ ਸ਼ੁੱਧ ਸਰੂਪ ਉੱਪਰ ਫਰਕ ਜ਼ਰੂਰ ਪਵੇਗਾ। ਸੋ ਅਜਿਹੀ ਸਥਿਤੀ ਵਿਚ ਜਿੱਥੇ ਭਾਸ਼ਾ ਦੇ ਮਾਹਿਰਾਂ ਨੂੰ ਸੁਚੇਤਤਾ ਦੀ ਲੋੜ ਹੈ, ਉੱਥੇ ਪੰਜਾਬੀ ਭਾਸ਼ਾ ਨੂੰ ਲਿਖਣ, ਪੜ੍ਹਨ ਅਤੇ ਬੋਲਣ ਵਾਲਿਆਂ ਵਿਸ਼ੇਸ਼ ਕਰਕੇ ਇੰਟਰਨੈੱਟ ’ਤੇ ਪੰਜਾਬੀ ਭਾਸ਼ਾ ਨੂੰ ਵਰਤਣ ਵਾਲਿਆਂ ਨੂੰ ਵੀ ਪੰਜਾਬੀ ਦੇ ਸ਼ੁੱਧ ਅਤੇ ਕੇਂਦਰੀ ਸਰੂਪ ਦੀ ਪਹਿਚਾਣ ਰੱਖਣੀ ਚਾਹੀਦੀ ਹੈ ਤਾਂ ਜੋ ਭਾਸ਼ਾ ਦੇ ਪੱਧਰ ਸਾਡਾ ਪੰਜਾਬੀ ਭਾਸ਼ਾ ਦਾ ਉਚਾਰਨ ਅਤੇ ਲਿਖਤੀ ਰੂਪ ਵਿਚ ਪੰਜਾਬੀ ਭਾਸ਼ਾ ਦਾ ਮੁਹਾਂਦਰਾ ਸਪੱਸ਼ਟ ਅਤੇ ਤਰੁੱਟੀ-ਰਹਿਤ ਹੋਵੇ।

# ਜੇਬ ਸੇਵਾ' ਬਨਾਮ 'ਚਾਹ ਪਾਣੀ'

**ਲੇਖਕ : ਜਸਵੀਰ ਸ਼ਰਮਾ ਦੱਦਾਹੂਰ**

ਸਾਡੇ ਦੇਸ਼ ਦੇ 90 ਪਤੀਸ਼ਤ ਲੋਕਾਂ ਦੀ ਇਹ ਧਾਰਨਾ ਬਣ ਚੁੱਕੀ ਹੈ ਕਿ ਰਿਸ਼ਵਤ ਦਿੱਤੇ ਬਿਨ੍ਹਾਂ ਕੋਈ ਵੀ ਕੰਮ ਸਿਰੇ ਨਹੀ ਲੱਗਣਾ, ਤੇ ਇਹ ਹੈ ਵੀ ਇੱਕ ਕੌੜੀ ਸੱਚਾਈ। ਜਿੰਨ੍ਹਾਂ ਚਿਰ ਕਿਸੇ ਵੀ ਫਾਇਲ ਨੂੰ ਪਹੀਏ ਨਹੀ ਲੱਗਦੇ (ਭਾਵ ਰਿਸ਼ਵਤ ਨਹੀਂ ਮਿਲਦੀ) ਉਹ ਅਗਲੇ ਟੇਬਲ ਜਾਂ ਕਹਿ ਲਵੋ ਕਿ ਅਗਲੇ ਅਫਸਰ ਕੋਲ ਪਹੁੰਚਦੀ ਹੀ ਨਹੀ। ਕੁਝ ਸਮਾਂ ਪਹਿਲਾਂ ਅਖ਼ਬਾਰਾਂ ਦੀ ਸੁਰਖੀ ਵਿੱਚ ਇੱਕ ਖ਼ਬਰ ਸੀ ਕਿ ਇਕ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਕੋਲ ਕੰਮ ਕਰਵਾਉਣ ਵਾਲਿਆਂ ਦੀ ਬੜੀ ਲੰਬੀ ਲਾਈਨ ਲੱਗੀ ਸੀ, ਉਨ੍ਹਾਂ ਵਿੱਚ 70 ਸਾਲ ਦਾ ਬਜ਼ੁਰਗ ਵੀ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਸੀ, ਅਤਿ ਦੀ ਗਰਮੀ ਵਿੱਚ ਜਦੋਂ ਉਸ ਬਜ਼ੁਰਗ ਦੀ ਵਾਰੀ ਆਈ ਤਾਂ ਉਸਨੇ ਬੇ-ਝਿਜਕ 10 ਹਜ਼ਾਰ ਰੁਪਏ ਦੀ ਗੁੱਟੀ ਮੇਜ਼ ਤੇ ਰੱਖ ਕੇ ਆਪਣਾ ਕੰਮ ਛੇਤੀ ਕਰਨ ਦੀ ਡੀ.ਸੀ ਸਾਹਿਬ ਨੂੰ ਬੇਨਤੀ ਕੀਤੀ। ਡੀ.ਸੀ ਸਾਹਿਬ ਨੇ ਗੁੱਸੇ ਵਿੱਚ ਆ ਕੇ ਉਸ ਆਦਮੀ ਤੇ ਪੁਲਿਸ ਕਾਰਵਾਈ ਕਰਨ ਲਈ ਕਿਹਾ, ਕਿਉਂਕਿ ਉਹ ਸਭਨਾਂ ਦੇ ਸਾਹਮਣੇ ਰਿਸ਼ਵਤ ਦੇ ਰਿਹਾ ਸੀ, ਪਰ ਇਹ ਕੰਮ ਚੋਰੀ ਕਰਨ ਵਾਲਾ ਹੁੰਦਾ ਹੈ। ਪਰ ਦੂਸਰੇ ਹੀ ਪਲ ਉਮਰ ਦੇ ਤਕਾਜੇ ਨਾਲ ਉਸਨੂੰ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ। ਹੁਣ ਸੋਚਣ ਵਾਲੀ ਗੱਲ ਹੈ ਕਿ ਉਸ 70 ਵਰ੍ਹਿਆਂ ਦੇ ਬਜ਼ੁਰਗ ਨੇ ਜਿਲ੍ਹੇ ਦੇ ਉਚ ਅਧਿਕਾਰੀ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕਿਉਂ ਕੀਤੀ? ਜਵਾਬ ਸਹਿਜੇ ਹੀ ਮਿਲ ਜਾਵੇਗਾ ਕਿ 90 ਫੀਸਦੀ ਲੋਕਾਂ ਵਿੱਚ ਇਹ ਧਾਰਨਾ ਬਣ ਚੁੱਕੀ ਹੈ ਕਿ ਕੁਝ ਦਿੱਤੇ ਬਿਨ੍ਹਾਂ ਕੁਝ ਵੀ ਕੰਮ ਨਹੀ ਹੋਣਾ। ਪਹਿਲਾਂ ਕੋਈ ਵੀ ਵਿਅਕਤੀ ਥੱਕਿਆ ਹਾਰਿਆ ਜਦੋਂ ਦਫ਼ਤਰ ਦੀ ਦੂਜੀ ਜਾਂ ਤੀਜੀ ਮੰਜ਼ਿਲ ਤੇ ਪਹੁੰਚਦਾ ਹੈ ਤਾਂ ਸਬੰਧਤ ਅਫਸਰ ਦੇ ਅੱਗੇ ਉਸਦਾ ਸਾਹ ਉੱਖੜਿਆ ਹੋਇਆ ਹੁੰਦਾ ਹੈ। ਅੰਦਰ ਜਾਕੇ ਉਹ ਬੜੀ ਹੀ ਅਧੀਨਗੀ ਨਾਲ ਬਾਬੂ ਨੂੰ ਆਪਣਾ ਕੰਮ ਕਰਨ ਲਈ ਬੇਨਤੀ ਕਰਦਾ ਹੈ, ਅੱਗੇ ਤੋਂ ਬਾਬੂ ਉਸ ਆਦਮੀ (ਅਸਾਮੀ) ਦੀ ਸਿਰ ਤੋਂ ਪੈਰਾਂ ਤੱਕ 1 ਮਿੰਟ ਵਿੱਚ ਸਕੈਨਿੰਗ ਕਰਕੇ ਕਹਿ ਦਿੰਦਾ ਹੈ ਕਿ ਅੱਜ਼ ਤਾਂ ਸਰਕਾਰੀ ਕੰਮ ਦਾ ਕਾਫੀ ਜ਼ੋਰ ਹੈ ਤੂੰ ਕੱਲ੍ਹ ਨੂੰ ਆਵੀਂ। ਅਗਲੇ ਦਿਨ ਆਉਣ ਨਾਲੋਂ ਬਾਬੂ ਦੀ ਮੁੱਠੀ ਗਰਮ ਕਰਨਾ ਹੀ ਬਿਹਤਰ ਸਮਝਿਆ ਜਾਂਦਾ ਹੈ, ਕਿਉਂਕਿ ਅਗਲੇ ਦਿਨ ਇੱਕ ਤਾਂ ਖੱਜਲ-ਖੁਆਰੀ ਹੋਵੇਗੀ ਅਤੇ ਹੋ ਸਕਦਾ ਹੈ ਕਿ ਸਰਕਾਰੀ ਕੰਮ ਦਾ ਹੋਰ ਵੀ ਜ਼ਿਆਦਾ ਬੋਝ ਹੋਵੇ। ਇਸੇ ਤਰ੍ਹਾਂ ਇੱਕ ਅਨਜਾਣ ਵਿਅਕਤੀ ਨੇ ਕਿਸੇ ਦਫ਼ਤਰ ਦੇ ਬਾਬੂ ਨੂੰ ਕੰਮ ਕਰਨ ਲਈ ਕਿਹਾ ਅਤੇ ਤਰਲਾ ਕੀਤਾ ਕਿ ਮੇਰਾ ਕੰਮ ਜਲਦੀ ਕੀਤਾ ਜਾਵੇ, ਕਿਉਂਕਿ ਮੈਂ ਪਹਿਲਾਂ ਹੀ ਦਫ਼ਤਰ ਦੇ ਕਾਫੀ ਚੱਕਰ ਲਗਾ ਚੁੱਕਾ ਹਾਂ। ਬਾਬੂ ਨੇ ਕਿਹਾ ਕਿ ਕੰਮ ਤਾਂ ਹੋ ਜਾਵੇਗਾ, ਪਰ ‘ਚਾਹ-ਪਾਣੀ' ਦੀ ਸੇਵਾ? ਭੋਲੇ ਅਤੇ ਅਨਜਾਣ ਵਿਅਕਤੀ ਨੇ ਬਾਬੂ ਦਾ ਮੋਢਾ ਪਸਦਿਆਂ ਕਿਹਾ ਕਿ ਦੁਨੀਆਂ ਵਿੱਚ ਚੰਗੇ ਬੰਦਿਆਂ ਦਾ ਕੋਈ ਕਾਲ ਨਹੀਂ, ਚਾਹ-ਪਾਣੀ ਦੀ ਤਾਂ ਲੋੜ ਨਹੀ, ਹੁਣੇ ਹੀ ਅੱਡੇ ਤੋਂ ਪੀ ਕੇ ਆਇਆਂ ਹਾਂ, ਬੱਸ ਇਹ ਕੰਮ ਛੇਤੀ ਕਰ ਦਿਓ ! ਰੱਬ ਤੇਰਾ ਭਲਾ ਕਰੇ। ਭਲਾਂ ਓਸ ਭੋਲੇ ਵਿਅਕਤੀ ਨੂੰ ਕੀ ਪਤਾ ਕਿ ਦਫ਼ਤਰੀ ਭਾਸ਼ਾ ਵਿੱਚ ‘ਜੇਬ ਸੇਵਾ' ਲਈ ਲੋਕ ਸੇਵਾ ਵਾਲੇ ਸ਼ਬਦ ‘ਚਾਹ-ਪਾਣੀ' ਦੀ ਵਰਤੋਂ ਕੀਤੀ ਜਾਂਦੀ ਹੈ। ਦਫ਼ਤਰਾਂ ਵਿੱਚ ਇਹ ਅਕਸਰ ਹੀ ਹੁੰਦਾ ਹੈ ਕਿ ਜਦੋਂ ਕੋਈ ਵਿਅਕਤੀ ਫਾਈਲ ਲੈ ਕੇ ਕਿਸੇ ਬਾਬੂ ਕੋਲ ਜਾਂਦਾ ਹੈ ਤਾਂ ਬਾਬੂ ਦਾ ਜਵਾਬ ਹੁੰਦਾ ਹੈ ਕਿ ਦਰਖਾਸਤ ਅਫਸਰ ਤੋਂ ਮਾਰਕ ਕਰਾਕੇ ਲਿਆਓ। ਦਫ਼ਤਰ ਦੇ ਗਧੀ-ਗੇੜਿਆਂ ਤੋਂ ਅਣਜਾਨ ਬੁਝੇ ਜਿਹੇ ਮਨ ਨਾਲ ਅਰਜ਼ੀ ਲੈ ਕੇ ਉਹ ਸਬੰਧਤ ਅਫ਼ਸਰ ਕੋਲ ਜਾਂਦਾ ਹੈ ਤਾਂ ਅਫ਼ਸਰ ਆਪਣੇ ਅਧੀਨ ਦੂਜੇ ਅਫ਼ਸਰ ਨੂੰ ਮਾਰਕ ਕਰ ਦਿੰਦਾ ਹੈ। ਫਿਰ ਉਹੀ ਵਿਅਕਤੀ ਉਸ ਅਫ਼ਸਰ ਕੋਲ ਤਰਲਾ ਕਰਦਾ ਹੈ। ਕੰਮ ਪੂਰਾ ਹੋਣ ਤੇ ਜਦ ਵਿਅਕਤੀ ਪਹਿਲੇ ਥਾਂ ਤੇ ਪਹੁੰਚਦਾ ਹੈ ਅਤੇ ਦਸਤਖ਼ਤ ਕਰਾਉਣ ਦੀ ਗੱਲ ਕਹਿੰਦਾ ਹੈ ਕਿ ਲਓ ਜੀ ਅਫ਼ਸਰ ਨੇ ਸਾਈਨ ਕਰ ਦਿੱਤੇ ਹਨ ਤਾਂ ਘੜਿਆ-ਘੜਾਇਆ ਜਵਾਬ ਮਿਲਦਾ ਹੈ ਕਿ 1 ਹਫ਼ਤੇ ਤੱਕ ਪਤਾ ਕਰ ਲੈਣਾ। ਪਰ ਵਿਅਕਤੀ ਸੋਚਦਾ ਸੀ ਕਿ ਦਸਤਖ਼ਤ ਤਾਂ ਹੋ ਗਏ ਹਨ, ਹੁਣ ਤਾਂ ਪੂਛ ਹੀ ਅੜੀ ਹੋਈ ਹੈ।

ਹਫ਼ਤੇ ਬਾਦ ਦੇ ਚੱਕਰ ਤੋਂ ਬਾਅਦ ਵੀ ਜਦੋਂ ਨਿਰਾਸ਼ਤਾ ਹੀ ਪੱਲੇ ਪੈਂਦੀ ਹੈ ਤਾਂ ਉਹ ਵਿਚਾਰਾ ਖੱਜਲ-ਖੁਆਰੀ ਤੋਂ ਬਚਨ ਲਈ ਸੌਦਾ ਤੈਅ ਕਰਨਾ ਹੀ ਯੋਗ ਸਮਝਦਾ ਹੈ। ਇੱਕੜ-ਦੁੱਕੜ ਥਾਵਾਂ ਨੂੰ ਛੱਡ ਕੇ ਬਾਕੀ ਸਾਰੀਆਂ ਥਾਵਾਂ ਤੇ ਹੀ ਸੌਦੇ ਤੈਅ ਹੁੰਦੇ ਹਨ। ਇੱਥੇ ਹੀ ਬਸ ਨਹੀਂ ਦਫ਼ਤਰਾਂ ਵਿੱਚ ਅਮਲੇ ਦਾ ਸੀਟਾਂ ਤੇ ਬੈਠਣਾ ਫਾਇਲਾਂ ਦੇ ਢੇਰ ਨੂੰ ਨਾਂ ਨਿਪਟਾਉਣਾ ਵੀ ਆਪਣੇ ਆਪ ਵਿੱਚ ਭ੍ਰਿਸ਼ਟਾਚਾਰ ਹੈ ਬਿਨ੍ਹਾਂ ਕੰਮ ਕੀਤਿਆਂ ਹੀ ਤਨਖਾਹ ਪਾਪਤ ਕਰਨੀ ਆਵਦੀ ਜਮੀਰ ਵੇਚਣੀ ਲੋਕਾਂ ਅਤੇ ਸਰਕਾਰ ਨਾਲ ਸਰਾਸਰ ਧੋਖਾ ਹੈ। ਇਹੋ ਜਿਹੇ ਕੇਸ ਵੀ ਆਮ ਹੀ ਦੇਖਣ ਨੂੰ ਮਿਲਦੇ ਹਨ ਕਿ ਕਈ ਅਫ਼ਸਰਾਂ ਨੇ ਪਾਈਵੇਟ ਤੌਰ ਤੇ ਆਪਣੇ ਹੋਰ ਵਿਅਕਤੀ ਰੱਖੇ ਹੁੰਦੇ ਹਨ। ਇਹ ਵੀ ਉੱਪਰਲੇ ਅਫ਼ਸਰਾਂ ਦੇ ਮਿਹਰ ਭਰੇ ਹੱਥ ਸਦਕਾਂ ਹੀ ਹੁੰਦਾ ਹੈ। ਦਰਅਸਲ ਅਫਸਰਾਂ ਅਤੇ ਕਰਮਚਾਰੀਆਂ ਦੀ ਰਿਸ਼ਵਤ ਦੀ ਦੌੜ ਵਿੱਚ ਆਮ ਵਿਅਕਤੀ ਬੁਰੀ ਤਰ੍ਹਾਂ ਪਿਸ ਰਿਹਾ ਹੈ। ਨੌਕਰਸ਼ਾਹੀ ਪੰਜਾਬ ਅਤੇ ਪੰਜਾਬ ਦੇ ਲੋਕਾਂ ਲਈ ਨਿਰਮੋਹੀ ਹੋ ਚੁੱਕੀ ਹੈ, ਅਤੇ ਆਪਣੀਆਂ ਤਿਜ਼ੌਰੀਆਂ ਭਰਨ ਵਿੱਚ ਲੱਗੀ ਹੋਈ ਹੈ। ਸਿਆਸੀ ਲੋਕ ਰਾਜਸੱਤਾ ਨੂੰ ਵੱਧ ਤੋਂ ਵੱਧ ਆਪਣੇ ਸਵਾਰਥ ਲਈ ਵਰਤ ਰਹੇ ਹਨ। ਭ੍ਰਿਸ਼ਟਾਚਾਰ ਅਨੈਤਿਕਤਾ ਅਤੇ ਸਵਾਰਥੀ ਦੌਰ ਨੇ ਪੰਜਾਬ ਵਿੱਚ ਬੇਵੱਸੀ ਅਤੇ ਤਲਖ਼ੀ ਦਾ ਮਹੌਲ ਪੈਦਾ ਕੀਤਾ ਹੋਇਆ ਹੈ। ਭ੍ਰਿਸ਼ਟਾਚਾਰੀ ਭ੍ਰਿਸ਼ਟ ਤਰੀਕੇ ਨਾਲ ਪੈਸੇ ਇਕੱਠੇ ਕਰਨ ਦੀ ਹੋੜ ਵਿੱਚ ਮੁਲਾਜ਼ਮ ਅਤੇ ਅਧਿਕਾਰੀ ਆਪਣੀ ਔਲਾਦ ਵੱਲ ਵੀ ਚੰਗੀ ਤਰ੍ਹਾਂ ਧਿਆਨ ਨਹੀ ਦੇ ਰਹੇ। ਇਸੇ ਕਾਰਨ ਜਵਾਨੀ ਅਨੁਸ਼ਾਸ਼ਨਹੀਣਤਾ ਵਾਲਾ ਜੀਵਨ ਬਤੀਤ ਕਰਦਿਆਂ ਆਪਣਿਆਂ ਅਦਰਸ਼ਾਂ ਤੋਂ ਭਟਕ ਰਹੀ ਹੈ। ਸਾਡੇ ਸਮਾਜ ਵਿੱਚ ਕਿਰਤ ਸੱਭਿਆਚਾਰ ਅਲੋਪ ਹੋ ਰਿਹਾ ਹੈ। ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਾਲਾ ਪਸੰਗ ਭੁੱਲ ਕੇ ਅਸੀ ਮਲਿਕ ਭਾਗੋ ਦੇ ਰਾਹ ਤੇ ਤੁਰਨ ਵਿੱਚ ਫਖ਼ਰ ਮਹਿਸੂਸ ਕਰਦੇ ਹਾਂ। ‘‘ਇਹ ਜੱਗ ਮਿੱਠਾ, ਅਗਲਾ ਕਿਸ ਡਿੱਠਾ'' ਦੀ ਸੋਚ ਤੇ ਅਮਲ ਕਰਦਿਆਂ ਅਤੇ ਨਿੱਜ ਤੋਂ ਨਿੱਜ ਤੱਕ ਦਾ ਸਫਰ ਕਰਦਿਆਂ ਨੈਤਿਕ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਕੇ ਇਹ ਭੁੱਲ ਜਾਂਦੇ ਹਾਂ ਕਿ ਹੋਰ ਕਮਾਈ ਦੀ ਲਾਲਸਾ ਕਾਲੇ ਧਨ ਨੂੰ ਜਨਮ ਦਿੰਦੀ ਹੈ। ਅਜਿਹੀ ਸਥਿਤੀ ਵਿੱਚ ਚੰਗੇ ਅਤੇ ਸਿਹਤਮੰਦ ਸਮਾਜ ਦੀ ਕਲਪਨਾ ਕਰਨੀ ਵਿਅਰਥ ਹੈ। ਸਕੂਲਾਂ ਵਿੱਚ 68 ਪਤੀਸ਼ਤ ਅਧਿਆਪਕ ਬਿਲਕੁਲ ਪੜ੍ਹਾਈ ਕਰਵਾ ਕੇ ਰਾਜੀ ਨਹੀ ਅਤੇ ਬਾਕੀ 32 ਪਤੀਸ਼ਤ ਹੀ ਪੜ੍ਹਾਈ ਕਰਵਾਉਂਦੇ ਹਨ। ਵਿਹਲੇ ਬੈਠ ਕੇ ਤਨਖਾਹਾਂ ਲੈਣੀਆਂ ਜਿੱਥੇ ਵਿਦਿਆਰਥੀਆਂ ਦੇ ਹਿੱਤਾਂ ਨਾਲ ਖਿਲਵਾੜ ਹੈ ਉੱਥੇ ਭ੍ਰਿਸ਼ਟਾਚਾਰ ਵੀ ਹੈ। ਇਸ ਤਰ੍ਹਾਂ ਨਾਲ ਵਿਦਿਆਰਥੀਆਂ ਦੇ ਮਨਾਂ ਵਿੱਚੋਂ ਅਧਿਆਪਕਾਂ ਪਤੀ ਸਤਿਕਾਰ ਦੀ ਭਾਵਨਾਂ ਖ਼ਤਮ ਹੁੰਦੀ ਹੈ। ਇਹ ਪਵਿਤੀ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਮਜਬੂਤ ਕਰਨ ਵਿੱਚ ਬਲਦੀ ਤੇ ਤੇਲ ਪਾਉਣ ਦਾ ਕੰਮ ਕਰਦੀ ਹੈ।

ਸਾਡੇ ਖਾਣ ਪੀਣ ਦੇ ਸਮਾਨ ਵਿੱਚੋਂ ਵੀ ਵਪਾਰੀ ਵਰਗ ਜਿਆਦਾ ਪੈਸਾ ਇਕੱਠਾ ਕਰਨ ਦੀ ਦੌੜ ਵਿੱਚ ਜ਼ਹਿਰ ਪਰੋਸ ਕੇ ਮਨੁੱਖੀ ਜੀਵਨ ਨਾਲ ਖਿਲਵਾੜ ਕਰ ਰਿਹਾ ਹੈ। ਸਬਜ਼ੀਆਂ ਛੇਤੀ ਤਿਆਰ ਕਰਨ ਲਈ ਔਕਸੀਟਾਕਸਨ ਦਾ ਟੀਕਾ ਲਗਾ ਕੇ ਸਬਜ਼ੀ ਤਿਆਰ ਕਰਕੇ ਮੰਡੀਕਰਨ ਕੀਤਾ ਜਾਂਦਾ ਹੈ। ਕੱਚੇ ਫਲਾਂ ਨੂੰ ਕੈਮੀਕਲ ਟੀਟਮੈਂਟ ਦੇ ਕੇ ਪਕਾਉਣ ਉਪਰੰਤ ਗਾਹਕਾਂ ਦੀ ਸੇਵਾ ਵਿੱਚ ਪਰੋਸਿਆ ਜਾਂਦਾ ਹੈ। ਇਸੇ ਲਈ ਫਲ ਬੇਹੇ ਅਤੇ ਸਖ਼ਤ ਜਾਪਦੇ ਹਨ। ਘਟੀਆ ਤੇਲ ਵਿੱਚ ਯੂਰੀਆ ਪਾ ਕੇ ਨਕਲੀ ਦੁੱਧ ਖੋਆ ਅਤੇ ਪਨੀਰ ਵਰਕ ਲਾ ਕੇ ਪਰੋਸਿਆ ਜਾਂਦਾ ਹੈ, ਜਿਸ ਨਾਲ ਜਿਗਰ ਦੀਆਂ ਬਿਮਾਰੀਆਂ ਅੰਤੜੀਆਂ ਵਿੱਚ ਖ਼ਰਾਬੀ ਅਤੇ ਗੁਰਦੇ ਖ਼ਰਾਬ ਹੋ ਜਾਂਦੇ ਹਨ। ਵਾਧੂ ਪੈਸੇ ਇਕੱਠੇ ਕਰਨ ਦੀ ਦੌੜ ਨੇ ਮਨੁੱਖ ਨੂੰ ਮਾਰੂ ਸੋਚਾਂ ਦਾ ਸ਼ਿਕਾਰ ਬਣਾ ਦਿੱਤਾ ਹੈ। ਸਾਡੇ ਸਮਾਜ ਦਾ ਤਾਣਾ-ਬਾਣਾ ਭ੍ਰਿਸ਼ਟਾਚਾਰ ਦੇ ਸਹਾਰੇ ਖੜ੍ਹਾ ਹੈ। ਵੱਧ ਮੁਨਾਫਾ ਅਤੇ ਰਿਸ਼ਵਤ ਪਾਪਤ ਕਰਨ ਦੀ ਸੋਚ ਸਾਡੇ ਹੱਡਾਂ ਵਿੱਚ ਰਚ ਚੁੱਕੀ ਹੈ। ਨਵੀਂਆਂ ਕਾਰਾਂ ਅਤੇ ਉੱਚੇ-ਉੱਚੇ ਬੰਗਲੇ ਭ੍ਰਿਸ਼ਟ ਧਨ ਨਾਲ ਬਣ ਰਹੇ ਅਤੇ ਇਹਨਾਂ ਬੰਗਲਿਆਂ ਵਿੱਚ ਭਟਕ ਰਹੇ ਮਨੁੱਖ ਨੂੰ ਚੱਜ਼ ਨਾਲ ਜਿਉਣਾ ਵੀ ਨਸੀਬ ਨਹੀ ਹੋ ਰਿਹਾ। ਇਹੋ ਜਿਹਾ ਭ੍ਰਿਸ਼ਟ ਵਿਅਕਤੀ ਇੱਕ ਵਾਰ ਬਾਬਾ ਫਰੀਦ ਜੀ ਕੋਲ ਜਾ ਕੇ ਕਹਿਣ ਲੱਗਾ ਕਿ ‘ਮਹਾਰਾਜ ਜੀ ਮੇਰੇ ਕੋਲ ਹਰ ਤਰ੍ਹਾਂ ਦਾ ਸੁੱਖ ਸਾਧਨ ਮਾਇਆ ਹੈ, ਪਰ ਮਨ ਦਾ ਚੈਨ ਨਹੀ ਹੈ ਕੋਈ ਉਪਾਅ ਦੱਸੋ ! ਫਰੀਦ ਜੀ ਨੇ ਉਸ ਵਿਅਕਤੀ ਵੱਲ ਗਹੁ ਨਾਲ ਤੱਕਿਆ ਅਤੇ ਕਿਹਾ ਕਿ ‘‘ਤੇਰੇ ਕਰਮਾਂ ਵਿੱਚ ਕੋਈ ਸੁੱਖ ਚੈਨ ਨਹੀ ਹੈ, ਸਗੋਂ ਤੇਰੀ ਤੀਹ ਚਾਲੀ ਦਿਨਾਂ ਤੱਕ ਮੌਤ ਹੋਣ ਵਾਲੀ ਹੈ।'' ਉਸ ਆਦਮੀ ਨੂੰ ਬੇਚੈਨੀ ਨੇ ਹੋਰ ਘੇਰ ਲਿਆ। ਜਦੋਂ ਉਂਨਤਾਲੀਵੇਂ ਦਿਨ ਫਰੀਦ ਜੀ ਕੋਲ ਆਇਆ ਤਾਂ ਫਰੀਦ ਜੀ ਵੇਖ ਕੇ ਮੁਸਕਰਾ ਪਏ ਅਤੇ ਪੁੱਛਣ ਲੱਗੇ ਕਿ ਇਹ ਉਂਨਤਾਲੀ ਦਿਨ ਤੇਰੇ ਕਿਸ ਤਰ੍ਹਾਂ ਬੀਤੇ? ਤਾਂ ਉਹ ਕਹਿਣ ਲੱਗਾ ਕਿ ‘‘ਮੈਂ ਤਾਂ ਜੀ ਇਹਨਾਂ ਦਿਨਾਂ ਵਿੱਚ ਘਰੋਂ ਹੀ ਨਹੀ ਨਿੱਕਲਿਆਂ ਸਗੋਂ ਹਰ ਸਮੇਂ ਸਾਹਮਣੇ ਮੌਤ ਹੀ ਸਾਹਮਣੇ ਦਿਸਦੀ ਰਹੀ ਤੇ ਹੋਰ ਘਟੀਆ ਸੋਚਾਂ ਖੰਭ ਲਾ ਕੇ ਉੱਡ ਗਈਆਂ, ਰੱਬ ਦੇ ਨਾਂਅ ਦਾ ਹੀ ਸਿਮਰਨ ਕਰਦਾ ਰਿਹਾ।'' ਫਰੀਦ ਜੀ ਨੇ ਮੁਸਕਰਾ ਕਿ ਕਿਹਾ ‘‘ਬੱਸ ਬੁਰੇ ਵਿਚਾਰਾਂ, ਘਟੀਆ ਕਰਮਾਂ ਤੋਂ ਬਚਣ ਦਾ ਇਹੀ ਤਰੀਕਾ ਹੈ ਕਿ ਹਮੇਸ਼ਾਂ ਮੌਤ ਨੂੰ ਯਾਦ ਰੱਖੋ, ਤੇਰੀ ਮੌਤ ਚਾਲੀ ਦਿਨਾਂ ਬਾਅਦ ਨਹੀ ਸੀ ਹੋਣੀ, ਪਰ ਇਹਨਾਂ ਚਾਲ੍ਹੀ ਦਿਨਾਂ ਬਾਅਦ ਤੈਨੂੰ ਸਬਕ ਜਰੂਰ ਮਿਲ ਗਿਆ ਹੈ।'' ਆਮ ਵਿਅਕਤੀ ਇਸ ਧਰਤੀ ਤੇ ਜਿਵੇਂ ਪੱਕਾ ਹੀ ਆਇਆ ਹੋਵੇ ਇਸ ਤਰ੍ਹਾਂ ਜੀਵਨ ਬਤੀਤ ਕਰ ਰਿਹਾ ਹੈ। ਇਸ ਹਊਮੇ ਕਾਰਨ ਹੀ ਉਹ ਭ੍ਰਿਸ਼ਟਾਚਾਰ ਕਰਨਾ ਆਪਣਾ ਹੱਕ ਸਮਝਦਾ ਹੈ। ਉਹ ਇਹ ਭੁੱਲ ਰਿਹਾ ਹੈ ਕਿ ਲਾਸ਼ ਉੱਪਰ ਕਫਨ ਭਾਂਵੇ ਚਿੱਟੇ ਸਾਦੇ ਕੱਪੜੇ ਦਾ ਹੋਵੇ ਜਾਂ ਮਹਿੰਗੇ ਕੱਪੜੇ ਦਾ ਹੋਵੇ, ਕੋਈ ਫਰਕ ਨਹੀ ਪੈਂਦਾ, ਹੈ ਤਾਂ ਸਿਰਫ਼ ਕਫਨ ਹੀ। ਆਰਥਿਕ ਖੁਸ਼ਹਾਲੀ ਲਈ ਅਸੀ ਸੱਚਾਈ, ਇਮਾਨਦਾਰੀ, ਪਿਆਰ, ਮਿਲ-ਵਰਤਨ ਅਤੇ ਉਦਾਰਤਾ ਨੂੰ ਦਾਅ ਤੇ ਲਾ ਦਿੰਦੇ ਹਾਂ ਅਤੇ ਬਦਲੇ ਵਿੱਚ ਮਰੀ ਹੋਈ ਜਮੀਰ ਨਾਲ ਜਿੰਦਗੀ ਦਾ ਭਾਰ ਢੋਂਦੇ ਰਹਿੰਦੇ ਹਾਂ। ਇਹ ਦੁਖਾਂਤਕ ਪੱਖ ਹੀ ਹੈ ਕਿ ਕਨੇਡਾ ਅਤੇ ਇੰਗਲੈਂਡ ਵਰਗੇ ਦੇਸ਼ਾਂ ਵਿੱਚ ਅੱਠ ਘੰਟੇ ਕੰਮ ਕਰਨ ਵਾਲਾ ਵਿਅਕਤੀ ਬਾਦਸ਼ਾਹ ਵਾਂਗ ਜੀਅ ਸਕਦਾ ਹੈ, ਪਰ ਇੱਥੇ ਸੋਲ੍ਹਾਂ ਘੰਟੇ ਕੰਮ ਕਰਨ ਵਾਲਾ ਵਿਅਕਤੀ ਵੀ ਰੀਂਗ-ਰੀਂਗ ਕੇ ਜੀਅ ਰਿਹਾ ਹੈ। ਲੋੜ ਹੈ ਭ੍ਰਿਸ਼ਟਾਚਾਰੀ, ਬੇਈਮਾਨੀ, ਠੱਗੀ-ਚੋਰੀ ਮਨ ਵਿੱਚੋਂ ਕੱਢਣ ਦੀ, ਇਮਾਨਦਾਰੀ ਅਤੇ ਹੱਕ-ਹਲਾਲ ਦੀ ਕਮਾਈ ਕਰਨ ਦੀ ਜਿਸ ਨਾਲ ਹਰ ਪਾਸੇ ਖੁਸ਼ੀਆਂ ਭਰਿਆ ਮਹੌਲ ਹੋਵੇਗਾ ਤੇ ਦੁੱਖ ਕਦੇ ਵੀ ਨੇੜੇ ਨਹੀ ਆਉਣਗੇ।

# ਇੰਟਰਨੈੱਟ ਦਾ ਨੌਜਵਾਨਾਂ ਦੇ ਜਨ ਜੀਵਨ ਉੱਤੇ ਪ੍ਰਭਾਵ

**ਲਿਖਤ : ਅੰਮ੍ਰਿਤਪਾਲ ਕਲੇਰ(ਚੀਦਾ), ਮੋਗਾ**
**ਸੰਪਰਕ : 9915780980**



ਪੰਜਾਬੀਆਂ ਦਾ ਜਨ ਜੀਵਨ ਅਤੇ ਸੱਭਿਆਚਾਰ ਬਹੁਤ ਧੜੱਲੇਦਾਰ ਹੈ । ਪੰਜਾਬੀ ਰਹਿਣ ਸਹਿਣ , ਰੀਤੀ ਰਿਵਾਜ਼ਾਂ , ਕੰਮ ਧੰਦਿਆਂ , ਮੇਲੇ ਤਿਉਹਾਰਾਂ, ਖੁਸ਼ੀਆਂ ਗਮੀਆਂ ਨਾਲ਼ ਮੋਤੀਆਂ ਦੀ ਤਰ੍ਹਾਂ ਪਰੋਇਆ ਹੋਇਆ ਹੈ। ਕਹਿੰਦੇ ਨੇ ਬਦਲਾਅ ਕੁਦਰਤ ਦਾ ਨਿਯਮ ਹੈ । ਹਰ ਪੁਰਾਣੀ ਚੀਜ਼ ਆਖਰ ਬਜ਼ੁਰਗ ਹੋ ਹੀ ਜਾਇਆ ਕਰਦੀ ਹੈ ਅਤੇ ਨਵੀਂ ਪ੍ਰਗਤੀ ਨੇ ਆਪਣਾ ਪ੍ਰਭਾਵ ਪਾਉਣਾ ਹੀ ਹੁੰਦਾ ਹੈ । ਇਸੇ ਤਰ੍ਹਾਂ ਇੰਟਰਨੈੱਟ ਨੇ ਪੰਜਾਬੀ ਜਨ ਜੀਵਨ ਉੱਤੇ ਬਹੁਤ ਗਹਿਰਾ ਪ੍ਰਭਾਵ ਪਾਇਆ ਹੈ । ਜਿਸ ਨਾਲ਼ ਪੰਜਾਬ ਦੇ ਲੋਕਾਂ ਦੇ ਕੰਮ ਧੰਦੇ , ਰੀਤੀ ਰਿਵਾਜ਼ , ਰਹੁ ਰਸਮਾਂ ਅਤੇ ਸੱਭਿਆਚਾਰ ਸਭ ਕੁਝ ਨੂੰ ਥੋੜ੍ਹੇ ਸਮੇਂ ਵਿੱਚ ਬਦਲ ਕੇ ਰੱਖ ਦਿੱਤਾ ਹੈ।

ਦੁਨੀਆਂ ਦੇ 40 ਪ੍ਰਤੀਸ਼ਤ ਲੋਕ ਇੰਟਰਨੈੱਟ ਦੀ ਵਰਤੋਂ ਕਰਦੇ ਹਨ। ਉਹਨਾਂ ਵਿੱਚ ਚੀਨ , ਅਮਰੀਕਾ ਅਤੇ ਭਾਰਤ ਤਿੰਨ ਵੱਡੇ ਦੇਸ਼ ਸ਼ਾਮਿਲ ਹਨ । ਭਾਰਤ ਵਿੱਚੋਂ ਪੰਜਾਬੀ ਨੈੱਟ ਦੀ ਵਰਤੋਂ ਕਰਨ ਵਿੱਚ ਮੋਹਰੀ ਹਨ । ਜਦੋਂ ਕਦੇ ਵੀ ਕੋਈ ਕੌਮ ਕਿਸੇ ਆਧੁਨਿਕਤਾ ਤੋਂ ਪ੍ਰਭਾਵਿਤ ਹੁੰਦੀ ਹੈ ਤਾਂ ਉਸ ਵਿੱਚ ਤੇਜ਼ੀ ਨਾਲ਼ ਪਰਿਵਰਤਨ ਆਉਣਾ ਸੁਭਾਵਿਕ ਹੈ। ਪੰਜਾਬੀ ਜਨ ਜੀਵਨ ਵਿੱਚ ਵੀ ਇਹ ਹੀ ਹੋਇਆ ਹੈ । ਇਸ ਬਦਲਾਅ ਨੇ ਕੁਝ ਚੰਗੇ ਅਤੇ ਕੁਝ ਮਾੜੇ ਪ੍ਰਭਾਵ ਪਾਏ ਹਨ ।

ਅਜੋਕੀ ਨੌਜਵਾਨ ਪੀੜ੍ਹੀ ਉੱਤੇ ਇੰਟਰਨੈੱਟ ਨੇ ਬਹੁਤ ਗਹਿਰਾ ਪ੍ਰਭਾਵ ਪਾਇਆ ਹੈ। ਅੱਜ ਦਾ ਮਨੁੱਖ ਰੋਟੀ ਪਾਣੀ ਤੋਂ ਬਿਨਾਂ ਤਾਂ ਰਹਿ ਸਕਦਾ ਹੈ , ਪਰ ਨੈੱਟ ਤੋਂ ਬਿਨਾਂ ਇੱਕ ਪਲ ਵੀ ਨਹੀਂ ਰਹਿ ਸਕਦਾ । ਇਹ ਨੈੱਟ ਉਹ ਆਪਣੇ ਮੋਬਾਈਲ ਫੋਨ , ਲੈਪਟਾਪ ਜਾਂ ਕੰਪਿਊਟਰ ਤੇ ਚਲਾਉਂਦਾ ਹੈ। ਸੋਸ਼ਲ ਸਾਈਟਸ ਜਿਵੇਂ ਵਟਸਐਪ , ਯੂ ਟਿਊਬ , ਫੇਸਬੁੱਕ , ਟਵਿੱਟਰ ,ਇੰਸਟਾਗ੍ਰਾਮ , ਬਲਾਗ ਆਦਿ , ਇਹ ਸਾਰੇ ਨੈੱਟ ਦੇ ਟੂਲਜ਼ ਵਜੋਂ ਵਰਤੇ ਜਾਂਦੇ ਹਨ। ਇੰਟਰਨੈੱਟ ਤੋਂ ਬਿਨਾਂ ਅੱਜ ਦਾ ਪੰਜਾਬੀ ਆਪਣੇ ਆਪ ਨੂੰ ਅਧੂਰਾ ਮਹਿਸੂਸ ਕਰਦਾ ਹੈ । ਵਿਦਿਆਰਥੀ ਜੀਵਨ ਵਿੱਚ ਨੈੱਟ ਦੀ ਖਾਸ ਮਹੱਤਤਾ ਹੈ । ਜਾਣਕਾਰੀ ਅਤੇ ਤਕਨਾਲੋਜੀ ਦੇ ਇਸ ਯੁੱਗ ਵਿੱਚ ਇੰਟਰਨੈੱਟ ਰੀੜ ਦੀ ਹੱਡੀ ਦੀ ਤਰ੍ਹਾਂ ਕੰਮ ਕਰ ਰਿਹਾ ਹੈ । ਕਿਸੇ ਵੀ ਵਿਸ਼ੇ ਵਿੱਚ ਕੋਈ ਵੀ ਦੁਨੀਆਂ ਜਹਾਨ ਦੀ ਜਾਣਕਾਰੀ ਸਾਨੂੰ ਨੈੱਟ ਦੇ ਜ਼ਰੀਏ ਗੂਗਲ ਅਤੇ ਸੋਸ਼ਲ ਸਾਈਟਸ ਤੋਂ ਪ੍ਰਾਪਤ ਹੋ ਜਾਂਦੀ ਹੈ। ਸੰਚਾਰ ਦਾ ਆਧੁਨਿਕ ਸਾਧਨ ਹੋਣ ਕਰਕੇ ਨੈੱਟ ਰਾਹੀਂ ਇੱਕੋ ਸਮੇਂ ਸੁਨੇਹੇ ਦੂਰ ਦੁਰਾਡੇ ਬੈਠੇ ਬਹੁਤ ਸਾਰੇ ਲੋਕਾਂ ਤੱਕ ਭੇਜੇ ਜਾਂਦੇ ਹਨ । ਵਿਦਿਆਰਥੀ ਜੀਵਨ ਵਿੱਚ ਇੰਟਰਨੈੱਟ ਨੇ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਹੈ । ਪੜ੍ਹਾਈ ਵਿੱਚ ਪਹਿਲਾਂ ਕਈ ਵਾਰ ਜੋ ਸੰਕਲਪ ਸਮਝੋਂ ਅਧੂਰੇ ਰਹਿ ਜਾਂਦੇ ਸਨ , ਹੁਣ ਉਹ ਨੈੱਟ ਦੀਆਂ ਸਾਈਟਸ ਤੋਂ ਜਿਵੇਂ ਗੂਗਲ, ਯੂ ਟਿਊਬ ਆਦਿ ਉੱਤੇ ਖੋਜ (ਸਰਚ) ਕਰਕੇ ਝੱਟ ਲੱਭ ਲਏ ਜਾਂਦੇ ਹਨ । ਪੁਰਾਣੇ ਸਮਿਆਂ ਵਿੱਚ ਵਿੱਦਿਆ ਗੁਰੂ ਆਸ਼ਰਮਾਂ ਜਾਂ ਧਾਰਮਿਕ ਸਥਾਨਾਂ ਮਦਰੱਸਿਆਂ , ਮੰਦਰਾਂ , ਗੁਰੂ ਘਰਾਂ ਚਰਚ ਆਦਿ ਵਿੱਚ ਦਿੱਤੀ ਜਾਂਦੀ ਸੀ । ਹੁਣ ਨੈੱਟ ਦੀ ਆਮਦ ਨੇ ਹਰ ਵਿਦਿਆਰਥੀ ਦੀ ਜੇਬ ਵਿੱਚ ਗੁਰੂ ( ਸਕੂਲ) ਪਾ ਦਿੱਤਾ ਹੈ । ਪੰਜਾਬੀਆਂ ਦੇ ਜਨ ਜੀਵਨ ਉੱਤੇ ਹੋਰ ਵੀ ਗਹਿਰਾ ਪ੍ਰਭਾਵ ਪਾਇਆ ਹੈ। ਲੋਕਾਂ ਦੀ ਆਮ ਬੋਲ ਚਾਲ ਦੀ ਭਾਸ਼ਾ , ਕੰਮ ਧੰਦੇ , ਰਹਿਣ ਸਹਿਣ ਸਭ ਨੈੱਟ ਦੇ ਗੁਲਾਮ ਹੋ ਗਏ ਹਨ । ਬਿਜਲੀ ਦਾ ਬਿੱਲ , ਫੋਨ ਦਾ ਬਿੱਲ , ਖਰੀਦੋ ਫਰੋਖ਼ਤ ( ਸ਼ਾਪਿੰਗ) , ਪੈਸੇ ਸਬੰਧੀ ਲੈਣ ਦੇਣ (ਡੈਬਿਟ ਜਾਂ ਕ੍ਰੈਡਿਟ ਕਾਰਡ ਰਾਂਹੀ) ਪੇਅ ਟੀ ਐਮ ਸਭ ਕੁਝ ਆਨ ਲਾਈਨ ਹੋ ਗਿਆ ਹੈ। ਇੰਟਰਨੈੱਟ ਦੇ ਆਉਣ ਨਾਲ਼ ਧਰਤੀ ਇੱਕ ਛੋਟਾ ਜਿਹਾ ਵਿਸ਼ਵੀ ਪਿੰਡ ਬਣ ਕੇ ਰਹਿ ਗਈ ਹੈ। ਮੀਲਾਂ ਦੀਆਂ ਘੰਟਿਆਂ ਬੱਧੀ ਦੂਰੀਆਂ ਕਦਮਾਂ ਵਿੱਚ ਸਿਮਟ ਕੇ ਰਹਿ ਗਈ ਆਂ ਹਨ। ਘਰ ਬੈਠੇ ਹੀ ਕੁਝ ਪਲਾਂ ਵਿੱਚ ਦੁਨੀਆਂ ਦੀ ਜਾਣਕਾਰੀ ਨੈੱਟ ਦੇ ਜ਼ਰੀਏ ਪ੍ਰਾਪਤ ਹੋ ਜਾਂਦੀ ਹੈ । ਨਵੀਆਂ ਸੂਚਨਾਵਾਂ , ਮਨੋਰੰਜਨ , ਖੇਡਾਂ , ਫਿਲਮਾਂ ਆਦਿ ਕਹਿਣ ਦਾ ਭਾਵ ਹਰ ਵਿਸ਼ੇ ਨਾਲ਼ ਸਬੰਧਿਤ ਜਾਣਕਾਰੀ ਕੁਝ ਹੀ ਛਿਣਾਂ ਵਿੱਚ ਨੈੱਟ ਦੇ ਰਾਹੀਂ ਪ੍ਰਾਪਤ ਕਰ ਲੈਂਦੇ ਹਾਂ ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਨੀਆਂ ਦੀ ਭਾਸ਼ਾ ਤੇ ਅਧਾਰਿਤ ਯੂਨੀਵਰਸਿਟੀ ਹੈ ਜੋ ਮਾਤ ਭਾਸ਼ਾ ਪੰਜਾਬੀ ਵਿੱਚ ਸਿੱਖਿਆ ਪ੍ਰਦਾਨ ਕਰਨ ਦਾ ਪ੍ਰਣ ਕਰਦੀ ਹੈ, ਪਰ ਜਦੋਂ ਨੋਟਿਸ (ਸੀ . ਸੀ. ਰਾਹੀਂ) ਦਿੱਤੇ ਜਾਂਦੇ ਹਨ ਤਾਂ ਉਹ ਅੰਗਰੇਜ਼ੀ ਵਿੱਚ ਹੁੰਦੇ ਹਨ। ਪਹਿਲਾਂ ਤਾਂ ਬਹੁਤ ਔਖਾ ਲੱਗਦਾ ਹੈ ਪਰ ਸ਼ੁਕਰ ਹੈ ਇੰਟਰਨੈੱਟ ਦਾ ਜਿਸ ਦੀਆਂ ਸਾਈਟਸ ਤੇ ਜਾ ਕੇ ਮਾੜਾ ਮੋਟਾ ਪੰਜਾਬੀ ਵਿੱਚ ਅਨੁਵਾਦ ਕਰ ਲਈਦਾ ਹੈ। ਨੈੱਟ ਦੇ ਫਾਇਦੇ ਹੋਣ ਦੇ ਨਾਲ਼ ਨਾਲ਼ ਇਸ ਨੇ ਪੰਜਾਬੀ ਜੀਵਨ ਉੱਤੇ ਕੁਝ ਮਾੜੇ ਪ੍ਰਭਾਵ ਵੀ ਪਾਏ ਹਨ । ਸਭ ਤੋਂ ਪਹਿਲਾਂ ਤਾਂ ਬਚਪਨ 'ਚੋਂ ਦਾਦੀ ਮਾਂ ਦੀਆਂ ਬਾਤਾਂ ਅਤੇ ਲੋਰੀਆਂ ਖੋਹ ਲਈਆਂ ਹਨ । ਹੁਣ ਬੱਚੇ ਵੀਡੀਓ ਗੇਮਜ਼ ਖੇਡਣਾ ਪਸੰਦ ਕਰਦੇ ਹਨ । ਨੈਤਿਕ ਕਦਰਾਂ ਕੀਮਤਾਂ ਤੋਂ ਸੱਖਣੇ ਬੱਚੇ ਆਪ ਮੁਹਾਰੇ ਹੋ ਗਏ ਹਨ । ਪੰਜਾਬੀਆਂ ਦਾ ਬਚਪਨ ਤੇ ਜਵਾਨੀ ਮੋਬਾਈਲ ਵਿੱਚ ਕੈਦ ਹੋ ਗਈ ਹੈ ।ਮੌਜੂਦਾ ਮਨੁੱਖ ਆਪਣੇ ਆਪ ਵਿੱਚ ਸਿਮਟ ਕੇ ਰਹਿ ਗਿਆ ਹੈ । ਵਿਹਲਾ ਪ੍ਰਾਣੀ ਸਿਰਫ ਨੈੱਟ ਦਾ ਗੁਲਾਮ ਹੋ ਗਿਆ ਹੈ । ਪਰਿਵਾਰ ਤੇ ਬਜ਼ੁਰਗਾਂ ਲਈ ਕਿਸੇ ਕੋਲ ਕੋਈ ਸਮਾਂ ਨਹੀਂ ਹੈ। ਹਰ ਕੋਈ ਪੜ੍ਹਿਆ ਜਾਂ ਅਨਪੜ੍ਹ ਫੋਨ ਉੱਤੇ ਠੂੰਗਾਂ ਮਾਰਨ ਨੂੰ ਤਰਜੀਹ ਦਿੰਦਾ ਹੈ । ਰਿਸ਼ਤਿਆਂ ਦਾ ਘਾਣ ਹੋ ਗਿਆ ਹੈ। ਸੰਗਾਂ ਸ਼ਰਮਾਂ ਦਾ ਸਾਡਾ ਜੀਵਨ ਰਿਹਾ ਹੀ ਨਹੀਂ । ਸੋਸ਼ਲ ਸਾਈਟਸ ਉੱਤੇ ਫੇਸਬੁੱਕ ਵਗੈਰਾ ਤੇ ਹਰ ਛੋਟਾ ਵੱਡਾ ਰਿਸ਼ਤਾ ਦੋਸਤ ਬਣ ਕੇ ਰਹਿ ਗਿਆ ਹੈ । ਕੋਈ ਅਤਿ ਕਥਨੀ ਨਹੀਂ ਹੋਵੇਗੀ ਜੇ ਮੈਂ ਕਹਾਂ ਕਿ ਇੰਟਰਨੈੱਟ ਨੇ ਪੰਜਾਬੀ ਜਨ ਜੀਵਨ ਦੇ ਪਰਖੱਚੇ ਉਡਾ ਦਿੱਤੇ ਹਨ । ਲੋਕਾਂ ਦੇ ਖਾਣ ਪੀਣ , ਰਹਿਣ ਸਹਿਣ , ਅਤੇ ਦੁੱਖ ਸੁੱਖ ਤੇ ਗਹਿਰਾ ਪ੍ਰਭਾਵ ਪਾਇਆ ਹੈ। ਹੋਰ ਤਾਂ ਹੋਰ ਕਿਸੇ ਦੇ ਦੁੱਖ ਵਿੱਚ ਸ਼ਾਮਿਲ ਨਾ ਹੋ ਕੇ ਸੋਸ਼ਲ ਮੀਡੀਆ ਉੱਤੇ" ਸੈਡ "ਜਾਂ " ਆਰ ਆਈ ਪੀ " ਲਿਖਣਾ ਆਮ ਜਿਹੀ ਗੱਲ ਹੋ ਗਈ ਹੈ । ਨੈੱਟ ਦੇ ਆਉਣ ਨਾਲ਼ ਖੁੱਲ੍ਹੇ ਡੁੱਲ੍ਹੇ ਸੁਭਾਅ ਦਾ ਪੰਜਾਬੀ ਸੁੰਗੜ ਗਿਆ ਹੈ । ਇੰਟਰਨੈੱਟ ਨੇ ਬਹੁਤ ਸਾਰੀਆਂ ਸਮਾਜਿਕ ਬੁਰਾਈਆਂ ਨੂੰ ਵੀ ਜਨਮ ਦਿੱਤਾ ਹੈ। ਨਸ਼ੇ ਦੇ ਤਸਕਰਾਂ ਵਿੱਚ ਬੇਤਹਾਸ਼ਾ ਇਜ਼ਾਫਾ ਹੋਇਆ ਹੈ। , ਜਿਸ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਖੋਖਲਾ ਕਰ ਦਿੱਤਾ ਹੈ । ਮਨੋਵਿਗਿਆਨਿਕ ਤਜਰਬੇ ਦੱਸਦੇ ਹਨ ਕਿ ਮਨੁੱਖ ਉੱਤੇ ਬੁਰੀਆਂ ਆਦਤਾਂ ਦਾ ਛੇਤੀ ਅਸਰ ਹੁੰਦਾ ਹੈ । ਕਤਲ ਅਤੇ ਬਲਾਤਕਾਰ ਦੇ ਘਿਨਾਉਣੇ ਅਪਰਾਧਾਂ ਵਿੱਚ ਵਾਧਾ ਹੋਣਾ ਕਿਤੇ ਨਾ ਕਿਤੇ ਇੰਟਰਨੈੱਟ ਵੀ ਜ਼ਿੰਮੇਵਾਰ ਹੈ । ਕਿਉਂ ਕਿ ਕੁਝ ਸਮਾਜਿਕ ਅਤੇ ਪਰਿਵਾਰਿਕ ਰਿਸ਼ਤਿਆਂ ਦੀ ਖੂਬਸੂਰਤੀ ਹੀ ਪਰਦਿਆਂ ਉਹਲੇ ਲੁਕੀ ਹੋਈ ਹੈ । ਨੈੱਟ ਨੇ ਸਾਡੀ ਮਾਂ ਬੋਲੀ ਨੂੰ ਵੀ ਸੰਨ੍ਹ ਲਾ ਲਿਆ ਹੈ। ਪੰਜਾਬੀ ਦੇ ਬਹੁਤ ਸਾਰੇ ਸ਼ਬਦ ਸਾਡੇ ਤੋਂ ਵਿਸਰ ਰਹੇ ਹਨ। ਆਓ ਅੱਜ ਅਹਿਦ ਕਰੀਏ ਕਿ ਇੰਟਰਨੈੱਟ ਦੇ ਗੁਲਾਮ ਨਾ ਹੋ ਕੇ ਇਸ ਉੱਤੇ ਲਗਾਮਾਂ ਕਸੀਏ ਅਤੇ ਆਪਣੀ ਲੋੜ ਮੁਤਾਬਿਕ ਵਰਤੀਏ । ਕਿਸੇ ਸ਼ਾਇਰ ਦੀਆਂ ਖੂਬਸੂਰਤ ਜਿਹੀਆਂ ਸਤਰਾਂ ਮੈਨੂੰ ਚੇਤੇ ਆ ਰਹੀਆਂ।

"ਹਵਾ ਭੀ ਬੇਕਸੂਰ , ਦੀਆ ਭੀ ਬੇਕਸੂਰ,
ਇਸੇ ਚਲਨਾ ਹੈ ਜ਼ਰੂਰ ,
ਉਸੇ ਜਲਨਾ ਹੈ ਜ਼ਰੂਰ ।"

---

# ਚੋਰਾਂ ਨੂੰ ਮੋਰ

**ਲਿਖਤ : ਨਿਰਮਲ ਸਿੰਘ ਕੰਧਾਲਵੀ**

ਪਿਛਲੇ ਕੁਝ ਦਿਨਾਂ ਤੋਂ ਇਲਾਕੇ ਵਿਚ ਲੁੱਟਾਂ-ਖੋਹਾਂ ਅਤੇ ਚੋਰੀ ਦੀਆਂ ਵਾਰਦਾਤਾਂ 'ਚ ਅਚਾਨਕ ਵਾਧਾ ਹੋ ਗਿਆ ਸੀ। ਇਹ ਧਾੜਵੀ ਲੁੱਟਦੇ ਵੀ ਸਨ ਅਤੇ ਨਲਕਿਆਂ ਦੇ ਹੈਂਡਲਾਂ ਤੇ ਲੋਹੇ ਦੀਆਂ ਰਾਡਾਂ ਆਦਿ ਨਾਲ਼ ਪਰਵਾਰ ਦੇ ਜੀਆਂ ਨੂੰ ਬੁਰੀ ਤਰ੍ਹਾਂ ਮਾਰ ਕੁਟ ਕੇ ਗੰਭੀਰ ਜ਼ਖ਼ਮੀ ਵੀ ਕਰਦੇ ਸਨ ਤੇ ਕਈ ਵਾਰੀ ਮੌਤਾਂ ਵੀ ਹੋ ਜਾਂਦੀਆਂ ਸਨ। ਭਾਵੇਂ ਕਿ ਪੁਲਸ ਦੀ ਗਸ਼ਤ ਤੇਜ਼ ਕਰ ਦਿਤੀ ਗਈ ਸੀ ਪਰ ਇਹ ਵਾਰਦਾਤਾਂ ਅਜੇ ਵੀ ਲਗਾਤਾਰ ਵਾਪਰ ਰਹੀਆਂ ਸਨ।

ਇਕ ਕਾਲ਼ੀ ਬੋਲੀ ਅੱਧੀ ਰਾਤ ਨੂੰ ਧਾੜਵੀਆਂ ਦਾ ਇਕ ਟੋਲਾ ਪਿੰਡ ਦੀ ਫਿਰਨੀ ਦੇ ਕੋਣੇ 'ਤੇ ਸ਼ਿਵ ਦਿਆਲ ਸੁਨਿਆਰੇ ਦੇ ਘਰ ਨੂੰ ਲੁੱਟਣ ਲਈ ਆ ਪਹੁੰਚਾ। ਲੁਟੇਰਿਆਂ ਨੇ ਪਹਿਲਾਂ ਦਿਨ ਛਿਪਦੇ ਕਰਦੇ ਨਾਲ ਇਕ ਨਵੀਂ ਨਕੋਰ ਜਿਪਸੀ ਕਿਸੇ ਡਰਾਈਵਰ ਪਾਸੋਂ ਖੋਹੀ। ਨੰਬਰ ਪਲੇਟ ਅਤੇ ਥੋੜ੍ਹਾ ਬਹੁਤ ਹੁਲੀਆ ਬਦਲ ਕੇ ਰਾਤ ਨੂੰ ਕਰਨ ਵਾਲ਼ੀ ਵਾਰਦਾਤ ਲਈ ਉਹਨਾਂ ਨੇ ਤਿਆਰ ਕਰ ਲਈ। ਲੁਟੇਰਿਆਂ ਨੂੰ ਵੀ ਪਤਾ ਸੀ ਕਿ ਪੁਲਿਸ ਨੇ ਗਸ਼ਤ ਤੇਜ਼ ਕੀਤੀ ਹੋਈ ਸੀ ਸੋ ਉਹ ਵੀ ਬੜੇ ਚੌਕਸ ਸਨ। ਇਹਨਾਂ ਵਾਰਦਾਤਾਂ ਲਈ ਮੋਬਾਈਲ ਫੋਨ ਉਹਨਾਂ ਨੂੰ ਬਹੁਤ ਕੰਮ ਦਿੰਦੇ ਸਨ।

ਲੁਟੇਰੇ ਅਜੇ ਸ਼ਿਵ ਦਿਆਲ ਦੇ ਘਰ ਦੀ ਬਾਹਰਲੀ ਕੰਧ ਟੱਪਣ ਲੱਗੇ ਹੀ ਸਨ ਕਿ ਫਿਰਨੀ ਤੋਂ ਮੁੜੀ ਪੁਲਿਸ ਦੀ ਜੀਪ ਦੀਆਂ ਹੈੱਡਲਾਈਟਾਂ ਨੇ ਲੁਟੇਰਿਆਂ ਦੀਆਂ ਪੁਦੀੜਾਂ ਪੁਆ ਦਿਤੀਆਂ। ਇਹ ਸਾਰਾ ਕੁਝ ਏਨੀ ਛੇਤੀ ਵਾਪਰ ਗਿਆ ਕਿ ਲੁਟੇਰਿਆਂ ਨੂੰ ਆਪਣੀ ਜਿਪਸੀ ਤੱਕ ਵੀ ਪਹੁੰਚਣ ਦਾ ਸਮਾਂ ਨਾ ਮਿਲਿਆ ਤੇ ਜਿਧਰ ਨੂੰ ਵੀ ਰਾਹ ਦਿਸਿਆ ਉਧਰ ਨੂੰ ਭੱਜ ਉੱਠੇ ਤੇ ਜਿਹੜੇ ਸਾਥੀ ਨੂੰ ਉਹ ਜਿਪਸੀ 'ਚ ਛੱਡ ਕੇ ਗਏ ਸਨ ਉਹ ਜਿਪਸੀ 'ਚੋਂ ਬਾਹਰ ਨਿਕਲ ਕੇ ਆਲੇ-ਦੁਆਲੇ ਦੀ ਨਿਗਾਹ ਰੱਖ ਰਿਹਾ ਸੀ। ਅਚਾਨਕ ਆਈ ਪੁਲਿਸ ਦੇਖ ਕੇ ਉਹ ਵੀ ਏਨਾ ਘਬਰਾ ਗਿਆ ਕਿ ਚਾਬੀਆਂ ਗੱਡੀ ਵਿਚੇ ਹੀ ਛੱਡ ਕੇ ਉਹ ਵੀ ਭੱਜ ਉੱਠਿਆ। ਥਾਣੇਦਾਰ ਗੱਬਰ ਸਿੰਘ ਦੇ ਨਾਲ ਦੇ ਦੋਵੇਂ ਸਿਪਾਹੀ ਜਦੋਂ ਲੁਟੇਰਿਆਂ ਮਗਰ ਭੱਜਣ ਲੱਗੇ ਤਾਂ ਉਹ ਗਰਜਿਆ, " ਓਏ ਨਲੈਕੋ, ਇਹਨਾਂ ਮਗਰ ਭੱਜ ਕੇ ਛਿੱਕੂ ਮਿਲਣੈ ਤੁਹਾਨੂੰ, ਕਚਹਿਰੀਆਂ ਦੇ ਚੱਕਰ ਮਾਰਦੇ ਰਹੋਂਗੇ ਗਵਾਹੀਆਂ ਦੇਣ ਲਈ। ਇਹਨਾਂ ਸਾਲਿਆਂ ਨੂੰ ਵੱਧ ਤੋਂ ਵੱਧ ਸਾਲ ਛੇ ਮਹੀਨੇ ਦੀ ਸਜ਼ਾ ਹੋ ਜਾਊ, ਜੱਜ ਨੇ ਹੋਰ ਇਹਨਾਂ ਦੀਆਂ ਕੀ ਲੂਲ੍ਹਾਂ ਲਾਹ ਲੈਣੀਆਂ?"

ਸਿਪਾਹੀਆਂ ਦੇ ਪੈਰ ਉੱਥੇ ਹੀ ਰੁਕ ਗਏ।

ਸਿਪਾਹੀ ਕਾਲ਼ਾ ਸਿੰਘ ਬੋਲਿਆ, " ਕੀ ਹੁਕਮ ਐ ਸਾਬ੍ਹ ਜੀ ਫੇਰ?"

" ਤੂੰ ਜੀਪ ਲੈ ਕੇ ਵਗ ਜਾਹ ਫੌਜੀ ਮਕੈਨਿਕ ਕੋਲ ਤੇ ਉਹਦੇ ਕੋਲੋਂ ਕੋਈ ਕਬਾੜਾ ਹੋਈ ਜਿਪਸੀ ਜੀਪ ਦੇ ਮਗਰ ਬੰਨ੍ਹ ਕੇ ਲੈ ਆ, ਉਹਨੂੰ ਕਹੀਂ ਸਾਬ੍ਹ ਦਾ ਹੁਕਮ ਐ- ਫੁਰਤੀਆਂ ਕਰ ਹੁਣ। ਉਹਨੂੰ ਵੀ ਨਾਲ ਹੀ ਲੈਂਦਾ ਆਵੀਂ। ਮੈਂ ਵੀ ਕਰਦਾਂ ਉਹਨੂੰ ਫੂਨ, ਤੂੰ ਵਗ ਜਾਹ ਹਵਾ ਹੋ ਜਾਹ ਬਸ, " ਗੱਬਰ ਸਿੰਘ ਨੇ ਮੁੱਛ ਮਰੋੜ ਕੇ ਕਾਲ਼ਾ ਸਿੰਘ ਨੂੰ ਹੁਕਮ ਚਾੜ੍ਹਿਆ।

" ਸਾਬ੍ਹ ਜੀ ਕਬਾੜਾ ਹੋਈ ਜਿਪਸੀ ਕੀ ਕਰਨੀ ਐ?" ਸਿਪਾਹੀ ਗਿੰਦਰ ਸਿੰਘ ਥਾਣੇਦਾਰ ਨੂੰ ਪੁੱਛ ਬੈਠਾ।

" ਓਏ ਸਹੁਰੀ ਦਿਆ, ਤਾਂ ਹੀ ਸਿਪਾਹੀ ਦਾ ਸਿਪਾਹੀ ਐਂ, ਤੇਰੇ ਨਾਲ ਦੇ ਭਰਤੀ ਹੋਏ ਹੁਣ ਤਾਈਂ ਹੌਲਦਾਰ ਤੇ ਛੋਟੇ ਠਾਣੇਦਾਰ ਬਣੇ ਬੈਠੇ ਆ? ਤੂੰ ਲੋਲ੍ਹੇ ਦਾ ਲੋਲ੍ਹਾ ਹੀ ਰਹਿਣੈ, ਪਤਾ ਨ੍ਹੀਂ ਕਿਹੜੇ ਕੰਜਰ ਨੇ ਭਰਤੀ ਕੀਤਾ ਸੀ ਤੈਨੂੰ?"

ਥਾਣੇਦਾਰ ਨੇ ਗਿੰਦਰ ਸਿਉਂ ਦੀ ਛੋਈ ਲਾਹ ਸੁੱਟੀ ਤੇ ਉਹ ਗ਼ਰੀਬ ਹੁਣ ਸਵਾਲ ਕਰ ਕੇ ਪਛਤਾ ਰਿਹਾ ਸੀ।

ਕਾਲ਼ਾ ਸਿੰਘ ਕਦੋਂ ਦਾ ਜੀਪ ਲੈ ਕੇ ਜਾ ਚੁੱਕਾ ਸੀ।

ਰੌਲਾ-ਰੱਪਾ ਸੁਣ ਕੇ ਹੁਣ ਤਾਈਂ ਕਾਫੀ ਲੋਕ ਇਕੱਠੇ ਹੋ ਚੁੱਕੇ ਸਨ। ਗੱਬਰ ਸਿੰਘ ਚਟਖਾਰੇ ਲੈ ਲੈ ਕੇ ਵਾਰ ਵਾਰ ਮੁੱਛਾਂ ਨੂੰ ਤਾਅ ਦੇ ਕੇ ਸ਼ਿਵ ਦਿਆਲ ਦਾ ਘਰ ਲੁੱਟ ਹੋਣ ਤੋਂ ਬਚਾਅ ਲੈਣ ਦੀ ਕਹਾਣੀ ਸਭ ਨੂੰ ਇਉਂ ਦੱਸ ਰਿਹਾ ਸੀ ਜਿਵੇਂ ਆਪਣੇ ਮੋਢਿਆਂ 'ਤੇ ਆਪ ਹੀ ਇਕ ਹੋਰ ਸਟਾਰ ਲਗਾ ਰਿਹਾ ਹੋਵੇ। ਪਿੰਡ ਵਾਲੇ ਝੁਕ ਝੁਕ ਕੇ ਗੱਬਰ ਸਿੰਘ ਦਾ ਧੰਨਵਾਦ ਕਰ ਰਹੇ ਸਨ। ਸ਼ਿਵ ਦਿਆਲ ਤਾਂ ਵਾਰ ਵਾਰ ਗੱਬਰ ਸਿੰਘ ਦੇ ਪੈਰ ਫੜ ਰਿਹਾ ਸੀ ਤੇ ਅੰਦਰ ਆ ਕੇ ਚਾਹ-ਪਾਣੀ ਪੀਣ ਲਈ ਬੇਨਤੀਆਂ ਕਰ ਰਿਹਾ ਸੀ, ਪਰ ਗੱਬਰ ਸਿੰਘ ਨੇ ਚੋਰਾਂ ਨੂੰ ਲੱਭਣ ਦੇ ਬਹਾਨੇ ਉੱਥੋਂ ਛੇਤੀ ਨਿਕਲਣਾ ਹੀ ਬਿਹਤਰ ਸਮਝਿਆ ਤਾਂ ਕਿ ਉਹ ਆਪਣੀ ਸਕੀਮ ਨੂੰ ਜਲਦੀ ਅਮਲੀ ਜਾਮਾ ਪਹਿਨਾ ਸਕੇ। ਉਹਨੇ ਗੜ੍ਹਕਵੀਂ ਆਵਾਜ਼ ਵਿਚ ਪਿੰਡ ਵਾਲਿਆਂ ਨੂੰ ਘਰੋ ਘਰੀ ਜਾਣ ਦਾ ਹੁਕਮ ਦਿਤਾ ਤੇ ਚੁਕੰਨੇ ਰਹਿਣ ਦੀਆਂ ਹਦਾਇਤਾਂ ਦਿਤੀਆਂ ਤੇ ਗਿੰਦਰ ਸਿੰਘ ਸਿਪਾਹੀ ਨੂੰ ਹੁਕਮ ਚਾੜ੍ਹਿਆ ਕਿ ਉਹ ਚੋਰਾਂ ਵਾਲੀ ਜਿਪਸੀ ਉਹਦੀ ਜੀਪ ਮਗਰ ਲਾ ਕੇ ਤੁਰਿਆ ਆਵੇ।

ਪਿੰਡੋਂ ਥੋੜ੍ਹੀ ਦੂਰ ਬਾਹਰ ਨਿੱਕਲ ਕੇ ਸੁੰਨ-ਸਾਨ ਜਿਹੀ ਜਗ੍ਹਾ 'ਤੇ ਥਾਣੇਦਾਰ ਨੇ ਜਿਪਸੀ ਰੁਕਵਾਈ ਤੇ ਫੌਜੀ ਮਕੈਨਿਕ ਨੂੰ ਫੂਨ ਲਗਾਇਆ। ਫੌਜੀ ਨੇ ਰਾਤ ਦੇ ਦੋ ਵਜੇ ਘਬਰਾਏ ਹੋਏ ਨੇ ਥਾਣੇਦਾਰ ਨੂੰ ਪੁੱਛਿਆ, " ਜਨਾਬ ਐਸ ਵੇਲੇ ਕੀ ਲੋੜ ਪੈ ਗਈ?"

" ਫੌਜੀਆ, ਗੱਲਾਂ ਦਾ ਟੈਮ ਨਹੀਂ ਏਸ ਵੇਲੇ, ਬਸ ਕਾਲਾ ਸਿਉਂ ਪਹੁੰਚਣ ਵਾਲਾ ਈ ਐ ਤੇਰੇ ਕੋਲ। ਕੋਈ ਟੁੱਟੀ ਭੱਜੀ ਜਿਪਸੀ ਜੀਪ ਮਗਰ ਬੰਨ੍ਹ ਕੇ ਤੁਸੀਂ ਦੋਨੋਂ ਛੇਤੀ ਤੋਂ ਛੇਤੀ ਇੱਥੇ ਕਿੱਕਰਾਂ ਵਾਲੇ ਮੋੜ 'ਤੇ ਪਹੁੰਚੋ, ਬਸ ਫੁਰਤੀਆਂ ਦਿਖਾਈਂ, ਹਾਂ ਸੱਚ, ਇਕ ਗੈਲਨ ਪੈਟਰੋਲ ਵੀ ਲੈਂਦੇ ਆਇਉ," ਠਾਣੇਦਾਰ ਨੇ ਹੁਕਮ ਚਾੜ੍ਹਿਆ।

ਫੌਜੀ ਕਾਹਲ਼ੀ ਕਾਹਲ਼ੀ ਕੱਪੜੇ ਪਾ ਕੇ ਅਜੇ ਬਾਹਰ ਨਿੱਕਲਿਆ ਹੀ ਸੀ ਕਿ ਸਰਕਾਰੀ ਜੀਪ ਦੀਆਂ ਹੈੱਡਲਾਈਟਾਂ ਨੇ ਉਸ ਦੀਆਂ ਅੱਖਾਂ ਚੁੰਧਿਆ ਦਿਤੀਆਂ।

ਫੌਜੀ ਦੇ ਕਬਾੜਖਾਨੇ 'ਚ ਕਬਾੜ ਹੋਈਆਂ ਗੱਡੀਆਂ ਦਾ ਘਾਟਾ ਨਹੀਂ ਸੀ। ਉਹਨੇ ਜਲਦੀ ਹੀ ਇਕ ਜਿਪਸੀ ਲੱਭ ਲਈ ਜਿਸ ਦੇ ਇੰਜਣ ਨੂੰ ਅੱਗ ਲੱਗ ਗਈ ਸੀ ਪਰ ਬਾਕੀ ਪੱਖੋਂ ਠੀਕ-ਠਾਕ ਹੀ ਸੀ। ਫੌਜੀ ਤੇ ਗਿੰਦਰ ਸਿੰਘ ਸਿਪਾਹੀ ਨੇ ਜਿਪਸੀ ਜੀਪ ਮਗਰ ਬੰਨ੍ਹੀ ਅਤੇ ਗੱਬਰ ਸਿੰਘ ਵਲੋਂ ਦੱਸੇ ਹੋਏ ਟਿਕਾਣੇ ਵਲ ਤੁਰ ਪਏ ਤੇ ਜਲਦੀ ਹੀ ਉੱਥੇ ਪਹੁੰਚ ਗਏ।

ਸਮਾਂ ਨਾ ਗੁਆਉਂਦਿਆਂ ਥਾਣੇਦਾਰ ਨੇ ਫੌਜੀ ਨੂੰ ਕਿਹਾ ਕਿ ਉਹ ਕਬਾੜਾ ਹੋਈ ਜਿਪਸੀ 'ਤੇ ਪੈਟਰੋਲ ਛਿੜਕ ਕੇ ਅੱਗ ਲਗਾ ਦੇਵੇ।

ਅੱਗ ਲਗਦਿਆਂ ਸਾਰ ਹੀ ਉਹ ਸਾਰੇ ਉੱਥੋਂ ਖਿਸਕ ਗਏ ਤੇ ਪੈਟਰੋਲ ਦੀ ਅੱਗ ਨੇ ਜਿਪਸੀ ਦਾ ਹੁਲੀਆ ਮਿੰਟਾਂ ਸਕਿੰਟਾਂ ਵਿਚ ਹੀ ਵਿਗਾੜ ਦਿਤਾ।

ਦੂਜੇ ਦਿਨ ਸਵੇਰੇ ਫੌਜੀ ਦੀ ਗੈਰੇਜ ਵਿਚ ਚੋਰਾਂ ਤੋਂ ਖੋਹੀ ਹੋਈ ਜਿਪਸੀ ਦਾ ਰੰਗ ਰੂਪ ਬਦਲਿਆ ਜਾ ਰਿਹਾ ਸੀ ਤੇ ਉਧਰ ਸ਼ਾਮ ਦੀ ਅਖ਼ਬਾਰ ਦੇ ਮੁੱਖ ਪੰਨੇ 'ਤੇ ਸੁਰਖੀ ਛਪੀ ਹੋਈ ਸੀ।

" ਥਾਣੇਦਾਰ ਗੱਬਰ ਸਿੰਘ ਦੀ ਚੌਕਸੀ ਨੇ ਇਕ ਹੋਰ ਟੱਬਰ ਲੁੱਟ ਹੋਣੋਂ ਬਚਾ ਲਿਆ। ਲੁਟੇਰੇ ਭੱਜਣ ਲੱਗੇ ਆਪਣੀ ਜਿਪਸੀ ਨੂੰ ਅੱਗ ਲਗਾ ਗਏ ਤਾਂ ਕਿ ਕੋਈ ਸਬੂਤ ਬਾਕੀ ਨਾ ਬਚੇ। ਪੁਲਿਸ ਨੂੰ ਪੱਕਾ ਯਕੀਨ ਹੈ ਕਿ ਇਹ ਉਹੋ ਹੀ ਜਿਪਸੀ ਸੀ ਜਿਹੜੀ ਲੁਟੇਰਿਆਂ ਨੇ ਉਸੇ ਸ਼ਾਮ ਹੀ ਕਿਸੇ ਡਰਾਈਵਰ ਤੋਂ ਪਿਸਤੌਲ ਦੀ ਨੋਕ 'ਤੇ ਖੋਹੀ ਸੀ।"

ਪੱਤਰਕਾਰ ਥਾਣੇ ਵਲ ਵਹੀਰਾਂ ਘੱਤ ਰਹੇ ਸਨ ਤਾਂ ਕਿ ਉਹ ਗੱਬਰ ਸਿੰਘ ਤੋਂ ਪੂਰੀ ਘਟਨਾ ਦੀ ਜਾਣਕਾਰੀ ਲੈ ਸਕਣ।

ਇਲਾਕੇ ਦੇ ਇਕ ਸਿਆਸੀ ਨੇਤਾ ਨੇ ਪੁਲਿਸ ਨੂੰ ਵਿਸ਼ੇਸ਼ ਇਨਾਮ ਦੇਣ ਦੀ ਸਿਫ਼ਾਰਸ਼ ਕੀਤੀ ਹੋਈ ਸੀ।

# ਬਿਮਾਰੀਆਂ ਦੇ ਅੱਗੇ ਹਾਰ ਰਹੀਆਂ ਦਵਾਈਆਂ

**ਲਿਖਤ : ਵਿਜੈ ਗਰਗ**

ਵਿਸ਼ਵ ਸਿਹਤ ਸੰਗਠਨ ਨੇ ਐਂਟੀਮਾਈਕਰੋਬਾਇਲ ਪ੍ਰਤੀਰੋਧ ਜਾਂ ਏਐਮਆਰ (ਐਂਟੀਮਾਈਕਰੋਬਾਇਲ ਪ੍ਰਤੀਰੋਧ) ਨੂੰ ਮਨੁੱਖਤਾ ਦੇ ਸਾਹਮਣੇ ਮੌਜੂਦ ਚੋਟੀ ਦੇ ਦਸ ਵਿਸ਼ਵਵਿਆਪੀ ਜਨਤਕ ਸਿਹਤ ਖਤਰਿਆਂ ਵਿੱਚੋਂ ਇੱਕ ਘੋਸ਼ਿਤ ਕੀਤਾ ਹੈ। ਏਐਮਆਰ ਉਦੋਂ ਵਾਪਰਦਾ ਹੈ ਜਦੋਂ ਬੈਕਟੀਰੀਆ, ਵਾਇਰਸ ਅਤੇ ਕੁਝ ਪਰਜੀਵੀ ਵਰਗੇ ਸੂਖਮ ਜੀਵਾਣੂ ਐਂਟੀਬਾਇਓਟਿਕਸ ਵਰਗੇ ਰੋਗਾਣੂਨਾਸ਼ਕਾਂ ਦੁਆਰਾ ਮਾਰੇ ਜਾਣ ਦਾ ਵਿਰੋਧ ਕਰਨ ਲਈ ਵਿਧੀ ਵਿਕਸਤ ਕਰਦੇ ਹਨ। ਇਸ ਤਰ੍ਹਾਂ ਇਨਫੈਕਸ਼ਨ ਬਣਿਆ ਰਹਿੰਦਾ ਹੈ ਅਤੇ ਦੂਜਿਆਂ ਵਿੱਚ ਫੈਲਦਾ ਹੈ। ਐਂਟੀਬੈਕਟੀਰੀਅਲ ਤੱਤ ਤੇਜ਼ੀ ਨਾਲ ਦੁਨੀਆ ਦੇ ਸਭ ਤੋਂ ਵੱਡੇ ਜਨਤਕ ਸਿਹਤ ਸੰਕਟਾਂ ਵਿੱਚੋਂ ਇੱਕ ਵਜੋਂ ਉਭਰ ਰਹੇ ਹਨ, ਜੋ ਕਿ ਜਲਵਾਯੂ ਪਰਿਵਰਤਨ ਤੋਂ ਬਾਅਦ ਦੂਜੇ ਸਥਾਨ 'ਤੇ ਹੈ, 'ਡਾਇਗਨੋਸਟਿਕ ਸਟੀਵਰਡਸ਼ਿਪ' - ਦਵਾਈਆਂ ਦੀ ਢੁਕਵੀਂ ਵਰਤੋਂ ਦੀ ਭੂਮਿਕਾ ਦੀ ਸਮਝ ਦੀ ਘਾਟ ਹੈ। ਦਵਾਈਆਂ ਦੀ ਵਰਤੋਂ ਦੇ ਸਹੀ ਅਤੇ ਬਿਹਤਰ ਤਰੀਕੇ ਅਤੇ ਉਨ੍ਹਾਂ ਦੇ ਫਾਇਦਿਆਂ ਅਤੇ ਨੁਕਸਾਨਾਂ ਬਾਰੇ ਜਾਣਕਾਰੀ ਦੀ ਘਾਟ ਕਾਰਨ, ਸਰੀਰ ਨਾ ਸਿਰਫ਼ ਕਈ ਬਿਮਾਰੀਆਂ ਦਾ ਘਰ ਬਣ ਜਾਂਦਾ ਹੈ, ਸਗੋਂ ਉਹ ਦਵਾਈਆਂ ਵੀ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ ਜੋ ਸ਼ੁਰੂ ਵਿੱਚ ਚੰਗੀ ਤਰ੍ਹਾਂ ਕੰਮ ਕਰ ਰਹੀਆਂ ਸਨ। ਇਹ ਸਮੱਸਿਆ ਦੁਨੀਆ ਭਰ ਵਿੱਚ ਮੌਜੂਦ ਹੈ। ਸੰਗਠਨ ਦੇ ਅਨੁਸਾਰ, ਇਹ ਵਿਸ਼ਵਵਿਆਪੀ ਸਿਹਤ ਖ਼ਤਰਾ ਵਿਆਪਕ ਤੌਰ 'ਤੇ ਵਧਣ ਦੀ ਸੰਭਾਵਨਾ ਹੈ। ਦੁਨੀਆ ਦੇ ਸਾਰੇ ਦੇਸ਼ਾਂ ਨੂੰ ਇਸ ਨੂੰ ਤਰਜੀਹ ਦੇ ਤੌਰ 'ਤੇ ਵਿਚਾਰਨਾ ਚਾਹੀਦਾ ਹੈ। ਕੋਰੋਨਾ ਦੇ ਸਮੇਂ, ਕੋਵਿਡ-19 ਦਾ ਇਲਾਜ ਸਿਰਫ਼ ਲੱਛਣਾਂ ਦੇ ਆਧਾਰ 'ਤੇ ਹੋਣ ਦੇ ਬਾਵਜੂਦ, ਲੱਖਾਂ ਲੋਕਾਂ ਦੀ ਮੌਤ ਹੋ ਗਈ। ਅਮਰੀਕਾ, ਇਟਲੀ, ਚੀਨ ਅਤੇ ਭਾਰਤ ਉਹ ਪ੍ਰਮੁੱਖ ਦੇਸ਼ ਸਨ ਜਿੱਥੇ ਕੋਰੋਨਾ ਦਾ ਪ੍ਰਭਾਵ ਵਿਆਪਕ ਸੀ। ਉਦੋਂ ਤੋਂ, ਇਹ ਮਹਿਸੂਸ ਹੋਣ ਲੱਗਾ ਕਿ ਭਵਿੱਖ ਵਿੱਚ, ਨਵੀਆਂ ਬਿਮਾਰੀਆਂ ਦੇ ਕਾਰਨ, ਇਹ ਉਚਿਤ ਹੋਵੇਗਾ। ਦਵਾਈਆਂ ਦੀ ਅਣਉਪਲਬਧਤਾ ਜਾਂ ਦਵਾਈ ਦੇ ਘੱਟ ਤੋਂ ਘੱਟ ਪ੍ਰਭਾਵ ਕਾਰਨ ਲੋਕ ਹਰ ਸਮੇਂ ਘਬਰਾਹਟ ਵਿੱਚ ਰਹਿ ਸਕਦੇ ਹਨ। ਐਂਟੀਬੈਕਟੀਰੀਅਲ ਹਿੱਸੇ ਦੀ ਜਟਿਲਤਾ ਇਸ ਤੱਥ ਤੋਂ ਝਲਕਦੀ ਹੈ ਕਿ ਇੱਕ ਵਾਰ ਜਦੋਂ ਐਂਟੀਮਾਈਕਰੋਬਾਇਲ ਦਵਾਈਆਂ ਪ੍ਰਤੀ ਵਿਰੋਧ ਵਿਕਸਤ ਹੋ ਜਾਂਦਾ ਹੈ, ਤਾਂ ਲਾਗਾਂ ਦਾ ਇਲਾਜ ਕਰਨਾ ਮੁਸ਼ਕਲ ਜਾਂ ਕਈ ਵਾਰ ਅਸੰਭਵ ਹੋ ਜਾਂਦਾ ਹੈ। ਸਪੱਸ਼ਟ ਹੈ ਕਿ ਬਿਮਾਰ ਵਿਅਕਤੀ ਢੁਕਵੇਂ ਇਲਾਜ ਦੀ ਘਾਟ ਕਾਰਨ ਹੌਲੀ-ਹੌਲੀ ਤੜਫ-ਤੜਫ ਕੇ ਮਰ ਜਾਂਦਾ ਹੈ। ਇਹ ਦੇਖਿਆ ਗਿਆ ਹੈ ਕਿ ਐਲੋਪੈਥੀ ਵਿੱਚ ਬਹੁਤ ਸਾਰੀਆਂ ਅਜਿਹੀਆਂ ਦਵਾਈਆਂ ਹਨ, ਜੋ ਇੱਕ ਨਿਸ਼ਚਿਤ ਸੀਮਾ ਤੋਂ ਬਾਅਦ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ। ਨਵੀਆਂ ਬਿਮਾਰੀਆਂ ਦੇ ਇਲਾਜ ਵਿੱਚ ਨਵੀਆਂ ਦਵਾਈਆਂ ਕਿੰਨੀਆਂ ਪ੍ਰਭਾਵਸ਼ਾਲੀ ਹੋਣਗੀਆਂ, ਇਹ ਉਨ੍ਹਾਂ ਦੀ ਵਰਤੋਂ ਤੋਂ ਬਾਅਦ ਹੀ ਪਤਾ ਲੱਗਦਾ ਹੈ। ਹੁਣ ਚਿੰਤਾ ਦੀ ਗੱਲ ਇਹ ਹੈ ਕਿ ਕੋਵਿਡ-19 ਤੋਂ ਬਾਅਦ, ਨਵੀਆਂ ਬਿਮਾਰੀਆਂ ਉੱਭਰ ਰਹੀਆਂ ਹਨ ਜੋ ਦੁਨੀਆ ਵਿੱਚ ਦਹਿਸ਼ਤ ਪੈਦਾ ਕਰ ਰਹੀਆਂ ਹਨ। ਕਦੇ ਉਹ ਚੀਨ ਤੋਂ ਸ਼ੁਰੂ ਹੁੰਦੇ ਹਨ, ਕਦੇ ਅਫਰੀਕੀ ਦੇਸ਼ਾਂ ਤੋਂ, ਪਰ ਕੁਝ ਹੀ ਦਿਨਾਂ ਵਿੱਚ ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਉਨ੍ਹਾਂ ਪ੍ਰਤੀ ਦਹਿਸ਼ਤ ਦਾ ਮਾਹੌਲ ਬਣ ਜਾਂਦਾ ਹੈ। ਅਜਿਹੇ ਹਾਲਾਤ ਸ਼ਾਇਦ ਦੁਨੀਆਂ ਵਿੱਚ ਕਦੇ ਵੀ ਨਹੀਂ ਸਨ ਜਿਵੇਂ ਕਿ ਅੱਜ ਹਨ। ਸਵਾਲ ਇਹ ਹੈ ਕਿ ਐਂਟੀਮਾਈਕਰੋਬਾਇਲ ਪ੍ਰਤੀਰੋਧ ਭਾਵ ਏਐਮਆਰ ਚਿੰਤਾ ਦਾ ਵਿਸ਼ਾ ਕਿਉਂ ਹੈ? ਇਹ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਰੋਗਾਣੂਨਾਸ਼ਕ ਏਜੰਟਾਂ ਪ੍ਰਤੀ ਵਿਰੋਧ ਦੇ ਹੌਲੀ-ਹੌਲੀ ਅਤੇ ਵਧਦੇ ਵਿਕਾਸ ਦੇ ਨਾਲ, ਬਹੁਤ ਸਾਰੀਆਂ ਦਵਾਈਆਂ ਲਾਗਾਂ ਦਾ ਇਲਾਜ ਕਰਨ ਦੀ ਆਪਣੀ ਸਮਰੱਥਾ ਗੁਆ ਰਹੀਆਂ ਹਨ। ਇਸ ਨਾਲ ਵਿਗਿਆਨ ਅਤੇ ਦਵਾਈ ਵਿੱਚ ਸਾਲਾਂ ਦੌਰਾਨ ਹੋਈ ਤਰੱਕੀ ਦੇ ਲਾਭਾਂ ਨੂੰ ਉਲਟਾਉਣ ਦਾ ਖ਼ਤਰਾ ਹੈ। ਇਸਦੇ ਵਧਦੇ ਖ਼ਤਰਿਆਂ ਦੇ ਸੰਬੰਧ ਵਿੱਚ, ਵਿਸ਼ਵ ਸਿਹਤ ਸੰਗਠਨ ਨੇ ਚੇਤਾਵਨੀ ਦਿੱਤੀ ਹੈ ਕਿ 2050 ਤੱਕ, 10 ਮਿਲੀਅਨ ਲੋਕ ਦਵਾਈ ਪ੍ਰਤੀਰੋਧੀ ਬਿਮਾਰੀਆਂ ਕਾਰਨ ਸਮੇਂ ਤੋਂ ਪਹਿਲਾਂ ਮਰ ਸਕਦੇ ਹਨ। 'ਲੈਂਸੇਟ' ਜਰਨਲ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਦੇ ਅਨੁਸਾਰ, 2019 ਵਿੱਚ 4.19 ਲੱਖ ਮੌਤਾਂ ਐਂਟੀਮਾਈਕ੍ਰੋਬਾਇਲ ਪ੍ਰਤੀਰੋਧ ਨਾਲ ਜੁੜੀਆਂ ਸਨ। ਅਧਿਐਨ ਦਰਸਾਉਂਦੇ ਹਨ ਕਿ ਐਂਟੀਬੈਕਟੀਰੀਅਲ ਏਜੰਟ ਕਿਸੇ ਨੂੰ ਵੀ, ਜ਼ਿੰਦਗੀ ਦੇ ਕਿਸੇ ਵੀ ਪੜਾਅ 'ਤੇ ਪ੍ਰਭਾਵਿਤ ਕਰ ਸਕਦੇ ਹਨ। ਇਹ ਉਸ ਦਰ ਨਾਲ ਵਿਕਸਤ ਹੋ ਰਹੇ ਹਨ ਜੋ ਨਵੇਂ ਐਂਟੀਬੈਕਟੀਰੀਅਲ ਏਜੰਟ ਵਿਕਸਤ ਕੀਤੇ ਜਾ ਰਹੇ ਹਨ, ਉਸ ਦਰ ਤੋਂ ਕਿਤੇ ਵੱਧ ਹੈ। ਅਧਿਐਨ ਸੁਝਾਅ ਦਿੰਦਾ ਹੈ ਕਿ ਜਿਵੇਂ-ਜਿਵੇਂ ਵਪਾਰ ਅਤੇ ਯਾਤਰਾ ਰਾਹੀਂ ਵਿਸ਼ਵਵਿਆਪੀ ਸੰਪਰਕ ਵਧਦਾ ਹੈ, ਉੱਭਰਦੇ ਅੰਸ਼ ਦੇ ਦੁਨੀਆ ਭਰ ਵਿੱਚ ਫੈਲਣ ਦੀ ਸੰਭਾਵਨਾ ਵੱਧ ਜਾਂਦੀ ਹੈ।



ਜੇਕਰ ਅਸੀਂ ਰੋਗਾਣੂਨਾਸ਼ਕ ਪ੍ਰਤੀਰੋਧ ਨੂੰ ਸੰਬੋਧਿਤ ਨਹੀਂ ਕਰਦੇ, ਤਾਂ ਅਸੀਂ ਨਿਯਮਤ ਡਾਕਟਰੀ ਪ੍ਰਕਿਰਿਆਵਾਂ ਅਤੇ ਸਰਜਰੀਆਂ ਨੂੰ ਸੁਰੱਖਿਅਤ ਢੰਗ ਨਾਲ ਕਰਨ ਦੀ ਯੋਗਤਾ ਗੁਆ ਦੇਵਾਂਗੇ। ਐਂਟੀਬੈਕਟੀਰੀਅਲ ਪ੍ਰਤੀਰੋਧ ਉਦੋਂ ਹੁੰਦਾ ਹੈ ਜਦੋਂ ਬੈਕਟੀਰੀਆ, ਵਾਇਰਸ, ਫੰਜਾਈ ਅਤੇ ਪਰਜੀਵੀ ਸਮੇਂ ਦੇ ਨਾਲ ਕੁਦਰਤੀ ਤੌਰ 'ਤੇ ਪਰਿਵਰਤਨ ਕਰਦੇ ਹਨ। ਅਤੇ ਆਧੁਨਿਕ ਦਵਾਈਆਂ ਦਾ ਜਵਾਬ ਨਹੀਂ ਦਿੰਦੇ। ਇਸ ਨਾਲ ਇਨਫੈਕਸ਼ਨ ਦਾ ਇਲਾਜ ਕਰਨਾ ਮੁਸ਼ਕਲ ਹੋ ਜਾਂਦਾ ਹੈ। ਨਤੀਜੇ ਵਜੋਂ, ਮਿਆਰੀ ਐਂਟੀਬਾਇਓਟਿਕ ਇਲਾਜ ਬੇਅਸਰ ਹੋ ਜਾਂਦੇ ਹਨ ਅਤੇ ਲਾਗ ਬਣੀ ਰਹਿੰਦੀ ਹੈ, ਜਿਸ ਨਾਲ ਮਰੀਜ਼ ਲਈ ਜੋਖਮ ਵਧ ਜਾਂਦਾ ਹੈ। ਅਸੀਂ ਇਸਨੂੰ ਇਸ ਤਰ੍ਹਾਂ ਸਮਝ ਸਕਦੇ ਹਾਂ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ, ਬਹੁਤ ਸਾਰੀਆਂ ਦਵਾਈਆਂ ਦੀ ਕੀਮਤ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੈ। ਇਸ ਕਾਰਨ ਬਿਮਾਰੀਆਂ ਵਧਦੀਆਂ ਹੀ ਰਹਿੰਦੀਆਂ ਹਨ। ਐਂਟੀਮਾਈਕ੍ਰੋਬਾਇਲ ਰੋਧਕ (ਏਐਮਆਰ) ਦਵਾਈਆਂ ਦੀ ਕੀਮਤ ਬਹੁਤ ਜ਼ਿਆਦਾ ਹੈ ਅਤੇ ਇਸਨੂੰ ਮਨੁੱਖੀ ਜਾਨਾਂ ਦੇ ਨੁਕਸਾਨ ਦੇ ਰੂਪ ਵਿੱਚ ਮਾਪਿਆ ਜਾ ਸਕਦਾ ਹੈ। 'ਐਂਟੀਮਾਈਕ੍ਰੋਬਾਇਲ ਸਟੀਵਰਡਸ਼ਿਪ' (ਏਐਮਐਸ) ਐਂਟੀਮਾਈਕ੍ਰੋਬਾਇਲ ਦਵਾਈਆਂ ਦੀ ਸੁਝਵਾਨ ਵਰਤੋਂ ਦੁਆਰਾ ਭਵਿੱਖ ਦੀਆਂ ਪੀੜ੍ਹੀਆਂ ਲਈ ਐਂਟੀਬਾਇਓਟਿਕ ਪ੍ਰਭਾਵਸ਼ੀਲਤਾ ਨੂੰ ਸੁਰੱਖਿਅਤ ਰੱਖਣ ਦੀ ਵਚਨਬੱਧਤਾ ਹੈ। ਡਾਕਟਰੀ ਖੋਜਕਰਤਾਵਾਂ ਦੇ ਅਨੁਸਾਰ, 'ਐਂਟੀਮਾਈਕ੍ਰੋਬਾਇਲ ਸਟੀਵਰਡਸ਼ਿਪ' ਪਹਿਲਕਦਮੀ ਦਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਸਹੀ ਰੋਗੀ ਨੂੰ ਸਹੀ ਸਮੇਂ 'ਤੇ, ਸਹੀ ਖੁਰਾਕ 'ਤੇ ਸਹੀ ਐਂਟੀਬਾਇਓਟਿਕ ਦਿੱਤੀ ਜਾਵੇ, ਜਿਸ ਨਾਲ ਮਰੀਜ਼ ਨੂੰ ਘੱਟ ਤੋਂ ਘੱਟ ਨੁਕਸਾਨ ਹੋਵੇ। ਪਰ ਡਾਕਟਰੀ ਖੇਤਰ ਵਿੱਚ ਜਿਸ ਤਰ੍ਹਾਂ ਦੀ ਹਫੜਾ-ਦਫੜੀ ਹੈ, ਉਹ ਇਹ ਯਕੀਨੀ ਨਹੀਂ ਬਣਾਉਂਦੀ ਕਿ ਬਿਮਾਰਾਂ ਨੂੰ ਬਿਨਾਂ ਕਿਸੇ ਵਾਧੂ ਦਬਾਅ ਦੇ ਸਹੀ ਸਮੇਂ 'ਤੇ ਸਹੀ ਦਵਾਈ ਅਤੇ ਸਹੀ ਇਲਾਜ ਮਿਲੇ। ਭਾਰਤੀ ਦਵਾਈ ਦੇ ਖੇਤਰ ਵਿੱਚ ਬਹੁਤ ਸਾਰੀਆਂ ਅਸੰਗਤੀਆਂ ਅਤੇ ਗੁੰਝਲਾਂ ਹਨ। ਇਸ ਖੇਤਰ ਦਾ ਸਾਰਾ ਸਿਸਟਮ ਭ੍ਰਿਸ਼ਟਾਚਾਰ ਵਿੱਚ ਡੁੱਬਿਆ ਹੋਇਆ ਹੈ। ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਵਿੱਚ ਦਵਾਈਆਂ ਦਾ ਇੱਕ ਵੱਡਾ ਬਾਜ਼ਾਰ ਹੈ। ਇੱਥੇ ਦਵਾਈਆਂ ਦੀਆਂ ਕੀਮਤਾਂ ਮਨਮਾਨੇ ਢੰਗ ਨਾਲ ਤੈਅ ਕੀਤੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ, ਨਕਲੀ ਦਵਾਈਆਂ ਦੇ ਕਾਰੋਬਾਰ ਕਾਰਨ, ਕਰੋੜਾਂ ਲੋਕ ਬਿਮਾਰ ਹੋ ਰਹੇ ਹਨ ਅਤੇ ਬੇਲੋੜੇ ਮਰ ਰਹੇ ਹਨ। ਇਹ ਨਕਲੀ ਦਵਾਈਆਂ ਨਾ ਸਿਰਫ਼ ਦਸ ਤੋਂ ਪੰਜ ਸੌ ਗੁਣਾ ਮਹਿੰਗੀਆਂ ਹਨ, ਸਗੋਂ ਮਰੀਜ਼ ਦਾ ਇਲਾਜ ਕਰਨ ਵਿੱਚ ਵੀ ਅਸਫਲ ਰਹਿੰਦੀਆਂ ਹਨ। ਹਨ।

ਪਿਛਲੇ ਚਾਰ ਸਾਲਾਂ ਵਿੱਚ, ਕਰੋੜਾਂ ਲੋਕ ਬਿਮਾਰ ਹੋਏ ਅਤੇ ਲੱਖਾਂ ਦੀ ਮੌਤ ਏਐਮਆਰ ਕਾਰਨ ਹੋਈ। ਇਹ ਧਿਆਨ ਦੇਣ ਯੋਗ ਹੈ ਕਿ ਏਐਮਆਰ ਤੋਂ ਪੀੜਤ ਲੋਕਾਂ ਨੂੰ ਲਗਾਤਾਰ ਦਵਾਈਆਂ ਖਾਣੀਆਂ ਪੈਂਦੀਆਂ ਹਨ। ਲੋਕਾਂ ਦੀਆਂ ਬਿਮਾਰੀਆਂ ਦਵਾਈਆਂ ਲੈਣ ਨਾਲ ਠੀਕ ਨਹੀਂ ਹੁੰਦੀਆਂ, ਸਗੋਂ ਲਗਾਤਾਰ ਦਵਾਈਆਂ ਲੈਣ ਨਾਲ ਉਹ ਨਵੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਮਰੀਜ਼ ਇਨ੍ਹਾਂ ਨਵੀਆਂ ਬਿਮਾਰੀਆਂ ਲਈ ਵੀ ਦਵਾਈ ਲੈਣੀ ਸ਼ੁਰੂ ਕਰ ਦਿੰਦਾ ਹੈ, ਪਰ ਦਵਾਈ ਦਾ ਪ੍ਰਭਾਵ ਜਾਂ ਤਾਂ ਬਹੁਤ ਘੱਟ ਹੁੰਦਾ ਹੈ ਜਾਂ ਇਹ ਬਿਲਕੁਲ ਨਹੀਂ ਹੁੰਦਾ। ਇਸ ਦਾ ਕਾਰਨ ਇਹ ਹੈ ਕਿ ਲਗਾਤਾਰ ਦਵਾਈਆਂ ਲੈਣ ਨਾਲ ਸਰੀਰ ਦੀ ਇਮਿਊਨਿਟੀ ਨਸ਼ਟ ਹੋ ਜਾਂਦੀ ਹੈ ਅਤੇ ਦਵਾਈ ਦਾ ਕੋਈ ਅਸਰ ਨਾ ਹੋਣ ਕਾਰਨ ਸਰੀਰ ਬਿਮਾਰੀਆਂ ਦਾ ਘਰ ਬਣ ਜਾਂਦਾ ਹੈ। ਦੁਨੀਆ ਵਿੱਚ ਡਾਕਟਰੀ ਖੇਤਰ ਵਿੱਚ ਪ੍ਰਾਪਤੀਆਂ ਦੇ ਕਾਰਨ, ਬਹੁਤ ਸਾਰੇ ਦੇਸ਼ਾਂ ਵਿੱਚ ਡਾਕਟਰੀ ਇਲਾਜ ਬਹੁਤ ਆਸਾਨ ਅਤੇ ਹਰ ਕਿਸੇ ਲਈ ਉਪਲਬਧ ਹੋ ਗਿਆ ਹੈ, ਪਰ ਭਾਰਤ ਵਿੱਚ, ਡਾਕਟਰੀ ਖੇਤਰ ਇੰਨਾ ਗੁੰਝਲਦਾਰੀਆਂ ਅਤੇ ਅਸੰਗਤੀਆਂ ਨਾਲ ਭਰਿਆ ਹੋਇਆ ਹੈ ਕਿ ਇਸ ਬਾਰੇ ਕੁਝ ਵੀ ਕਹਿਣਾ ਮੁਸ਼ਕਲ ਹੈ। ਫਿਰ ਵੀ, ਸਾਨੂੰ ਉਮੀਦ ਕਰਨੀ ਚਾਹੀਦੀ ਹੈ ਕਿ ਏਐਮਆਰ ਉਹੀ ਵਿਸ਼ਵਵਿਆਪੀ ਦਹਿਸ਼ਤ ਪੈਦਾ ਨਹੀਂ ਕਰੇਗਾ ਜਿਵੇਂ ਕਿ ਇਸਨੇ ਕੋਰੋਨਾ ਕਾਲ ਦੌਰਾਨ ਪੈਦਾ ਕੀਤਾ ਸੀ।

**ਰਿਟਾਇਰਡ ਪ੍ਰਿੰਸੀਪਲ**
**ਐਜੂਕੇਸ਼ਨਲ ਕਾਲਮਨਵੀਸ਼ ਪੰਜਾਬ**

# ਸੁੱਚੇ ਮੋਤੀ

**ਲਿਖਤ : ਰਸ਼ਪਿੰਦਰ ਪਾਲ ਕੌਰ**
**ਸੰਪਰਕ: rashipnderpalkaur@gmail.com**

ਮਾਵਾਂ, ਮਾਸੀਆਂ ਰਿਸ਼ਤਿਆਂ ਦਾ ਆਧਾਰ ਹੁੰਦੀਆਂ। ਉਹ ਰਿਸ਼ਤਿਆਂ ਨੂੰ ਮੁਹੱਬਤ ਦੀ ਜਾਗ ਲਾਉਂਦੀਆਂ। ਰਿਸ਼ਤਿਆਂ ਨੂੰ ਸਾਂਝਾਂ ਦੀ ਤੰਦ ਨਾਲ ਜੋੜਦੀਆਂ। ਤੇਰ-ਮੇਰ ਨੂੰ ਏਕੇ ਦੇ 'ਰਾਣੀ ਹਾਰ' ਵਿੱਚ ਪਰੋ ਕੇ ਰੱਖਦੀਆਂ। ਉਨ੍ਹਾਂ ਦੇ ਹੁੰਦਿਆਂ ਜ਼ਿੰਦਗੀ ਫ਼ਿਕਰਾਂ ਤੋਂ ਮੁਕਤ ਹੁੰਦੀ। ਅਪਣੱਤ ਦੀ ਠੰਡੀ ਮਿੱਠੀ ਛਾਂ ਹੇਠ ਰਹਿੰਦੀ। ਪਰਿਵਾਰ ਦੇ ਸਾਰੇ ਜੀਆਂ ਨੂੰ ਉਨ੍ਹਾਂ ਤੇ ਰਸ਼ਕ ਹੁੰਦਾ। ਉਨ੍ਹਾਂ ਤੋਂ ਨਿਮਰਤਾ, ਸਹਿਜ ਅਤੇ ਸਬਰ ਜਿਹੇ ਗੁਣ ਗ੍ਰਹਿਣ ਕਰਦੇ। ਸੁੱਖ ਵਿੱਚ ਉਹ ਖ਼ੁਸ਼ੀਆਂ ਵਿੱਚ ਅਨੂਠਾ ਰੰਗ ਭਰਦੀਆਂ। ਦੁੱਖ ਦੀ ਘੜੀ ਵਿੱਚ ਉਹ ਹੌਸਲੇ ਦੀ ਢਾਲ ਬਣਦੀਆਂ।

ਬਦਲ ਰਿਹਾ ਵਕਤ ਰਿਸ਼ਤਿਆਂ ਦੀ ਅਜਿਹੀ ਅਮੁੱਲੀ ਦਾਤ ਤੋਂ ਸੱਖਣਾ ਨਜ਼ਰ ਆਉਂਦਾ ਹੈ। ਰਿਸ਼ਤਿਆਂ ਵਿਚਲੀ ਖਿੰਡ-ਪੁੰਡ ਬੇਚੈਨ ਕਰਦੀ ਹੈ। ਕਈ ਮਹੀਨਿਆਂ ਮਗਰੋਂ ਮਹਾਨਗਰ ਤੋਂ ਪਿੰਡ ਪਰਤੀ ਮਾਸੀ ਦਾ ਮਿਲਣ ਲਈ ਸੁਨੇਹਾ ਅਪਣੱਤ ਦੀ ਫੁਹਾਰ ਜਿਹਾ ਜਾਪਿਆ। ਅਗਲੇ ਹੀ ਦਿਨ ਮਾਸੀ ਦੇ ਬੂਹੇ 'ਤੇ ਜਾ ਦਸਤਕ ਦਿੱਤੀ। ਮਾਸੀ ਦੇ ਕਲਾਵੇ ਮਾਂ ਦੀ ਮਮਤਾ ਜਿਹਾ ਨਿੱਘ ਸੀ। ਪਿੰਡ ਦੇ ਸਾਫ਼ ਸੁਥਰੇ ਛੋਟੇ ਘਰ ਵਿੱਚ ਬੈਠੀ ਮਾਸੀ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਸੀ। ਦੁੱਧ ਚਿੱਟੇ ਵਾਲ, ਚਿਹਰੇ 'ਤੇ ਸਕੂਨ ਅਤੇ ਅੱਖਾਂ ਵਿੱਚ ਖ਼ੁਸ਼ੀ ਦਾ ਨੂਰ ਉਸ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਾਉਂਦਾ ਜਾਪਿਆ।

ਧੀਏ, ਕਈ ਮਹੀਨਿਆਂ ਬਾਅਦ ਪਰਸੋਂ ਦਾ ਜਦੋਂ ਪਿੰਡ ਦੀ ਜੂਹ ਵਿੱਚ ਪੈਰ ਧਰਿਆ ਹੈ, ਹਰ ਪਲ ਚੈਨ ਤੇ ਖ਼ੁਸ਼ੀ ਨਾਲ ਬੀਤ ਰਿਹਾ। ਘਰੇ ਮਿਲਣ ਗਿਲਣ ਆਉਣ ਵਾਲੀਆਂ ਧੀਆਂ, ਭੈਣਾਂ ਤੋਂ ਮੇਰੇ ਪਿੰਡ ਆਉਣ ਦਾ ਚਾਅ ਨਹੀਂ ਚੁੱਕਿਆ ਜਾਂਦਾ। ਸਾਰਾ ਸ਼ਰੀਕਾ ਕਬੀਲਾ ਮਿਲ ਕੇ ਗਿਐ। ਕਹਿੰਦੇ ਭਾਗਾਂ ਵਾਲੀ ਐਂ ਤੂੰ, ਜਿਹੜੀ ਪੁੱਤ-ਨੂੰਹ ਨਾਲ ਵੱਡੇ ਸ਼ਹਿਰ ਵਿੱਚ ਸੁੱਖ ਮਾਣਦੀ ਐਂ। ਤੈਨੂੰ ਤਾਂ ਭਲੀ-ਭਾਂਤ ਪਤੈ ਕਿ ਵੱਡੇ ਸ਼ਹਿਰਾਂ ਵਿੱਚ ਜ਼ਿੰਦਗੀ ਕਿਹੜੇ ਰੁਖ ਬੈਠਦੀ ਐ। ਆਹ ਪਿੰਡ ਵਾਲਾ ਸੁੱਖ, ਚੈਨ ਤੇ ਮੇਲ-ਮਿਲਾਪ ਤਾਂ ਇੱਥੇ ਹੀ ਨਸੀਬ ਹੁੰਦਾ।

ਧੀਏ, ਤੇਰੇ ਮਾਸੜ ਜੀ ਜਿਊਂਦੇ ਹੁੰਦੇ ਤਾਂ ਮੈਂ ਪੁੱਤ-ਨੂੰਹ ਨਾਲ ਸ਼ਹਿਰ ਕਾਹਤੋਂ ਜਾਂਦੀ। ਹੁਣ ਵਕਤ ਬਦਲ ਗਿਆ ਹੈ। ਆਪਣੇ ਧੀ-ਪੁੱਤ ਦੀ ਇੱਛਾ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਤੇਰਾ ਵੀਰਾ ਕਹਿੰਦਾ, 'ਹੁਣ ਮੁਕਾਬਲੇ ਦਾ ਯੁੱਗ ਐ। ਬੱਚਿਆਂ ਨੂੰ ਕਿਸੇ ਤਣ ਪੱਤਣ ਲਾਉਣ ਲਈ ਵੱਡੇ ਸ਼ਹਿਰ ਪੜ੍ਹਾਏ ਬਿਨਾਂ ਨਹੀਂ ਸਰਨਾ'। ਦੋਵੇਂ ਬੱਚੇ ਚੰਗੇ ਅੰਗਰੇਜ਼ੀ ਸਕੂਲ ਪੜ੍ਹਦੇ ਹਨ। ਉਹ ਵਕਤ ਸਿਰ ਪੜ੍ਹਾਈ ਲਈ ਘਰੋਂ ਤੁਰ ਜਾਂਦੇ ਹਨ। ਇਹ ਦੋਵੇਂ ਜੀਅ ਵੀ ਆਪੋ-ਆਪਣੀ ਡਿਊਟੀ 'ਤੇ ਚਲੇ ਜਾਂਦੇ ਹਨ। ਘਰ ਦਾ ਕੰਮ ਕਾਰ ਕਰਨ ਦੀ ਆਦਤ ਮੈਨੂੰ ਰਾਸ ਆ ਗਈ ਹੈ। ਘਰ ਦੇ ਛੋਟੇ-ਮੋਟੇ ਕੰਮ ਕਰਦਿਆਂ ਵਕਤ ਬੀਤ ਜਾਂਦਾ ਹੈ। ਨਹੀਂ ਤਾਂ ਸ਼ਹਿਰਾਂ ਵਿੱਚ ਘਰ ਵਿਹਲੇ ਰਹਿਣਾ ਵੀ ਸਜ਼ਾ ਬਰਾਬਰ ਹੀ ਹੁੰਦਾ।

ਜਿਊਣ ਲਈ ਬੰਦੇ ਨੂੰ ਹਾਲਾਤਾਂ ਨਾਲ ਵੀ ਸਿੱਝਣਾ ਪੈਂਦਾ। ਵਕਤ ਅਨੁਸਾਰ ਢਲਣਾ ਵੀ ਜ਼ਿੰਦਗੀ ਦੀ ਪ੍ਰੀਖਿਆ ਹੁੰਦੀ ਹੈ। ਰਾਜਧਾਨੀ ਨਾਲ ਲੱਗਦੇ ਸ਼ਹਿਰ ਵਿੱਚ ਸੁੱਖ ਸਹੂਲਤਾਂ ਦਾ ਕੋਈ ਅੰਤ ਨਹੀਂ। ਸਾਫ਼ ਸੁਥਰੀਆਂ ਕਾਲੀਆਂ ਸਿਆਹ ਸੜਕਾਂ। ਹਰੇ-ਭਰੇ ਰੁੱਖਾਂ ਤੇ ਕਲੋਲਾਂ ਕਰਦੇ ਪੰਛੀ ਜਿਨ੍ਹਾਂ ਦੀ ਉਡਾਣ ਵਿੱਚ ਜਿਊਣ ਦੀ ਤਾਂਘ ਨਜ਼ਰ ਆਉਂਦੀ। ਹਰੇਕ ਸੈਕਟਰ ਵਿੱਚ ਘੁੰਮਣ ਸੈਰ ਕਰਨ ਨੂੰ ਪਾਰਕ। ਘਰ ਵਰਤੋਂ ਵਾਲੀ ਹਰੇਕ ਚੀਜ਼ ਵਸਤ ਘਰ ਬੈਠਿਆਂ ਹੀ ਮਿਲ ਜਾਂਦੀ ਹੈ। ਬਿਨਾ ਰੁਝੇਵੇਂ ਤੋਂ ਰਹਿਣਾ ਤਾਂ ਬਹੁਤ ਔਖਾ ਹੈ। ਕਿਸੇ ਕੋਲ ਬਹਿਣ, ਜਾਣ ਦਾ ਏਨਾ ਵਕਤ ਨਹੀਂ ਹੁੰਦਾ।

ਬਹੁਤੀ ਉਮਰ ਪਿੰਡ ਵਿੱਚ ਗੁਜ਼ਾਰਨ ਵਾਲੀ ਮਾਸੀ ਨੇ ਸੁੱਖ ਸਹੂਲਤਾਂ ਵਾਲੀ ਜ਼ਿੰਦਗੀ ਦੇ ਖ਼ਾਲੀ ਪੰਨੇ ਵੀ ਦਿਖਾਏ। ਧੀਏ, ਮੈਨੂੰ ਕਦੇ-ਕਦੇ ਇਹ ਔਖ ਬਹੁਤ ਰੜਕਦੀ ਐ। ਹਰੇਕ ਬੱਚੇ, ਨੌਜਵਾਨ, ਮਾਂ-ਬਾਪ ਕੋਲ ਆਪਣਾ ਮੋਬਾਈਲ ਐ। ਉਸੇ ਵਿੱਚ ਉਨ੍ਹਾਂ ਦਾ ਸਭ ਕੁਝ ਸਮੋਇਆ ਹੁੰਦਾ। ਮੋਬਾਈਲ ਦਾ ਉਹ ਭੋਰਾ ਵਿਸਾਹ ਨਹੀਂ ਕਰਦੇ। ਉਨ੍ਹਾਂ ਦੇ ਰਿਸ਼ਤੇ ਨਾਤੇ ਉਸੇ ਵਿੱਚ ਹੀ ਬੰਦ ਨੇ। ਜਦੋਂ ਵੀ ਕੰਮ ਤੋਂ ਫੁਰਸਤ ਮਿਲਦੀ ਹੈ ਤਾਂ ਮੋਬਾਈਲ ਵਿੱਚ ਮਗਨ ਹੋ ਜਾਂਦੇ ਨੇ। ਮਿਲਣ ਗਿਲਣ ਤੇ ਸਾਂਝਾਂ ਦੇ ਪੁਲ ਉਸਾਰਨ ਲਈ ਵਕਤ ਹੀ ਨਹੀਂ ਬਚਦਾ। ਬੱਸ ਇਸ ਸੋਚ ਕੇ ਮਨ ਸਮਝਾ ਲਈਦਾ, 'ਮਨਾ ! ਸਾਰਾ ਕੁਸ਼ ਆਪਣੇ ਅਨੁਸਾਰ ਨਹੀਂ ਹੁੰਦਾ। ਨਾ ਹੀ ਜੀਵਨ ਵਿੱਚ ਸਦਾ ਇੱਕੋ ਜਿਹਾ ਵਕਤ ਰਹਿੰਦਾ ਹੈ'।

ਪਰਿਵਾਰ ਨਾਲ ਕਦੇ ਕਦਾਈਂ ਰੈਸਟੋਰੈਂਟ ਵਿੱਚ ਖਾਣਾ ਖਾਣ ਜਾਣਾ। ਵਿਆਹ, ਮੰਗਣੀ ਦੇ ਖ਼ੁਸ਼ੀ ਦੇ ਮੌਕਿਆਂ ਵਿੱਚ ਸ਼ਾਮਿਲ ਹੋਣਾ। ਨਵੇਂ ਕੰਮ, ਕੋਠੀ ਦੀ ਖ਼ੁਸ਼ੀ ਦੇ ਮੌਕਿਆਂ 'ਤੇ ਜਾਣ ਦਾ ਸਬੱਬ ਬਣਦਾ ਰਹਿੰਦਾ ਹੈ। ਮਹਿੰਗੇ ਤੋਹਫ਼ਿਆਂ ਤੇ ਸ਼ਗਨਾਂ ਦਾ ਲੈਣ-ਦੇਣ ਦੇਖਣ ਵਾਲਿਆਂ ਨੂੰ ਚੰਗਾ ਲਗਦੈ। ਆਪਣੇ ਰਿਸ਼ਤੇਦਾਰਾਂ ਦੀ ਤਰੱਕੀ 'ਤੇ ਰਸ਼ਕ ਵੀ ਹੁੰਦਾ ਹੈ ਪਰ ਰਿਸ਼ਤਿਆਂ ਵਿੱਚ ਦਿਖਾਵੇ ਤੇ ਪੈਸੇ ਨਾਲ ਵੱਡਾ ਹੋਣ ਦੀ ਬਿਰਤੀ ਅੱਖਰਦੀ ਹੈ। ਖ਼ੁਸ਼ੀ ਦੀ ਅਜਿਹੀ ਪਰਤ ਮਨ ਦਾ ਸਕੂਨ ਨਹੀਂ ਬਣਦੀ। ਚਿਹਰਿਆਂ 'ਤੇ ਨੂਰ ਬਣ ਨਹੀਂ ਝਲਕਦੀ। ਬੱਸ, ਨਿੱਜ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ।

ਧੀਏ, ਮੈਂ ਤਾਂ ਆਪਣੀ ਜ਼ਿੰਦਗੀ ਤੇ ਨੌਕਰੀ ਵਿੱਚ ਵਿਚਰਦਿਆਂ ਇੱਕੋ ਸਬਕ ਸਿੱਖਿਆ ਹੈ। ਰਿਸ਼ਤੇ ਪਾਲਣ ਲਈ ਮੇਲ-ਮਿਲਾਪ ਬਣਾ ਕੇ ਰੱਖਣਾ। ਅਪਣੱਤ ਤੇ ਸਨੇਹ ਦਾ ਲੜ ਸਾਂਭ ਕੇ ਚੱਲਣਾ। ਸਾਂਝਾਂ ਨੂੰ ਪੈਸੇ ਨਾਲ ਨਾ ਤੋਲਣਾ। ਛੋਟੇ, ਵੱਡਿਆਂ ਦਾ ਮਾਣ ਸਤਿਕਾਰ ਬਣਾ ਕੇ ਰੱਖਣਾ। ਹਉਮੈ, ਈਰਖਾ ਤੋਂ ਕਿਨਾਰਾ ਕਰਨਾ ਜਿਹੇ ਗੁਣ ਜ਼ਿੰਦਗੀ ਦੇ ਸੁੱਚੇ ਮੋਤੀ ਹਨ। ਇਨ੍ਹਾਂ ਮੋਤੀਆਂ ਨੂੰ ਆਪਣੀ ਬੁੱਕਲ ਵਿੱਚ ਸਾਂਭਣ ਵਾਲੇ ਮਨੁੱਖ ਹੀ ਸਫਲਤਾ, ਖ਼ੁਸ਼ੀ ਤੇ ਸਾਂਝਾਂ ਦਾ ਸੁੱਖ ਮਾਣਦੇ ਹਨ। ਮਾਸੀ ਦੀ ਸੰਗਤ ਮਾਣ ਮੈਂ ਸ਼ਾਮ ਤੱਕ ਘਰ ਪਰਤ ਆਈ।



# ਆਪਣੇ - ਪਰਾਏ

ਲਿਖਤ : ਗੁਰਬਾਜ ਸਿੰਘ, ਸੰਪਰਕ : 98723-34944

ਮੁਖਤਾਰ ਸਿੰਘ ਦਾ ਮੁੰਡਾ ਜਗਜੀਤ ਸਿੰਘ ਤੇ ਨੂੰਹ, ਸਿਮਰਨ ਕੌਰ ਪਿਛਲੇ ਦਸ ਸਾਲ ਤੋਂ ਕਨੇਡਾ ਵਿੱਚ ਪੱਕੇ ਤੌਰ ਤੇ ਰਹਿ ਸਨ। ਉਹਨਾਂ ਦਾ ਇਕ ਜੁਆਕ ਸੀ ਛੇ ਕੁ ਸਾਲ ਦਾ, ਪ੍ਰਿੰਸ। ਮੁਖਤਾਰ ਸਿੰਘ ਆਪ ਭਾਵੇਂ ਆਪਣੇ ਜਮਾਨੇ ਦੀਆਂ ਦਸ ਜਮਾਤਾਂ ਹੀ ਪਾਸ ਸੀ ਪਰ ਅਜੋਕੀ ਲਿਆਕਤ ਤੇ ਡੂੰਘੀ ਸੂਝ-ਬੂਝ ਦਾ ਵੀ ਹਾਣੀ ਸੀ। ਉਸ ਦੀ ਪਤਨੀ ਸੁਖਜੀਤ ਕੌਰ ਪੰਜ ਕੁ ਸਾਲ ਪਹਿਲਾਂ ਗੁਜਰ ਚੁੱਕੀ ਸੀ। ਉਸ ਕੋਲ ਦਸ ਘੁਮਾਂ ਜਮੀਨ ਸੀ ਤੇ ਖੇਤਾਂ ਵਿਚਲੀ ਮਿੱਟੀ ਨਾਲ ਮਿੱਟੀ ਹੋ, ਪੈਸੇ ਜੋੜ-ਜੱਬ ਕੇ ਉਸਨੇ ਆਪਣੇ ਪੁੱਤਰ ਨੂੰ ਪੜਨ ਲਈ ਵਿਦੇਸ਼ ਭੇਜਿਆ ਸੀ। ਉਸ ਦੇ ਪੁੱਤਰ-ਨੂੰਹ ਉਸ ਨੂੰ ਮਿਲਣ ਲਈ ਵਰਿਆਂ ਬਾਦ ਪੰਜਾਬ ਆਉਂਦੇ ਸਨ ਪਰ ਇਸ ਵਾਰ ਪੁੱਤ ਦੇ ਕਹਿਣ ਤੇ ਜੋਰ ਦੇਣ ਕਾਰਨ ਉਹ ਕਨੇਡਾ ਆਉਣ ਲਈ ਰਾਜੀ ਹੋ ਗਿਆ ਸੀ। ਉਹ ਬੜੇ ਚਾਵਾਂ ਨਾਲ ਵਿਦੇਸ਼ ਆਪਣੇ ਨੂੰਹ-ਪੁੱਤ ਤੇ ਪੋਤਰੇ ਨੂੰ ਮਿਲਣ ਲਈ ਪਹਿਲੀ ਵਾਰ ਆਇਆ ਸੀ। ਉਸ ਦੇ ਪੁੱਤਰ ਨੇ ਕਨੇਡਾ ਦਾ ਵੀਜਾ ਤੇ ਟਿਕਟ ਭੇਜ ਕੇ ਉਸ ਨੂੰ ਬੁਲਾਇਆ ਸੀ ਆਪਣੇ ਕੋਲ ਕੁਝ ਦਿਨ ਰਹਿਣ ਲਈ।

ਮੁਖਤਾਰ ਸਿੰਘ ਦਿੱਲੀ ਏਅਰਪੋਟ ਤੋਂ ਜਹਾਜ ਵਿਚ ਬਹਿਣ ਤੋਂ ਹੀ ਨੂੰਹ-ਪੁੱਤ ਤੇ ਪੋਤਰੇ ਨੂੰ ਮਿਲਣ ਦੇ ਚਾਅ ਤੇ ਕਨੇਡਾ ਵਰਗੇ ਖੂਬਸੂਰਤ ਦੇਸ਼ ਘੁੰਮਣ ਨੂੰ ਲੈ ਕੇ ਮਨ ਵਿਚ ਵੰਨ-ਸੁਵੰਨੇ ਚਾਅ ਤੇ ਖੂਬਸੂਰਤੀ ਨਾਲ ਭਰੇ ਕਲਪਨਾਮਈ ਦ੍ਰਿਸ਼ਾਂ ਨਾਲ ਮਨ ਹੀ ਮਨ ਖੁਸ਼ੀ ਨਾਲ ਗਲ ਤੱਕ ਭਰਿਆ ਪਿਆ ਸੀ। ਕਾਫੀ ਘੰਟਿਆਂ ਦੇ ਲੰਮੇ ਸਫਰ ਅਤੇ ਨੂੰਹ-ਪੁੱਤ ਤੇ ਪੋਤਰੇ ਨੂੰ ਮਿਲਣ ਦੇ ਚਾਅ ਨਾਲ ਗੜੁੱਚ ਹੋਇਆ ਅੰਤ ਨੂੰ ਉਹ ਕਨੇਡਾ ਦੇ ਏਅਰਪੋਰਟ ਤੇ ਪਹੁੰਚ ਗਿਆ। ਏਅਰਪੋਰਟ ਤੋਂ ਬਾਹਰ ਆਇਆ ਤਾਂ ਪੁੱਤਰ- ਨੂੰਹ ਨੂੰ ਏਅਰਪੋਰਟ ਤੇ ਲੈਣ ਆਏ ਦੇਖ ਕੇ ਮਨ ਖੁਸ਼ੀ ਨਾਲ ਭਰ ਗਿਆ। ਦੋਹਾਂ ਨੂੰ ਧਾਹ ਗਲਵਕੜੀ ਪਾਈ। ਗਲੇ ਮਿਲ ਕੇ ਉਸ ਨੂੰ ਅੰਤਾਂ ਦਾ ਸਕੂਨ ਮਿਲਿਆ। ਏਅਰਪੋਰਟ ਤੋਂ ਨਾਲ ਲੈ ਕੇ ਉਸ ਦਾ ਪੁੱਤ ਘਰ ਨੂੰ ਤੁਰ ਪਿਆ। ਘਰ ਨੂੰ ਜਾਂਦਿਆਂ ਸੜਕੀ ਮਾਰਗ ਤੇ ਤੇਜ ਤਰਾਰ ਚੱਲਦੀਆਂ ਗੱਡੀਆਂ, ਹਰਿਆਲੀ ਨਾਲ ਭਰੇ ਪਾਰਕ, ਖੂਬਸੂਰਤ ਲੋਕ, ਉੱਚੀਆਂ ਗਗਨਚੁੰਬੀ ਇਮਾਰਤਾਂ ਤੇ ਰੰਗੀਨ ਦੁਨੀਆਂ ਉਸਦੇ ਦਿਲੋ ਦਿਮਾਗ ਵਿੱਚ ਇਕ ਵੱਖਰਾ ਹੀ ਸੰਸਾਰ ਸਿਰਜ ਰਹੇ ਸਨ। ਉਸ ਕੋਲੋ ਰਿਹਾ ਨਾ ਗਿਆ ਤੇ ਉਹ ਬੋਲ ਉੱਠਿਆ, "ਪੁੱਤਰਾ, ਆਨੰਦ ਆ ਗਿਆ, ਬੱਲੇ, ਬੱਲੇ ਏਨੀਆਂ ਉੱਚੀਆਂ ਅਸਮਾਨੀ ਸਿਰ ਲਾਉਂਦੀਆਂ ਬਿਲਡਿੰਗਾਂ, ਹਰੇ-ਹਰੇ ਰੁੱਖ ਤੇ ਘਾਹ ਦੇ ਮੈਦਾਨ, ਵਈ.. ਏਹ ਤਾਂ ਸੁਰਗ ਹੈ ਸੁਰਗ।" ਉਸ ਦਾ ਪੁੱਤਰ ਹੱਸਿਆ, " ਹਾਹਾ.. ਹਾਂਜੀ ਡੈਡੀ ਜੀ, ਤੁਸੀਂ ਵੇਖਿਓ ਕਿਤੇ ਏਥੇ ਹੀ ਸੜਕ ਨੇੜੇ ਹੀ ਡੰਗਰ ਨਾ ਚਰਾਉਣ ਬੈਠ ਜਾਇਓ... ਹਾ..ਹਾ..ਸਾਰੇ ਖੂਬ ਹੱਸਦੇ ਨੇ।" ਚਲੋ ਖੈਰ, ਘਰ ਪਹੁੰਚਦੇ ਨੇ, ਆਪਣੇ ਪੁੱਤ ਦਾ ਘਰ ਵੇਖ ਉਸਨੂੰ ਬਹੁਤ ਖੁਸ਼ੀ ਤੇ ਸਕੂਨ ਮਿਲਿਆ। ਆਲੀਸ਼ਾਨ ਘਰ ਦੇ ਗੇਟ ਦੇ ਸਾਮਣੇ ਪਹੁੰਚ ਉਸ ਸਭ ਤੋਂ ਪਹਿਲਾ ਸਵਾਲ ਕੀਤਾ, “ ਜੱਗੇ ਪੁੱਤ, ਇਹ ਘਰ ਤੇਰਾ ਆਪਣਾ ਹੈ ਨਾ? “ "ਹਾਂਜੀ..ਹਾਂਜੀ ਡੈਡੀ ਜੀ, ਮੇਰਾ ਹੀ ਹੈ ਜੀ..ਤੁਹਾਡੇ ਪੁੱਤ ਦਾ।" ਉਸ ਦਾ ਪੁੱਤ ਬੋਲਿਆ। ਇਹ ਸੁਣ ਉਸ ਦਾ ਸੀਨਾ ਮਾਣ ਨਾਲ ਚੌੜਾ ਹੋ ਗਿਆ। ਹਵਾਈ ਸਫਰ ਤੋਂ ਥੱਕੇ ਆ, ਓਸ ਪੁੱਤ ਘਰ ਆ ਚਾਹ-ਪਾਣੀ ਪੀਤਾ। ਛੇਤੀ ਹੀ ਵੰਨ-ਸਵੰਨੇ ਖਾਣੇ ਤੇ ਮਹਿੰਗੀ ਸ਼ਰਾਬ ਮੇਜ ਉਪਰ ਸੱਜ ਗਏ। ਨੂੰਹ-ਪੁੱਤ ਨੇ ਖੂਬ ਸੇਵਾ ਕੀਤੀ। ਉਸ ਨੂੰ ਬੜਾ ਵਧਿਆ ਲੱਗਿਆ। ਪੋਤਰਾ ਉਸ ਕੋਲੋ ਸੰਗਣ ਕਾਰਨ ਅਜੇ ਭੇਤੀ ਨਹੀ ਹੋ ਰਿਹਾ ਸੀ। ਪਹਿਲੇ ਹੀ ਦਿਨ ਉਸ ਦੇ ਪੁੱਤ ਨੇ ਉਸ ਨੂੰ ਰਾਤ ਨੂੰ ਸ਼ਹਿਰ ਦੀਆਂ ਮੁੱਖ ਥਾਵਾਂ ਤੇ ਘੁਮਾਇਆ ਤੇ ਫੇਰ ਐਤਵਾਰ ਨੂੰ ਘੁਮਾਉਣ ਲਈ ਮਿੱਥ ਲਿਆ। ਉਸ ਨੇ ਆਪਣੇ ਨੂੰਹ-ਪੁੱਤ ਦੇ ਇਕ ਦੂਜੇ ਨੂੰ ਸੰਬੋਧਨ ਕਰਦੇ ਨਾਵਾਂ ਤੋਂ ਭਾਂਪ ਲਿਆ ਸੀ ਕਿ ਵਿਦੇਸ਼ੀ ਧਰਤੀ ਤੇ ਇੱਥੋਂ ਦੇ ਸਭਿਆਚਾਰ ਵਿੱਚ ਉਸਦਾ ਪੁੱਤ ਹੁਣ ਜਗਜੀਤ ਸਿੰਘ ਤੋਂ ਜੈਗ, ਤੇ ਨੂੰਹ ਸਿਮਰਨ ਕੌਰ ਤੋਂ ਸਿੰਮ ਬਣਰ ਗਏ ਸਨ। ਉਸ ਦਾ ਪੁੱਤ ਇਕ ਪਰਾਈਵੇਟ ਕੰਪਨੀ ਵਿੱਚ ਡਿਸਪੈਚਰ ਦਾ ਕੰਮ ਕਰਦਾ ਸੀ ਤੇ ਨੂੰਹ ਸਿਮਰਨ ਕਿਸੇ ਫੈਕਟਰੀ ਵਿੱਚ ਸੁਪਰਵਾਇਜਰ ਲੱਗੀ ਸੀ ਜਿਸਦਾ ਉਪਰਾ ਜਿਹਾ ਅੰਗਰੇਜੀ ਵਿੱਚ ਨਾਮ ਸੀ ਕੋਈ।

ਨੂੰਹ-ਪੱਤ ਕੋਲ ਰਹਿੰਦੇ ਉਸਦਾ ਦਿਲ ਤੇ ਦਿਮਾਗ ਸ਼ਾਇਦ ਵਿਦੇਸ਼ੀ ਧਰਤ ਨੂੰ ਸਵੀਕਾਰ ਜਿਹਾ ਨਹੀ ਕਰ ਰਿਹਾ ਸੀ। ਉਸ ਨੂੰ ਇਕ ਹਫਤਾ ਹੋਣ ਜਾ ਰਿਹਾ ਸੀ, ਦੋਵੇਂ ਪਤੀ ਪਤਨੀ ਸਵੇਰੇ ਜਲਦੀ ਜਾਗਦੇ ਤੇ ਆਪੋ-ਆਪਣੇ ਕੰਮਾਂ ਤੇ ਚਲੇ ਜਾਂਦੇ। ਮੁਖਤਾਰ ਸਿੰਘ ਉਡੀਕਦਾ ਹੀ ਰਹਿ ਜਾਂਦਾ ਸੀ ਕਿ ਸ਼ਾਇਦ ਅੱਜ ਉਸਦਾ ਪੱਤਰ ਨੂੰਹ ਉਸਨੂੰ ਫਤਿਹ ਬੁਲਾਉਣ ਲਈ ਸ਼ਾਇਦ ਉਸਦੇ ਕਮਰੇ ਵਿੱਚ ਵੀ ਆਉਣਗੇ। ਕਈ ਵਾਰ ਤਾਂ ਉਹ ਠਾਣ ਕੇ ਬਥੇਰਾ ਸਵੇਰੇ ਉੱਠਣ ਦੀ ਕੋਸ਼ਿਸ਼ ਵਿਚ ਰਹਿੰਦਾ ਪਰ ਸ਼ਿਫਟਾਂ ਦੀ ਨੌਕਰੀ ਹੋਣ ਕਾਰਨ ਉਸਦਾ ਪੁੱਤ ਨੂੰਹ ਜਲਦੀ ਰਵਾਨਾ ਹੋ ਜਾਂਦੇ। ਉਸਦੀ ਨੂੰਹ ਦੀ ਸ਼ਿਫਟ ਦੁਪਹਿਰ ਤੋਂ ਬਾਦ ਖਤਮ ਹੋ ਜਾਂਦੀ ਸੀ। ਜਿਸ ਤੋਂ ਬਾਦ ਉਹ ਰਸਤੇ ਦੇ ਸਕੂਲ ਤੋਂ ਪੋਤਰੇ ਪ੍ਰਿੰਸ ਨੂੰ ਨਾਲ ਘਰੇ ਲੈ ਆਉਂਦੀ ਸੀ।

ਪੁੱਤਰ ਨੂੰਹ ਦੇ ਆਪਣੇ ਕੰਮ ਤੇ ਜਾਣ ਉਪਰੰਤ ਮੁਖਤਾਰ ਸਿੰਘ ਦੇ ਚੇਹਰੇ ਦੇ ਭਾਵ ਤੇ ਮਨ ਚ ’ ਉੱਠਦੇ ਸਵਾਲ ਜਿਉਂ ਦੇ ਤਿਉਂ ਧਰੇ ਧਰਾਏ ਰਹਿ ਜਾਂਦੇ ਸਨ। ਉਹ ਬਥੇਰਾ ਆਪਣੇ ਪੋਤਰੇ ਪ੍ਰਿੰਸ ਨਾਲ ਤੇ ਵਿਦੇਸ਼ੀ ਧਰਤ ਦੀ ਖੂਬਸੂਰਤੀ, ਆਬੋ-ਹਵਾ ਨਾਲ ਘੁਲਣ-ਮਿਲਣ ਤੇ ਗਲੇ ਲਾਉਣ ਦੀ ਕੋਂਸ਼ਿਸ਼ ਕਰ ਰਿਹਾ ਸੀ। ਪਰ ਉਸ ਨੂੰ ਪਤਾ ਨਹੀ ਕਿਹੜੀ ਖਿੱਚ -ਚਿੰਤਾ ਅੰਦਰੋਂ ਹੀ ਅੰਦਰ ਪਰੇਸ਼ਾਨ ਕਰ ਰਹੀ ਸੀ ਜਿਸਦੀ ਉਸ ਨੂੰ ਖੁਦ ਨੂੰ ਕੋਈ ਖਬਰ ਨਹੀ ਸੀ। ਮੁਖਤਾਰ ਸਿੰਘ ਨੇ ਅੱਜ ਦਿਲ ਵੱਡਾ ਕਰਕੇ ਦਫਤਰ ਜਾਣ ਲੱਗੇ ਆਪਣੇ ਪੁੱਤ ਨੂੰ ਕਹਿ ਹੀ ਦਿੱਤਾ ਸੀ, “ ਜੱਗੇ, ਪੁੱਤ ਮੇਰਾ ਦਿਲ ਨਹੀ ਲੱਗ ਰਿਹਾ। ” ਜਗਜੀਤ ਸਿੰਘ ਦਾ ਚੇਹਰੇ ਦਾ ਰੰਗ ਫੱਕ ਹੋ ਗਿਆ, "ਕਿਊਂ..?? ਕੀ ਹੋਇਆ ਡੈਡੀ ਜੀ, ਦਿਲ ਨਹੀ ਲੱਗ ਰਿਹਾ। ਕੀ ਹੋ ਗਿਆ ? ਸਿਮ ਨੇ ਕੁਝ ਕਿਹਾ ਜਾਂ ਪ੍ਰਿੰਸ ਨੇ ਸਤਾਇਆ ! " " ਨਹੀ, ਨਹੀ ਕਿਸੇ ਨੇ ਕੁਝ ਨਹੀ ਕਿਹਾ, ਬਸ..। " ਅਜੇ ਕੁਝ ਦੇਰ ਚੁੱਪ ਰਹਿ ਕੇ ਮੁਖਤਾਰ ਸਿੰਘ ਕੁਝ ਹੋਰ ਬੋਲਣ ਹੀ ਲੱਗਾ ਸੀ ਕਿ ਜਗਜੀਤ ਸਿੰਘ ਨੇ ਕਿਹਾ, “ ਪਿਤਾ ਜੀ ਬਾਕੀ ਗੱਲ ਸ਼ਾਮ ਨੂੰ ਕਰਦੇ ਹਾਂ, ਮੈਂ ਲੇਟ ਹੋ ਰਿਹਾ ਹਾਂ।“ ਇਹ ਕਹਿ ਕੇ ਉਹ ਗੱਡੀ ਲੈ ਕੇ ਦਫਤਰ ਨੂੰ ਹਨੇਰੀ ਹੋ ਗਿਆ। ਇੰਨੇ ਨੂੰ ਨੂੰਹ ਸਿਮਰਨ ਆਈ ਤੇ ਬੋਲੀ, "ਡੈਡੀ ਜੀ, ਮੈਂ ਦਫਤਰ ਲਈ ਨਿਕਲ ਰਹੀ ਹਾਂ, ਪ੍ਰਿੰਸ ਦੇ ਖਿਆਲ ਰੱਖਣ ਲਈ ਅੱਜ ਨੈਨੀ ਨਹੀਂ ਆਏਗੀ, ਕੁਝ ਦਿਨ ਛੁੱਟੀ ਤੇ ਹੈ ਆਪਣੇ ਪਰਿਵਾਰ ਕੋਲ ਜਾ ਰਹੀ ਹੈ। ਉਸ ਦੇ ਪਿਤਾ ਜੀ ਠੀਕ ਨਹੀ। ਸੋ ਡੈਡੀ ਜੀ ਹੁਣ ਤੁਸੀਂ ਖਿਆਲ ਰੱਖਣਾ ਪ੍ਰਿੰਸ ਦਾ ਤੇ ਖਾਣਾ ਫਰਿਜ ਵਿਚ ਰੱਖ ਦਿੱਤਾ ਹੈ, ਗਰਮ ਕਰਕੇ ਖਾ ਲੈਣਾ। "ਇੰਨਾ ਕੁਝ ਕਹਿਣ ਉਪਰੰਤ ਉਸਦੀ ਨੂੰਹ ਵੀ ਆਪਣੀ ਗੱਡੀ ਲੈ ਆਪਣੀ ਰੋਜਾਨਾ ਡਿਊਟੀ ਲਈ ਫੈਕਟਰੀ ਨੂੰ ਨਿਕਲ ਗਈ। ਹੁਣ ਸਿਰਫ ਘਰ, ਪ੍ਰਿੰਸ ਤੇ ਮੁਖਤਾਰ ਸਿੰਘ ਇਕੱਲੇ ਰਹਿ ਗਏ ਸਨ। ਕਹਿਣ ਨੂੰ ਤਾਂ ਉਹ ਤਿੰਨ ਸਨ ਪਰ ਮੁਖਤਾਰ ਨੂੰ ਆਪਣਾ ਆਪ ਕੱਲਮ ਕੱਲੀ ਕੋਈ ਪੱਥਰ ਦੀ ਮੂਰਤੀ ਜਿਹਾ ਲੱਗ ਰਿਹਾ ਸੀ, ਜੋ ਨਾ ਤਾਂ ਕਿਸੇ ਨੂੰ ਆਪਣੇ ਦਿਲ ਦੀ ਗੱਲ ਕਹਿ ਸਕਦੀ ਸੀ ਤੇ ਨਾ ਹੀ ਚੁੱਪ ਰਹਿ ਸਕਦੀ ਸੀ, ਬਸ ਵੇਖੀ ਜਾ ਰਹੀ ਸੀ। ਉਹ ਉਦਾਸ ਸੋਚ ਰਿਹਾ ਸੀ ਕਿ ਨੈਨੀ ਦਾ ਪਿਤਾ ਠੀਕ ਨਹੀਂ ਉਹ ਉਸ ਦਾ ਪਤਾ ਲੈਣ ਜਾ ਰਹੀ ਹੈ ਆਪਣੇ ਪਿਤਾ ਕੋਲ...ਪਰ ਮੇਰੇ ਪੁੱਤ- ਨੂੰਹ ਕੋਲ ਤਾਂ ਮੇਰੇ ਕੋਲ ਬੈਠਣ ਦਾ ਸਮਾਂ ਹੀ ਨਹੀਂ, ਦੁੱਖ ਸੁੱਖ ਦੀ ਗੱਲ ਸਾਂਝੀ ਕਰਨੀ ਤਾਂ ਦੂਰ ਸੀ। ਉੱਤੋਂ ਨਾ ਤਾਂ ਇੱਥੇ ਕੋਈ ਪਿੰਡੋਂ ਉਸਦਾ ਹਮ-ਉਮਰੀ ਆੜੀ ਹੀ ਸੀ... ਪਿੰਡ ਆਲਾ ਜੀਤਾ ਦੋਧੀ, ਮਹਿੰਦਰ ਨੰਬਰਦਾਰ, ਗੁਆਂਢੀ ਕਸ਼ਮੀਰਾ ਤੇ ਸ਼ਿੰਦਾ ਦਫਤਰ ਦਾ ਸਾਥੀ, ਜਿਨਾਂ ਨਾਲ ਆਪਣੇ ਪਿੰਡ ਉਹ ਆਪਣੇ ਸਾਥੀਆਂ ਨਾਲ ਘੜੀ ਹੱਸ ਲੈਂਦਾ ਜਾਂ ਗੱਪ-ਸ਼ੱਪ ਮਾਰਦਾ ਸੀ। ਏਥੇ ਉਹ ਨਾ ਤਾਂ ਘਰ ਰੁੱਕ ਸਕਦਾ ਸੀ ਨਾ ਤਾਂ ਬਾਹਰ ਘੁੰਮ ਸਕਦਾ ਸੀ। ਨਾਂ ਤਾਂ ਇੱਥੇ ਸੱਥਾਂ ਤੇ ਨਾ ਸੱਥਾਂ ਦੀ ਖੁੰਢ-ਚਰਚਾ ਲੱਭਦੀ ਸੀ, ਨਾ ਉਸਨੂੰ ਖੂਹ-ਬੰਬੀਆਂ, ਖਾਲਾਂ ਜਾਂ ਵਾਹਣ, ਸਰੋਂ-ਚਰੀ ਦੇ ਲਹਿਰਾਉਂਦੇ, ਹਵਾ ਨਾਲ ਗੱਲਾਂ ਕਰਦੇ ਖੇਤ, ਨਾ ਉੱਚੇ ਕੱਦ ਦੇ ਕਮਾਦ ਨਜਰੀ ਪੈਂਦੇ ਸਨ। ਇੰਨਾਂ ਸਭ ਚੀਜਾਂ ਨੂੰ ਉਹ ਬਹੁਤ ਯਾਦ ਕਰਦਾ ਸੀ। ਇੰਨਾਂ ਤੋਂ ਬਿਨਾਂ ਉਹ ਲੱਗਦਾ ਸੀ ਜਿਵੇਂ ਦਿਨੋਂ-ਦਿਨੀਂ ਬੁੱਢਾ ਜਾਂ ਬਿਮਾਰ ਹੋ ਰਿਹਾ ਸੀ। ਘਰ ਤੋਂ ਬਾਹਰ ਜਾਂਦਾ ਸੀ ਤਾਂ ਬਾਹਰ ਉਪਰੀ ਦੁਨੀਆਂ ਸੀ, ਉਪਰੇ ਦੇਸ਼ ਦੇ ਉਪਰੇ ਕਾਨੂੰਨ, ਅਸੂਲ ਸਨ। ਏਥੇ ਤਾਂ ਹਰ ਕੋਈ ਬਿਜੀ ਸੀ ਆਪਣੇ ਹੀ ਕੰਮ-ਕਾਰ ਵਿੱਚ ਜਿਵੇਂ ਕੋਈ ਅਨੋਖੀ ਭੱਜ-ਦੌੜ ਲੱਗੀ ਹੋਵੇ ਤੇ ਕਾਰਨ ਵੀ ਪਤਾ ਨਾ ਹੋਵੇ ਕਿਉਂ ਲੋਕ ਭੱਜੇ ਜਾ ਰਹੇ ਹੋਣ, ਕੋਈ ਕਿਸੇ ਲਈ ਨਹੀ ਰੁੱਕਦਾ ਸੀ। ਸਿਰਫ ਪੈਦਲ ਹੀ ਨਹੀਂ ਸਗੋਂ ਗੱਡੀਆਂ ਵਾਲੇ ਵੀ ਨਹੀ ਰੁੱਕਦੇ ਸਨ। ਸਭ ਇੱਕ ਦੂਜੇ ਤੋਂ ਅਨਜਾਣ ਬਿਲਕੁਲ ਬੇਪਛਾਨੇ ਚਿਹਰੇ ਸਨ। ਉਸ ਦਾ ਆਪਣਾ ਆਪ ਉਸ ਨੂੰ ਕਿਸੇ ਛੱਪੜ ਦੇ ਪਾਣੀ ਦੀ ਤਰਾਂ ਬੇਹਾ ਤੇ ਦਿਨੋਂ ਦਿਨ ਬੋ-ਮਾਰਦਾ ਹੁੰਦਾ ਭਾਸ ਰਿਹਾ ਸੀ। ਉਸ ਦਾ ਮਨ ਉੱਪਰ ਤੱਕ ਭਰਿਆ ਪਿਆ ਸੀ। ਉਸ ਦੀ ਰੂਹ ਕਿਸੇ ਨਾਲ ਗੱਲਾਂ ਸਾਂਝੀਆਂ ਕਰਨ ਨੂੰ ਤਰਸ ਰਹੀ ਸੀ। ਘਰ ਦਾ ਸੰਨਾਟਾ, ਉਪਰੀ ਹਵਾ ਤੇ ਸਭਿਆਚਾਰ ਉਸ ਨੂੰ ਕਿਸੇ ਮੋਟੇ ਰੱਸੇ ਵਿਚ ਬੰਨ ਕੇ ਨੂੜ ਰਹੇ ਪ੍ਰਤੀਤ ਹੋ ਰਹੇ ਸਨ। ਜੇ ਸੌਣਾ ਚਾਹੁੰਦਾ ਸੀ ਤਾਂ ਨੀਂਦ ਨਹੀ ਆਉਂਦੀ ਸੀ ਜੇ ਜਾਗਿਆ ਫਿਰਦਾ ਤਾਂ ਮਨ ਨਹੀ ਲੱਗ ਰਿਹਾ ਸੀ। ਟੀ.ਵੀ ਅੱਗੇ ਬੈਠਦੇ ਨੂੰ ਪੋਤਰੇ ਨਾਲ ਜਬਰੀ ਕਾਰਟੂਨ ਦੇਖਣੇ ਪੈਂਦੇ ਸਨ, ਪੋਤਰਾ ਹੱਸਦਾ ਸੀ ਤੇ ਉਸ ਨਾਲ ਸਾਥ ਦੇਣ ਲਈ ਨਕਲੀ ਹਾਸਾ ਉਸ ਨੂੰ ਆਉਂਦਾ ਨਹੀ ਸੀ। ਦੁਪਹਿਰ ਨੂੰ ਭੁੱਖ ਲੱਗਦੀ ਤਾਂ ਉਹ ਠੰਡਾ ਖਾਣਾ ਹੀ ਖਾ ਲੈਂਦਾ ਸੀ। ਗਰਮ ਕਰਨ ਦੀ ਉਸਦੀ ਇੱਛਾ ਹੀ ਖਤਮ ਹੋ ਗਈ ਸੀ ਉਪਰੋਂ ਏਧਰ ਦੀਆਂ ਖਾਣਾ ਗਰਮ, ਪਾਣੀ ਗਰਮ, ਏਸੀ, ਕੂਲਰ ਤੇ ਗੀਜਰ ਜਿਹੀਆਂ ਆਧੁਨਿਕ ਮਸ਼ੀਨਾਂ ਨੂੰ ਚਲਾਉਣ ਤੋਂ ਉਸ ਨੂੰ ਡਰ ਜਿਹਾ ਲੱਗਦਾ ਸੀ ਕਿ ਕਿਤੇ ਕੋਈ ਚੀਜ ਖਰਾਬ ਨਾ ਹੋ ਜਾਵੇ। ਉਸ ਨੂੰ ਤਾਂ ਪਿੰਡ ਹੀ ਚੰਗਾ ਲੱਗਦਾ ਸੀ ਜੋ ਉਸ ਨੂੰ ਆਪਣਾ ਲੱਗਦਾ ਸੀ ਹਰ ਕੋਈ ਸਕਿਆਂ ਵਰਗਾ। ਹਰ ਚੀਜ ਬੰਬੀ ਦੀ ਤਰਾਂ ਖੁੱਲਮ-ਖੁੱਲ਼ੀ ਸੀ ਏਥੋਂ ਤੱਕ ਕਿ ਹਵਾ ਤੇ ਚੱਲਣ ਵਾਲੇ ਸਾਹ ਤੇ ਲੋਕਾਂ ਦੇ ਹਾਸੇ-ਦੋਸਤੀਆਂ। ਸ਼ਾਮ ਨੂੰ ਨੂੰਹ-ਪੁੱਤਰ ਆਉਂਦੇ ਤਾਂ ਉਹ ਕੰਮ ਤੋਂ ਥੱਕੇ ਆਉਂਦੇ ਤੇ ਖਾਣਾ ਖਾ ਕੇ ਸੌਂ ਜਾਂਦੇ, ਉਸ ਦਾ ਵੀ ਉਨਾਂ ਨੂੰ ਪਰੇਸ਼ਾਨ ਕਰਨ ਨੂੰ ਦਿਲ ਨਹੀ ਕਰਦਾ ਸੀ। ਉਹ ਉਨਾਂ ਦਾ ਬੂਹਾ ਖੜਕਾਉਣ ਤੋਂ ਬਿਨਾਂ ਹੀ ਮੁੜ ਆਪਣੇ ਕਮਰੇ ਵਿਚ ਆ ਕੇ ਲੰਮੇ ਪੈ ਜਾਂਦਾ ਸੀ। ਨੂੰਹ ਦੁਪਹਿਰ ਨੂੰ ਆ ਕੇ ਆਪਣੇ ਕਮਰੇ ਵਿੱਚ ਪ੍ਰਿੰਸ ਨੂੰ ਲੈ ਕੇ ਚਲੇ ਜਾਂਦੀ ਸੀ। ਜੇ ਕੁਝ ਦੇਂਦੀ ਤਾਂ ਖਾ ਲੈਂਦਾ ਸੀ। ਔਰਤ ਹੋਣ ਕਰਕੇ ਤੇ ਉਪਰੋਂ ਵਿਦੇਸ਼ੀ ਸਭਿਆਚਾਰ ਦੀ ਹੋਣ ਕਾਰਨ ਉਸਦਾ ਨੂੰਹ ਨਾਲ ਜਿਆਂਦਾ ਖੁੱਲਣ ਨੂੰ ਵੀ ਦਿਲ ਨਹੀ ਸੀ ਕਰਦਾ। ਪੁੱਤ ਲੇਟ ਰਾਤ ਨੂੰ ਘਰ ਆਉਂਦਾ ਸੀ ਖਰਚੇ ਪੁਗਾਉਣ ਲਈ ਡਬਲ ਸ਼ਿਫਟਾਂ ਵਿੱਚ ਵੀ ਕੰਮ ਕਰਦਾ ਸੀ। ਉਹ ਦੋਵੇਂ ਤਾਂ ਕਦੇ ਕਦਾਈ ਸਵੇਰੇ ਫਤਹਿ ਬੁਲਾਉਣ ਲਈ ਹੀ ਇਕੱਠੇ ਹੁੰਦੇ ਸਨ। ਘਰ ਆ ਕੇ ਪੁੱਤ-ਨੂੰਹ ਪਾਸ ਉਸ ਕੋਲ ਬੈਠਣ ਦੀ ਵੇਹਲ ਨਹੀ ਹੁੰਦੀ ਸੀ ਤੇ ਸਵੇਰੇ ਉਹਨਾਂ ਨੂੰ ਕੰਮ ਤੇ ਭੱਜਣ ਦੀ ਕਾਹਲੀ ਹੁੰਦੀ ਸੀ। ਉਹ ਘਰ ਵਿਚ ਪਏ ਕਿਸੇ ਵਾਧੂ ਸਮਾਨ ਵਾਂਗਰ ਮਹਿਸੂਸ ਕਰ ਰਿਹਾ ਸੀ। ਜਿਸ ਦੀ ਕਿਸੇ ਨੂੰ ਕੋਈ ਜਰੂਰਤ ਜਾਂ ਚਾਹਤ ਨਹੀ ਸੀ। ਪੰਜਾਬ ਤੋਂ ਆਉਣ ਤੋਂ ਪਹਿਲਾਂ ਉਸ ਦੇ ਮਨ ਵਿੱਚ ਜੋ ਚਾਅ-ਮਲਾਰ ਸਨ ਉਹ ਸਭ ਦਿਲ ਦੇ ਕਿਸੇ ਪੁਰਾਣੇ ਸੰਦੂਕ ਨੁਮਾ ਕੋਨੇ ਵਿੱਚ ਦੱਬ ਕੇ ਰਹਿ ਗਏ ਸਨ।

ਅੱਜ ਐਤਵਾਰ ਦਾ ਦਿਨ ਸੀ ਨੂੰਹ-ਪੁੱਤ ਨੂੰ ਕੰਮ ਤੋਂ ਛੁੱਟੀ ਸੀ, ਉਹ ਸਵੇਰੇ ਕਾਫੀ ਦੇਰ ਤੱਕ ਉਨਾਂ ਦੀ ਉੱਠਣ ਦੀ ਉਡੀਕ ਕਰਦਾ ਰਿਹਾ ਕਿ ਸ਼ਾਇਦ ਉਹ ਆਉਣਗੇ ਪਰ ਦਿਨ ਕਾਫੀ ਚੜ ਚੁੱਕਾ ਸੀ ਤੇ ਉਹ ਆਪ ਹੀ ਉਹਨਾਂ ਦੇ ਕਮਰੇ ਵੱਲ਼ ਨੂੰ ਗਿਆ ਪਰ ਫੇਰ ਉਸਦੇ ਪੈਰ ਭੌਉਂਦੇ ਮੁੜ ਆਏ..ਉਸ ਸੋਚਿਆ ਕਿ ਛੱਡ ਮਨਾਂ ਕੰਮ ਤੋਂ ਵਿਚਾਰੇ ਕਾਫੀ ਥੱਕੇ ਹੋਣਗੇ, ਏਸ ਵੇਲੇ ਉਠਾਉਣਾ ਠੀਕ ਹੈ। ਕਾਫੀ ਦੇਰ ਉਡੀਕ ਤੋਂ ਬਾਅਦ ਉਹ ਘਰ ਤੋਂ ਸੈਰ ਕਰਨ ਨੂੰ ਨਿਕਲ ਪਿਆ ਤੇ ਨਾਲ ਬਿਸਕੁਟ ਦਾ ਪੈਕਟ ਤੇ ਪਾਣੀ ਦੀ ਬੋਤਲ ਲੈ ਤੁਰ ਪਿਆ। ਤੁਰਦਾ-ਤੁਰਦਾ ਕਾਫੀ ਅੱਗੇ ਆ ਗਿਆ। ਅੱਗੇ ਇੱਕ ਪਾਰਕ ਉਸਦੇ ਨਜਰੀਂ ਪਿਆ। ਪਾਰਕ ਵਿੱਚ ਕਾਫੀ ਚਹਿਲ-ਪਹਿਲ ਤੇ ਰੌਣਕ ਭਰਿਆ ਮਾਹੌਲ ਸੀ। ਉਸ ਦਾ ਉਦਾਸਿਆ ਤੇ ਕੁਮਲਾਇਆ ਚੇਹਰਾ ਅਚਾਨਕ ਖੁਸ਼ੀ ਨਾਲ ਭਰ ਗਿਆ। ਕਾਈ ਪਰਿਵਾਰ ਵੱਖ-ਵੱਖ ਗਰੁੱਪਾਂ ਵਿੱਚ ਬੈਠੇ ਸਨ। ਕਾਹਲੇ ਕਾਹਲੇ ਕਦਮਾਂ ਨਾਲ ਪਾਰਕ ਵਿਚ ਵੜ ਗਿਆ। ਅੱਜ ਐਤਵਾਰ ਦੀ ਛੁੱਟੀ ਹੋਣ ਕਾਰਨ ਪਾਰਕ ਵਿਚ ਬਹੁਤ ਸਾਰੇ ਗੋਰੇ ਲੋਕ, ਮਰਦ-ਤੀਵੀਆਂ, ਬਜੁਰਗ ਮਰਦ-ਔਰਤਾਂ, ਬੱਚੇ ਆਏ ਸਨ। ਪਰ ਪੰਜਾਬੀ ਨਾ-ਮਾਤਰ ਹੀ ਸਨ ਜੋ ਆਪਣੇ ਪਰਿਵਾਰਾਂ ਦੇ ਕੋਲ ਬੈਠੇ ਸਨ, ਇਹ ਦੇਖ ਕੇ ਉਹ ਫਿਰ ਉਦਾਸ ਹੋ ਗਿਆ। ਉਸ ਵਾਂਗ ਕੋਈ ਕੱਲਾ-ਕਾਰਾ ਨਹੀਂ ਸੀ ਸਿਰਫ ਉਹੀ ਸੀ ਇਸ ਚਹਿਲ-ਪਹਿਲ ਭਰੇ ਮਾਹੌਲ ਵਿੱਚ ਓਹ ਫੇਰ ਉਦਾਸ ਹੋ ਗਿਆ। ਫੇਰ ਉਹ ਪਾਰਕ ਦੇ ਦੂਜੇ ਪਾਸੇ ਇੱਕ ਖਾਲੀ ਪਏ ਬੈਂਚ ਤੇ ਜਾ ਬੈਠ ਗਿਆ ਤੇ ਨਾਲ ਲਿਆਂਦੇ ਸਲਿੰਗ-ਬੈਗ ਵਿਚ ਰੱਖੇ ਬਿਸਕੁਟ ਤੇ ਪਾਣੀ ਦੀ ਬੋਤਲ ਬਾਹਰ ਕੱਢ ਕੇ ਰੱਖ ਲਈ ਤੇ ਇੱਧਰ-ਉੱਧਰ ਧਿਆਨ ਮਾਰਿਆ ਕਿ ਸ਼ਾਇਦ ਕੋਈ ਉਸ ਨੂੰ ਕੋਈ ਆਪਣੇ ਮੁਲਕ ਦਾ ਪੰਜਾਬੀ ਬਾਸ਼ਿੰਦਾ ਮਿਲ ਜਾਵੇ ਜਿਸ ਕੋਲ ਉਹ ਘੜੀ ਪਲ ਬੈਠ ਸਕੇ ਤੇ ਦਿਲ ਦਿਆਂ ਸਾਂਝੀਆਂ ਕਰ ਸਕੇ।

ਅਚਾਨਕ ਥੋੜੀ ਦੂਰ ਲੋਕਾਂ ਦੇ ਇਕੱਠ ਦੇ ਓਹਲੇ ਪਾਰਕ ਦੀ ਦੂਜੀ ਹਟਵੀਂ ਜਿਹੀ ਨੁੱਕਰ ਵਿੱਚ ਘਾਹ ਤੇ ਬੈਠੀ ਇੱਕ ਔਰਤ ਦਿਸੀ ਜਿਸ ਦੇ ਕੋਲ ਇੱਕ ਛੋਟੀ ਜਿਹੀ ਬੱਚੀ ਖੇਡ ਰਹੀ ਸੀ ਜੋ ਉਸਦੀ ਹਮ-ਉਮਰ ਹੀ ਸੀ। ਭਾਵੇਂ ਥੋੜੇ ਪੱਛਮੀ ਪਹਿਰਾਵੇ ਕਾਰਨ ਉਹ ਔਰਤ ਆਪਣੀ ਉਮਰ ਤੋਂ ਥੋੜੀ ਜਵਾਨ ਲੱਗਦੀ ਸੀ। ਉਹ ਹੌਲੀ-ਹੌਲੀ ਥੋੜੀ ਆਸ ਨਾਲ ਉਸ ਔਰਤ ਦੇ ਨਜਦੀਕ ਕਦੋਂ ਪਹੁੰਚ ਗਿਆ ਪਤਾ ਹੀ ਨਾ ਲੱਗਾ। ਉਹ ਪਹਿਲਾਂ ਤਾਂ ਝੱਕਿਆ ਕਿ ਉਹ ਉਸ ਨਾਲ ਕੀ ਗੱਲ ਕਰੇਗਾ ? ਅੱਗੋਂ ਉਹ ਕੀ ਸੋਚੇਗੀ ? ਅਜੇ ਉਹ ਏਸੇ ਸਵਾਲਾਂ ਜਵਾਬਾਂ ਦੇ ਘੇਰੇ ਵਿਚ ਗੋਤੇ ਖਾ ਹੀ ਰਿਹਾ ਸੀ ਕਿ ਉਹ ਔਰਤ ਖੁਦ ਬੋਲ ਪਈ "ਸਤਿ ਸ੍ਰੀ ਅਕਾਲ ਜੀ।" ਉਸਦਾ ਚੇਹਰਾ ਖਿੜ ਉੱਠਿਆ। ਉਹ ਖੁਸ਼ੀ-ਖੁਸ਼ੀ ਬੋਲਿਆ, "ਸਾ..ਸਾ.. ਸਾਸਰੀ ਕਾਲ ਜੀ, ਸਾਸਰੀ ਕਾਲ ਜੀ"। ਅੰਦਰੋਂ-ਅੰਦਰੀਂ ਉਸ ਦਾ ਮਨ ਖੁਸ਼ ਹੋ ਰਿਹਾ ਸੀ ਕਿ ਚਲੋ ਕੋਈ ਤਾਂ ਪੰਜਾਬੀ ਬੋਲਦਾ ਮਿਲਿਆ-ਸੁਣਿਆ ਏਸ ਅਣਜਾਣੇ ਮੁਲਕ ਵਿੱਚ। ਉਸ ਨੂੰ ਕਾਫੀ ਸਕੂਨ ਮਿਲਿਆ। ਫੇਰ ਹੋਰ ਹੌਸਲਾ ਜਿਹਾ ਕਰਦਿਆਂ ਉਹ ਬੇਝਿਜਕ ਬੋਲਿਆ, "ਜੇ ਤੁਸੀਂ ਬੁਰਾ ਨਾ ਮਨਾਓ ਤਾਂ ਮੈਂ ਇਥੇ ਬੈਠ ਜਾਵਾਂ ਜੀ?, ਮੈਂ ਪਾਰਕ ਵਿਚ ਬੜੀ ਦੇਰ ਤੋਂ ਇਧਰ-ਉਧਰ ਦੇਖ ਰਿਹਾ ਸੀ ਪਰ ਮੈਨੂੰ ਆਪਣਾ ਕੋਈ ਦਿਸ ਨਹੀ ਰਿਹਾ ਸੀ, ਸੋ ਮੈਂ ਤੁਹਾਡੇ ਕੋਲ ਆ ਗਿਆ।" ਉਹ ਬੋਲੀ, "ਹਾਂਜੀ ਹਾਂਜੀ..ਬੈਠੋ..ਬੈਠੋ ਜੀ।" ਉਹ ਬੜਾ ਖੁਸ਼ ਹੋਇਆ ਤੇ ਬੈਠਦਿਆਂ-ਬੈਠਦਿਆਂ ਹੀ ਕਿੰਨੇ ਸਵਾਲ ਕੱਢ ਮਾਰੇ, "ਏਹ ਬੱਚੀ ਬੜੀ ਪਿਆਰੀ ਹੈ, ਪੋਤੀ ਹੈ ਤੁਹਾਡੀ?, ਤੁਸੀ ਕਿੱਥੋਂ ਹੋ ? ਕੀ ਪੰਜਾਬੋਂ ਤੋਂ ਹੋ?," ਉਸਨੇ ਉਤਰ ਦਿੱਤਾ, "ਏਹ ਮੇਰੀ ਦੋਹਤੀ ਹੈ, ਰਾਬੀਆ, ਮੈਨੂੰ ਮਸਾਂ ਪੰਜ ਦਿਨ ਹੀ ਹੋਏ ਨੇ ਏਥੇ ਆਇਆਂ ਨੂੰ, ਅਸੀਂ ਜਲੰਧਰ ਤੋਂ ਹਾਂ।" ਕੁਝ ਦੇਰ ਚੁੱਪ ਰਹਿਣ ਤੋਂ ਬਾਦ ਉਹ ਫੇਰ ਧੀਮੀ ਜਿਹੀ ਆਵਾਜ ਵਿੱਚ ਬੋਲੀ , "ਬੇਟਾ ਮੇਰਾ ਪੰਜ ਸਾਲ ਪਹਿਲਾਂ ਏਧਰ ਸਟੱਡੀ ਬੇਸ ਤੇ ਆਇਆ ਸੀ, ਫੇਰ ਏਧਰ ਹੀ ਉਸ ਨੇ ਵਿਆਹ ਕਰ ਲਿਆ ਤੇ ਏਧਰ ਦਾ ਹੀ ਹੋ ਕੇ ਰਹਿ ਗਿਆ। "ਉਸ ਹੋਰ ਅੱਗੇ ਪੁੱਛਣਾ ਸ਼ੁਰੂ ਕੀਤਾ, "ਫੇਰ ਕਿਵੇਂ ਦਾ ਲੱਗਿਆ ਏਧਰ ਆ ਕੇ, ਪੁੱਤ-ਨੂੰਹ ਕੋਲ?" ਉਹ ਥੋੜੀ ਉਦਾਸ ਜਿਹੇ ਲਹਿਜੇ ਵਿੱਚ ਬੋਲੀ, "ਲੱਗਣਾ ਕਾਹਦਾ, ਨੂੰਹ-ਪੁੱਤ ਨੂੰ ਦੋਹਤੀ ਨੂੰ ਮਿਲ ਕੇ ਖੁਸ਼ ਹੋ ਜਾਣੀ ਹਾਂ, ਪਰ ਜਦੋਂ ਉਹ ਕੰਮ-ਧੰਦੇ ਨੂੰ ਚਲੇ ਜਾਂਦੇ ਨੇ, ਫੇਰ ਮੈਂ ਇਕੱਲੀ ਰਹਿ ਜਾਣੀ ਹਾਂ ਤੇ ਬੋਰ ਹੋਣ ਲੱਗ ਜਾਂਦੀ ਹਾਂ ਤੇ ਕੁਝ ਦਿਨ ਤੋਂ ਪਾਰਕ ਵਿੱਚ ਆ ਰਹੀ ਹਾਂ ਪਰ ਇੱਥੇ ਵੀ ਕੋਈ ਆਪਣਾ ਦਿਸਦਾ ਨਹੀਂ ਸੋ ਇੱਥੇ ਵੀ ਉਹੋ ਬੋਰੀਅਤ ਤੇ ਕੱਲਾਪਣ ਸਤਾਉਣ ਲੱਗ ਜਾਂਦਾ ਹੈ, ਏਥੋਂ ਨਾਲੋਂ ਤਾਂ ਆਪਣਾ ਪਿੰਡ ਹੀ ਸਹੀ ਸੀ, ਪਤੀ ਦੇ ਸਵਰਗਵਾਸ ਤੋਂ ਬਾਦ ਤਾਂ ਬਸ ਪੁੱਤ ਹੀ ਕੋਲ ਸੀ, ਸਭ ਖੁਸ਼ੀਆਂ ਕੋਲ ਸਨ, ਹੁਣ ਤਾਂ ਪੁੱਤ ਵੀ ਕੋਲ ਨਹੀ ਤੇ ਖੁਸ਼ੀ ਵੀ ਨਹੀ, ਨੂੰਹ-ਪੱਤ ਕੰਮਾਂ-ਧੰਦਿਆਂ ਵਿੱਚ ਬਿਜੀ ਰਹਿੰਦੇ ਨੇ ਤੇ ਮੈਂ ਦੋਹਤੀ ਨੂੰ ਸੰਭਾਲਦੀਂ ਰਹਿੰਦੀ ਹਾਂ, ਮਨ ਪਿੱਛੇ ਪਿੰਡ ਵੱਲੇ ਭੱਜਿਆ ਰਹਿੰਦੈਂ ।" ਮੁਖਤਾਰ ਸਿੰਘ ਹੱਸ ਪਿਆ...(ਹਾ..ਹਾਹਾ)..। ਉਹ ਵੀ ਮੁਸਕਰਾਈ ਤੇ ਬੋਲੀ , "ਤੁਸੀਂ ਹੱਸੇ ਕਿਉਂ ?" ਮੁਖਤਾਰ ਸਿੰਘ ਬੋਲਿਆ, "ਹੱਸਿਆ, ਮੈਂ ਏਸ ਕਰਕੇ ਹਾਂ ਕਿ ਤੁਹਾਡਾ ਵੀ ਹਾਲ ਮੇਰੇ ਵਾਲਾ ਹੀ ਐ....ਮੈਂ ਵੀ ਏਹੋ ਜਿਏ ਹਾਲਾਤਾਂ ਵਿੱਚੋਂ ਲੰਘ ਰਿਹਾ ਹਾਂ।" ਹੁਣ ਦੋਵੇਂ ਉੱਚੀ-ਉੱਚੀ ਹੱਸਦੇ ਨੇ.." ..ਹਾਹਾ..।" ਉਸ ਔਰਤ ਨੇ ਘਰੋਂ ਲਿਆਂਦੀ ਚਾਹ ਦੀ ਥਰਮੋਸ ਅੱਗੇ ਵਧਾਈ ਤੇ ਮੁਖਤਾਰ ਸਿੰਘ ਨੇ ਬਿਸਕੁਟਾਂ ਦਾ ਪੈਕਟ ਅੱਗੇ ਵਧਾਇਆ। ਦੋਵੇਂ ਰਲ ਚਾਈਂ-ਚਾਈ ਚਾਹ ਪੀਤੀ ਤੇ ਬਿਸਕੁਟ ਖਾਦੇ। ਲੰਮਾ ਸਮਾਂ ਦੁੱਖ ਸੁੱਖ ਦੀਆਂ ਗੱਲਾਂ ਕਰਦੇ ਨੇ। ਦੋਵਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਸ਼ਾਮ ਤੋਂ ਬਾਦ ਹਨੇਰਾ ਪਸਰਨਾ ਸ਼ੁਰੂ ਹੋ ਗਿਆ। ਦੋਵਾਂ ਨੂੰ ਇੱਕ ਦੂਜੇ ਦਾ ਸਾਥ ਬੜਾ ਚੰਗਾ ਲੱਗਾ। ਅਗਲੇ ਦਿਨ ਫੇਰ ਸ਼ਾਮ ਨੂੰ ਮਿਲਣ ਦਾ ਤੈਅ ਕਰਕੇ ਉਹ ਚਲੇ ਜਾਂਦੇ ਨੇ। ਮੁਖਤਾਰ ਸਿੰਘ ਅੱਜ ਬੜਾ ਖੁਸ਼ ਸੀ ਜਿਵੇਂ ਸਿਰੋਂ ਕੋਈ ਵੱਡਾ ਭਾਰ ਲੱਥ ਗਿਆ ਹੋਵੇ। ਇਨਸਾਨੀ ਹਮਦਰਦੀ ਦੀ ਸਾਂਝ ਕਿੰਨਾ ਸਕੂਨ ਤੇ ਸ਼ਾਂਤੀ ਦਿੰਦੀ ਹੈ ਇਹ ਉਸਦੇ ਚੇਹਰੇ ਦੀ ਖੁਸ਼ੀ ਤੋਂ ਸਾਫ ਝਲਕ ਰਹੀ ਸੀ। ਉਹ ਖੁਸ਼ੀ-ਖੁਸ਼ੀ ਕਦਮ ਪੁੱਟਦਾ ਵਾਪਸ ਘਰ ਨੂੰ ਤੁਰ ਪੈਂਦਾ ਹੈ। ਘਰ ਨੂੰ ਵਾਪਸ ਜਾਂਦਿਆਂ ਉਸ ਨੂੰ ਲੰਮਾ ਪੈਂਡਾ ਵੀ ਬੜਾ ਛੋਟਾ ਲੱਗਾ। ਘਰ ਆ ਕੇ ਕੀ ਵੇਖਦਾ ਹੈ ਕਿ ਉਸਦੇ ਨੂੰਹ-ਪੁੱਤ ਬੜੀ ਹੈਰਾਨੀ ਤੇ ਪਰੇਸ਼ਾਨੀ ਭਰੇ ਭਾਵਾਂ ਨਾਲ ਘਰ ਦੇ ਗੇਟ ਤੇ ਖੜੇ ਉਡੀਕ ਰਹੇ ਸਨ।" ਡੈਡੀ ਜੀ, ਤੁਸੀਂ ਕਿੱਥੇ ਚਲੇ ਗਏ ਸੀ ? ਤੁਹਾਨੂੰ ਪਤਾ ਹੈ ਅਸੀਂ ਕਿੰਨੇ ਪਰੇਸ਼ਾਨ ਸੀ ? ਤੁਹਾਨੂੰ ਘਰ ਵਿੱਚ ਨਾ ਲੱਭ ਕੇ।" ਉਸ ਨੇ ਕੋਲ ਖੜੇ ਪੋਤੇ ਨੂੰ ਚੁੱਕਿਆ, ਘੁੱਟ ਕੇ ਗਲੇ ਲਾ ਕੇ ਬੜੇ ਆਤਮ ਵਿਸ਼ਵਾਸ਼ ਨਾਲ ਬੋਲਿਆ, "ਮੈਨੂੰ ਕੋਈ ਆਪਣਾ ਮਿਲ ਗਿਆ ਸੀ।" ਉਹ ਪੋਤੇ ਨਾਲ ਲਾਡ ਲਡਾਉਂਦਾ ਸਿੱਧਾ ਘਰ ਦੇ ਅੰਦਰ ਚਲਾ ਗਿਆ ਤੇ ਉਸਦੇ ਨੂੰਹ-ਪੁੱਤ ਪਰਾਇਆਂ ਵਾਂਗ ਬੁੱਤ-ਬਣੀ ਖੜੇ ਕਦੇ ਇੱਕ-ਦੂਜੇ ਵੱਲ ਤੇ ਕਦੇ ਮੁਖਤਾਰ ਸਿੰਘ ਨੂੰ ਜਾਂਦਿਆਂ ਵੇਖੀ ਜਾ ਰਹੇ ਸਨ।

# ਕਮਜ਼ੋਰ ਸੱਚਾਈ ਅਤੇ ਮਜ਼ਬੂਤ ਝੂਠਾਂ ਦੀ ਲੜਾਈ



ਲਿਖਤ
ਸੁਰਿੰਦਰਪਾਲ ਸਿੰਘ
ਸ੍ਰੀ ਅਮ੍ਰਿਤਸਰ ਸਾਹਿਬ।

ਮੌਜੂਦਾ ਯੁੱਗ ਵਿੱਚ ਜਾਣਕਾਰੀ ਦਾ ਬਹੁਤ ਵੱਧ ਪ੍ਰਬੰਧ ਹੈ, ਕਮਜ਼ੋਰ ਸੱਚਾਈਆਂ ਅਤੇ ਮਜ਼ਬੂਤ ਝੂਠਾਂ ਦੇ ਵਿਚਕਾਰ ਦੀ ਲੜਾਈ ਸਾਡੇ ਸਮੇਂ ਦੀ ਇੱਕ ਪਰਿਭਾਸ਼ਾ ਬਣ ਗਈ ਹੈ। ਜਿਵੇਂ ਜਾਲੀ ਜਾਣਕਾਰੀ ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਖਬਰਾਂ ਦੇ ਚੈਨਲਾਂ 'ਤੇ ਤੇਜ਼ੀ ਨਾਲ ਫੈਲਦੀ ਹੈ, ਸੱਚ ਅਤੇ ਝੂਠ ਨੂੰ ਪਛਾਣਨਾ ਲੋਕਾਂ ਲਈ ਵੱਡੀ ਚੁਣੌਤੀ ਬਣ ਗਿਆ ਹੈ। ਇਹ ਲੜਾਈ ਨਾ ਸਿਰਫ ਵਿਅਕਤੀਗਤ ਵਿਸ਼ਵਾਸਾਂ ਨੂੰ ਆਕਾਰ ਦਿੰਦੀ ਹੈ, ਸਗੋਂ ਸਮਾਜਿਕ ਨਿਯਮਾਂ, ਰਾਜਨੀਤਿਕ ਦ੍ਰਿਸ਼ਟੀਕੋਣਾਂ ਅਤੇ ਜਨ ਸਿਹਤ ਨੂੰ ਵੀ ਪ੍ਰਭਾਵਿਤ ਕਰਦੀ ਹੈ।

**ਜਾਲੀ ਜਾਣਕਾਰੀ ਦਾ ਉਭਾਰ**

ਜਾਲੀ ਜਾਣਕਾਰੀ ਕੋਈ ਨਵੀਂ ਘਟਨਾ ਨਹੀਂ ਹੈ; ਪ੍ਰੰਤੂ ਡਿਜੀਟਲ ਯੁੱਗ ਨੇ ਇਸਦੀ ਪਹੁੰਚ ਅਤੇ ਪ੍ਰਭਾਵ ਨੂੰ ਵਧਾ ਦਿੱਤਾ ਹੈ। ਪਿਊ ਰਿਸਰਚ ਸੈਂਟਰ ਦੁਆਰਾ ਕੀਤੀ ਇੱਕ ਹਾਲੀਆ ਅਧਿਐਨ ਵਿੱਚ ਦਰਸਾਇਆ ਗਿਆ ਹੈ ਕਿ ਤਕਰੀਬਨ 64% ਅਮਰੀਕੀ ਇਹ ਮੰਨਦੇ ਹਨ ਕਿ ਨਕਲੀ ਖਬਰਾਂ ਦੀਆਂ ਕਹਾਣੀਆਂ ਬੁਨਿਆਦੀ ਤੱਥਾਂ ਬਾਰੇ ਗਲਤਫਹਮੀ ਪੈਦਾ ਕਰਦੀਆਂ ਹਨ। ਇਹ ਗਲਤਫਹਮੀ ਅਕਸਰ ਮਜ਼ਬੂਤ ਝੂਠਾਂ ਦੀ ਸਵੀਕਾਰਤਾ ਵਿੱਚ ਪਹੁੰਚ ਜਾਂਦੀ ਹੈ—ਐਸੇ ਬਿਆਨ ਜੋ ਵਿਸ਼ਵਾਸ ਅਤੇ ਵਿਸ਼ਵਾਸ ਨਾਲ ਪੇਸ਼ ਕੀਤੇ ਜਾਂਦੇ ਹਨ, ਜੋ ਕਿ ਆਪਣੇ ਸੱਚਾਈ ਦੀ ਕਮੀ ਦੇ ਬਾਵਜੂਦ, ਹੋਰਾਂ ਨੂੰ ਪ੍ਰਭਾਵਿਤ ਕਰਦੇ ਹਨ।

"ਮਜ਼ਬੂਤ ਝੂਠ ਆਮ ਤੌਰ 'ਤੇ ਜ਼ਿਆਦਾ ਆਕਰਸ਼ਕ ਹੁੰਦੇ ਹਨ ਕਿਉਂਕਿ ਇਹ ਭਾਵਨਾਵਾਂ ਅਤੇ ਪਹਿਲਾਂ ਤੋਂ ਮੌਜੂਦ ਵਿਸ਼ਵਾਸਾਂ ਨਾਲ ਗੂੰਜਦੇ ਹਨ," ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਵਿੱਚ ਸੰਚਾਰ ਵਿਸ਼ਾ ਮਾਹਿਰ ਡਾ. ਸਰਾਹ ਮਿਟਚੇਲ ਦੱਸਦੀਆਂ ਹਨ। "ਇਹਨਾਂ ਨੂੰ ਐਸੇ ਤਰੀਕੇ ਨਾਲ ਪੈਕੇਜ ਕੀਤਾ ਜਾ ਸਕਦਾ ਹੈ ਜੋ ਯਕੀਨੀ ਲੱਗਦਾ ਹੈ, ਖਾਸ ਕਰਕੇ ਜਦੋਂ ਇਹਨਾਂ ਨੂੰ ਵਾਰ-ਵਾਰ ਦੁਹਰਾਇਆ ਜਾਂਦਾ ਹੈ।"

**ਕਮਜ਼ੋਰ ਸੱਚਾਈਆਂ**

ਇਸਦੇ ਵਿਰੁੱਧ, ਕਮਜ਼ੋਰ ਸੱਚਾਈਆਂ—ਐਸੇ ਬਿਆਨ ਜੋ ਕਿ ਸ਼ਾਇਦ ਤੱਥਾਤਮਕ ਹੁੰਦੇ ਹਨ ਪਰ ਮਜ਼ਬੂਤ ਝੂਠਾਂ ਦੇ ਭਾਵਨਾਤਮਕ ਭਾਰ ਜਾਂ ਮਨੋਹਰ ਕਹਾਣੀ ਦੀ ਘਾਟ ਹੁੰਦੀ ਹੈ—ਪ੍ਰਾਪਤ ਕਰਨ ਵਿੱਚ ਮੁਸ਼ਕਿਲ ਹੁੰਦੇ ਹਨ। ਇਹਨਾਂ ਸੱਚਾਈਆਂ ਨੂੰ ਅਕਸਰ ਸੰਦਰਭ, ਨੁਅੰਸ, ਅਤੇ ਆਲੋਚਨਾਤਮਕ ਸੋਚ ਦੀ ਲੋੜ ਹੁੰਦੀ ਹੈ, ਜੋ ਕਿ ਲੋਕਾਂ ਲਈ ਸੰਵੇਦਨਸ਼ੀਲ ਸਿਰਲੇਖਾਂ ਅਤੇ ਆਕਰਸ਼ਕ ਧੁਨੀਆਂ ਦੇ ਨਾਲ ਭਰਪੂਰ ਜਾਣਕਾਰੀ ਦੇ ਸਮੁੰਦਰ ਵਿੱਚ ਮੁਸ਼ਕਿਲ ਹੋ ਸਕਦੀ ਹੈ।

ਉਦਾਹਰਨ ਵਜੋਂ, ਕੋਵਿਡ-19 ਮਹਾਮਾਰੀ ਦੌਰਾਨ ਟੀਕੇ ਦੀ ਪ੍ਰਭਾਵਸ਼ੀਲਤਾ ਬਾਰੇ ਵਿਗਿਆਨਕ ਡਾਟਾ ਅਕਸਰ ਸੰਵੇਦਨਸ਼ੀਲ ਦਾਅਵਿਆਂ ਦੇ ਦੁਆਰਾ ਢੱਕਿਆ ਗਿਆ। ਜਦੋਂ ਕਿ ਅਧਿਐਨ ਦਰਸਾਉਂਦੇ ਹਨ ਕਿ ਟੀਕੇ ਗੰਭੀਰ ਬਿਮਾਰੀ ਦੇ ਖਤਰੇ ਨੂੰ ਬਹੁਤ ਘਟਾਉਂਦੇ ਹਨ ਪਰ ਸੰਭਾਵਿਤ ਹਾਨਿਕਾਰਕ ਪ੍ਰਭਾਵਾਂ ਦੇ ਆਲੇ-ਦੁਆਲੇ ਡਰ ਦੇ ਭਾਵਨਾ ਨੇ ਬਹੁਤ ਸਾਰੇ ਲੋਕਾਂ ਨੂੰ ਜਾਲੀ ਜਾਣਕਾਰੀ ਨੂੰ ਸਵੀਕਾਰ ਕਰਨ ਲਈ ਉਤਸ਼ਾਹਿਤ ਕੀਤਾ।

**ਸਮਾਜ 'ਤੇ ਪ੍ਰਭਾਵ**

ਇਸ ਲੜਾਈ ਦੇ ਨਤੀਜੇ ਗੰਭੀਰ ਹਨ। ਰਾਜਨੀਤੀ ਦੀ ਧਰੁਵੀਕਰਨ ਤੋਂ ਲੈ ਕੇ ਜਨ ਸਿਹਤ ਦੇ ਸੰਕਟ ਤੱਕ, ਮਜ਼ਬੂਤ ਝੂਠਾਂ ਦੇ ਮੁਕਾਬਲੇ ਵਿੱਚ ਕਮਜ਼ੋਰ ਸੱਚਾਈਆਂ ਦੀ ਪਕੜ ਦੇ ਗਹਿਰੇ ਨਤੀਜੇ ਹਨ। ਦੁਨੀਆ ਭਰ ਵਿੱਚ ਹਾਲੀਆ ਚੋਣਾਂ ਵਿੱਚ ਜਾਲੀ ਜਾਣਕਾਰੀ ਮੁਹਿੰਮਾਂ ਨੇ ਜਨਤਾ ਦੀ ਰਾਏ ਨੂੰ ਬਦਲਣ ਵਿੱਚ ਕਾਮਯਾਬੀ ਹਾਸਲ ਕੀਤੀ ਜਿਸ ਨਾਲ ਐਸੇ ਉਮੀਦਵਾਰ ਚੁਣੇ ਗਏ ਜੋ ਝੂਠੇ ਨੈਰੇਟਿਵਾਂ ਨੂੰ ਵਧਾਉਂਦੇ ਹਨ।

ਇਸ ਤੋਂ ਇਲਾਵਾ, ਸਾਜ਼ਿਸ਼ ਦੇ ਥਿਓਰੀਆਂ—ਅਕਸਰ ਮਜ਼ਬੂਤ ਝੂਠਾਂ 'ਤੇ ਆਧਾਰਿਤ—ਸੰਸਥਾਵਾਂ 'ਤੇ ਵਿਸ਼ਵਾਸ ਦੇ ਘਾਟ ਨੂੰ ਉਤਪੰਨ ਕਰਦੀਆਂ ਹਨ, ਜਿਸ ਵਿੱਚ ਸਰਕਾਰਾਂ, ਮੀਡੀਆ ਅਤੇ ਸਿਹਤ ਪ੍ਰਣਾਲੀਆਂ ਸ਼ਾਮਲ ਹਨ। ਇਹ ਵਿਸ਼ਵਾਸ ਜਲਵਾਯੂ ਬਦਲਾਅ ਅਤੇ ਟੀਕਾਕਰਨ ਦੀ ਹਿਚਕੀ ਨੂੰ ਹੱਲ ਕਰਨ ਵਾਲੀਆਂ ਕੋਸ਼ਿਸ਼ਾਂ ਨੂੰ ਮੁਸ਼ਕਿਲ ਬਣਾਉਂਦਾ ਹੈ।

**ਜਾਲੀ ਜਾਣਕਾਰੀ ਦਾ ਮੁਕਾਬਲਾ**

ਇਸ ਵੱਧ ਰਹੀ ਸਮੱਸਿਆ ਦਾ ਮੁਕਾਬਲਾ ਕਰਨ ਲਈ ਵੱਖ-ਵੱਖ ਖੇਤਰਾਂ ਤੋਂ ਕੋਸ਼ਿਸ਼ਾਂ ਸਾਹਮਣੇ ਆਈਆਂ ਹਨ। ਤੱਥ-ਚੈੱਕਿੰਗ ਸੰਸਥਾਵਾਂ ਜਾਲੀ ਦਾਅਵਿਆਂ ਨੂੰ ਖੰਡਿਤ ਕਰਨ ਅਤੇ ਸਹੀ ਜਾਣਕਾਰੀ ਨੂੰ ਪ੍ਰੋਤਸਾਹਿਤ ਕਰਨ ਲਈ ਬੇਅੰਤ ਕੋਸ਼ਿਸ਼ਾਂ ਕਰ ਰਹੀਆਂ ਹਨ। ਲੋਕਾਂ ਵਿੱਚ ਮੀਡੀਆ ਲਿਟਰੇਸੀ ਵਧਾਉਣ ਲਈ ਸਿੱਖਣ ਸਿਖਾਉਣ ਦੇ ਪ੍ਰੋਗ੍ਰਾਮ ਲਾਗੂ ਕੀਤੇ ਜਾ ਰਹੇ ਹਨ ਜਿਸ ਨਾਲ ਵਿਅਕਤੀਆਂ ਨੂੰ ਸਰੋਤਾਂ ਦੀ ਆਲੋਚਨਾ ਕਰਨ ਅਤੇ ਸੱਚਾਈ ਨੂੰ ਧੋਖੇ ਤੋਂ ਪਛਾਣਣ ਦੀ ਸਮਰੱਥਾ ਮਿਲਦੀ ਹੈ।

ਸੋਸ਼ਲ ਮੀਡੀਆ ਪਲੇਟਫਾਰਮ ਵੀ ਜਾਲੀ ਜਾਣਕਾਰੀ ਦੇ ਫੈਲਾਅ ਨੂੰ ਘਟਾਉਣ ਲਈ ਕਦਮ ਚੁੱਕ ਰਹੇ ਹਨ। ਟਵਿੱਟਰ, ਫੇਸਬੁੱਕ ਅਤੇ ਇੰਸਟਾਗ੍ਰਾਮ ਨੇ ਗਲਤ ਸਮੱਗਰੀ ਨੂੰ ਫਲੈਗ ਕਰਨ ਅਤੇ ਵਰਤੋਂਕਾਰਾਂ ਨੂੰ ਵਾਧੂ ਸੰਦਰਭ ਪ੍ਰਦਾਨ ਕਰਨ ਦੇ ਉਪਾਅ ਕੀਤੇ ਹਨ। ਹਾਲਾਂਕਿ ਆਲੋਚਕ ਦੱਸਦੇ ਹਨ ਕਿ ਇਹ ਕੋਸ਼ਿਸ਼ਾਂ ਅਕਸਰ ਰੋਜ਼ਾਨਾ ਪੈਦਾ ਹੋ ਰਹੀ ਸਮੱਗਰੀ ਦੀ ਭਾਰੀ ਮਾਤਰਾ ਕਾਰਨ ਕਮਜ਼ੋਰ ਰਹਿੰਦੀਆਂ ਹਨ।

**ਵਿਅਕਤੀਆਂ ਦੀ ਭੂਮਿਕਾ**

ਆਖਿਰਕਾਰ ਕਮਜ਼ੋਰ ਸੱਚਾਈਆਂ ਅਤੇ ਮਜ਼ਬੂਤ ਝੂਠਾਂ ਦੇ ਵਿਚਕਾਰ ਦੀ ਲੜਾਈ ਵਿੱਚ ਵਿਅਕਤੀਆਂ ਤੋਂ ਸਰਗਰਮੀ ਭਰੀ ਭਾਗੀਦਾਰੀ ਦੀ ਲੋੜ ਹੈ। "ਸਾਨੂੰ ਇਕ ਸ਼ੰਕੇ ਦੇ ਸਭਿਆਚਾਰ ਦਾ ਵਿਕਾਸ ਕਰਨਾ ਚਾਹੀਦਾ ਹੈ—ਨਾ ਕੇਵਲ ਉਹ ਜਾਣਕਾਰੀ ਜੋ ਅਸੀਂ ਨਾ ਮਨਜ਼ੂਰ ਕਰਦੇ ਹਾਂ ਪਰ ਸਾਰੀ ਜਾਣਕਾਰੀ ਵਿਰੁੱਧ," ਡਾ. ਮਿਟਚੇਲ ਸੁਝਾਉਂਦੀਆਂ ਹਨ। "ਸਰੋਤਾਂ 'ਤੇ ਪ੍ਰਸ਼ਨ ਪੁੱਛ ਕੇ ਅਤੇ ਵੱਖ-ਵੱਖ ਨਜ਼ਰੀਆਂ ਦੀ ਖੋਜ ਕਰਕੇ, ਅਸੀਂ ਦੁਬਾਰਾ ਸੱਚਾਈ ਵੱਲ ਸੰਘਰਸ਼ ਕਰਨ ਦੀ ਸ਼ੁਰੂਆਤ ਕਰ ਸਕਦੇ ਹਾਂ।"

ਜਿਵੇਂ ਸਮਾਜ ਇਸ ਚੱਲ ਰਹੀ ਲੜਾਈ ਨਾਲ ਜੂਝਦਾ ਹੈ, ਇਹ ਮਹੱਤਵਪੂਰਣ ਹੈ ਕਿ ਵਿਅਕਤੀ ਚੌਕਸ ਅਤੇ ਸ਼ਾਮਿਲ ਰਹਿਣ। ਜਾਲੀ ਜਾਣਕਾਰੀ ਦੇ ਖਿਲਾਫ ਲੜਾਈ ਕੇਵਲ ਤੱਥਾਂ ਲਈ ਨਹੀਂ; ਇਹ ਗੱਲਬਾਤ ਦੀ ਇਮਾਨਦਾਰੀ ਅਤੇ ਲੋਕਤੰਤਰ ਦੀ ਬੁਨਿਆਦ ਲਈ ਇੱਕ ਲੜਾਈ ਹੈ।

ਇਸ ਜਾਣਕਾਰੀ ਯੁੱਧ ਦੇ ਯੁੱਗ ਵਿੱਚ, ਕਮਜ਼ੋਰ ਸੱਚਾਈਆਂ ਅਤੇ ਮਜ਼ਬੂਤ ਝੂਠਾਂ ਦੇ ਵਿਚਕਾਰ ਦੀ ਲੜਾਈ ਸਾਡੇ ਸੰਸਾਰ ਨੂੰ ਜਾਰੀ ਰੱਖੇਗੀ। ਸਮਰਥਨ ਵਾਲੇ ਸੋਚ ਨੂੰ ਪਹਿਲ ਦਿੱਤਾ ਜਾਣਾ ਅਤੇ ਸੱਚਾਈ ਪ੍ਰਤੀ ਵਫਾਦਾਰੀ ਦਾ ਵਿਕਾਸ ਕਰਨਾ, ਅਸੀਂ ਇਸ ਸੁਖਦਾਇਕ ਦ੍ਰਿਸ਼ਟੀਕੋਣ ਦਾ ਸਾਹਮਣਾ ਕਰ ਸਕਦੇ ਹਾਂ ਅਤੇ ਇਕੱਠੇ ਹੋ ਕੇ ਮਜ਼ਬੂਤ ਹੋ ਸਕਦੇ ਹਾਂ।

BHULLAR
EXCAVATING AND DEMOLITION



- Excavating
- Laneway Homes
- Landscaping Service
- Demolition of Garage
- Backfill
- Driveways
- Lot Grading
- Sand and Gravel
- Drain Tile (New and old House)
- Ditch Digging & Cleaning
- Concrete Breaking

LAND CLEANING
WATER & SEWER LINES
FULLY INSURED AND LICENSED

We do townhouses
Quality work Reasonable rate
Fast & friendly Service

We Fix All
Leaky Basement &
Drainage Problems



Vicky Bhullar
778-681-8200



Pavi Bhullar
647-667-9242



Bill Bhulllar
778-891-4556



Jassi Bhullar
604-441-7118



Balraj Bhullar




# ਥਾਇਰਡ ਤੋਂ ਨਿਜ਼ਾਤ ਦਿਵਾਉਣਗੇ ਅਦਰਕ ਸਣੇ ਇਹ ਘਰੇਲੂ ਨੁਸਖ਼ੇ

*ਥਾਇਰਡ ਦੀ ਸਮੱਸਿਆ ਅੱਜ ਕੱਲ ਆਮ ਹੋ ਗਈ ਹੈ। ਅੰਗਰੇਜ਼ੀ ਦਵਾਈਆਂ ਵਿੱਚ ਇਸ ਦਾ ਬਸ ਇਹ ਹੀ ਇਲਾਜ ਹੈ ਕਿ ਜ਼ਿੰਦਗੀ ਭਰ ਦਵਾਈਆਂ ਖਾਂਦੇ ਰਹੋ। ਥਾਇਰਡ ਦੀ ਸਮੱਸਿਆ ਤੋਂ ਜਲਦੀ ਛੁਟਕਾਰਾ ਪਾਉਣ ਲਈ ਦਿਨ ਦੀ ਸ਼ੁਰੂਆਤ ਹੈਲਦੀ ਖਾਣੇ ਨਾਲ ਕਰੋ। ਕੁਝ ਪੁਰਾਣੇ ਆਯੁਰਵੈਦਿਕ ਉਪਾਅ ਹਨ ਜਿਨ੍ਹਾਂ ਨਾਲ ਅਸੀਂ ਘਰ ਵਿੱਚ ਮੌਜੂਦ ਚੀਜ਼ਾਂ ਨਾਲ ਥਾਇਰਡ ਦੀ ਸਮੱਸਿਆ ਤੋਂ ਜਲਦੀ ਛੁਟਕਾਰਾ ਪਾ ਸਕਦੇ ਹੈ। ਅੱਜ ਅਸੀਂ ਤੁਹਾਨੂੰ ਦੱਸਾਂਗੇ ਕੁਝ ਇਸ ਤਰ੍ਹਾਂ ਦੇ ਘਰੇਲੂ ਨੁਸਖ਼ੇ ਜਿਨ੍ਹਾਂ ਨੂੰ ਅਪਣਾ ਕੇ ਅਸੀਂ ਥਾਇਰਡ ਦੀ ਸਮੱਸਿਆ ਤੋਂ ਜਲਦੀ ਛੁਟਕਾਰਾ ਪਾ ਸਕਦੇ ਹਾਂ। ਥਾਇਰਡ ਤੋਂ ਨਿਜ਼ਾਤ ਪਾਉਣ ਲਈ ਘਰੇਲੂ ਨੁਸਖ਼ੇ*

### ਲਾਲ ਗੰਢੇ

ਲਾਲ ਗੰਢੇ ਨੂੰ ਵਿਚਾਲੋਂ ਕੱਟ ਕੇ ਰਾਤ ਨੂੰ ਸੌਣ ਤੋਂ ਪਹਿਲਾਂ ਥਾਇਰਡ ਗਲੈਂਡ ਦੇ ਆਸੇ-ਪਾਸੇ ਮਸਾਜ ਕਰੋ। ਤੁਸੀਂ ਮਸਾਜ ਕਰਕੇ ਸੌਂ ਜਾਓ ਅਤੇ ਸਵੇਰੇ ਉੱਠ ਕੇ ਗਰਦਨ ਨੂੰ ਧੋ ਲਓ। ਇਸ ਤਰ੍ਹਾਂ ਕਰਨ ਨਾਲ ਵੀ ਥਾਇਰਡ ਦੀ ਸਮੱਸਿਆ ਜਲਦੀ ਠੀਕ ਹੋ ਜਾਂਦੀ ਹੈ।

### ਅਸ਼ਵਗੰਧਾ ਚੂਰਨ

ਰੋਜ਼ਾਨਾ ਰਾਤ ਨੂੰ ਸੋਣ ਤੋਂ ਪਹਿਲਾਂ ਅਸ਼ਵਗੰਧਾ ਚੂਰਨ ਦੀ ਵਰਤੋਂ ਗਾਂ ਦੇ ਦੁੱਧ ਨਾਲ ਕਰਨ ਨਾਲ ਥਾਇਰਡ ਦੀ ਸਮੱਸਿਆ ਠੀਕ ਹੋ ਜਾਂਦੀ ਹੈ।

### ਹਰੇ ਧਨੀਏ ਦੀ ਚਟਣੀ

ਥਾਇਰਡ ਵਿੱਚ ਹਰੇ ਧਨੀਏ ਦੀ ਚਟਣੀ ਬਹੁਤ ਹੀ ਫ਼ਾਇਦੇਮੰਦ ਹੁੰਦੀ ਹੈ। ਇਸ ਚਟਣੀ ਨੂੰ ਇੱਕ ਗਿਲਾਸ ਪਾਣੀ ਵਿੱਚ ਘੋਲ ਕੇ ਪੀਣ ਨਾਲ ਵੀ ਥਾਇਰਡ ਜਲਦੀ ਠੀਕ ਹੋ ਜਾਂਦਾ ਹੈ।

### ਬਦਾਮ ਅਤੇ ਅਖਰੋਟ

ਬਦਾਮ ਅਤੇ ਅਖਰੋਟ ਵਿੱਚ ਥਾਇਰਡ ਨੂੰ ਠੀਕ ਕਰਨ ਦੇ ਗੁਣ ਹੁੰਦੇ ਹਨ। ਇਨ੍ਹਾਂ ਦੀ ਰੋਜ਼ਾਨਾ ਵਰਤੋਂ ਕਰਨ ਨਾਲ ਗਲੇ ਦੀ ਸੋਜ ਵਿੱਚ ਕਾਫ਼ੀ ਆਰਾਮ ਮਿਲਦਾ ਹੈ।

### ਮੁਲੱਠੀ ਦੀ ਵਰਤੋਂ

ਥਾਇਰਡ ਦੇ ਮਰੀਜ਼ਾਂ ਨੂੰ ਥਕਾਨ ਜਲਦੀ ਲੱਗਣ ਲੱਗਦੀ ਹੈ ਤੇ ਉਹ ਜਲਦੀ ਥੱਕ ਜਾਂਦੇ ਹਨ। ਇਸ ਤਰ੍ਹਾਂ ਹੋਣ ਤੇ ਮੁਲੱਠੀ ਦੀ ਵਰਤੋਂ ਕਰਨਾ ਬਹੁਤ ਹੀ ਫ਼ਾਇਦੇਮੰਦ ਹੁੰਦੀ ਹੈ। ਮੁਲੱਠੀ ਵਿੱਚ ਮੌਜੂਦ ਤੱਤ ਥਾਇਰਡ ਗ੍ਰੰਥੀ ਨੂੰ ਸੰਤੁਲਿਤ ਰੱਖਦੇ ਹਨ।

### ਫ਼ਲ ਅਤੇ ਸਬਜ਼ੀਆਂ ਦੀ ਵਰਤੋਂ

ਥਾਇਰਡ ਦੀ ਸਮੱਸਿਆ ਹੋਣ ਤੇ ਜਿੰਨਾ ਹੋ ਸਕੇ ਫ਼ਲ ਅਤੇ ਸਬਜ਼ੀਆਂ ਦੀ ਵਰਤੋਂ ਕਰੋ ਕਿਉਂਕਿ ਇਨ੍ਹਾਂ ਵਿਚ ਮੌਜੂਦ ਐਂਟੀ-ਸੈਪਟਿਕ ਗੁਣ ਥਾਇਰਡ ਨੂੰ ਵਧਣ ਨਹੀਂ ਦਿੰਦੇ।

### ਅਦਰਕ

ਅਦਰਕ ਹਰ ਘਰ ਦੀ ਰਸੋਈ ਵਿੱਚ ਮਿਲ ਜਾਂਦਾ ਹੈ। ਇਸ ਵਿੱਚ ਮੌਜੂਦ ਗੁਣ ਜਿਵੇਂ ਪੋਟਾਸ਼ੀਅਮ, ਮੈਗਨੀਸ਼ੀਅਮ ਇਹ ਥਾਇਰਡ ਦੀ ਸਮੱਸਿਆ ਨੂੰ ਜਲਦੀ ਠੀਕ ਕਰਦੇ ਹਨ। ਅਦਰਕ ਵਿੱਚ ਮੌਜੂਦ ਐਂਟੀ-ਇੰਫਲੇਮੈਟਰੀ ਗੁਣ ਥਾਇਰਡ ਨੂੰ ਵਧਣ ਤੋਂ ਰੋਕਦਾ ਹੈ। ਇਸ ਲਈ ਥਾਇਰਡ ਦੀ ਸਮੱਸਿਆ ਤੋਂ ਜਲਦੀ ਛੁਟਕਾਰਾ ਪਾਉਣ ਲਈ ਅਦਰਕ ਨੂੰ ਆਪਣੀ ਖੁਰਾਕ ਵਿਚ ਜ਼ਰੂਰ ਸ਼ਾਮਲ ਕਰੋ।

### ਦਹੀਂ ਅਤੇ ਦੁੱਧ ਦੀ ਵਰਤੋਂ

ਥਾਇਰਡ ਦੀ ਸਮੱਸਿਆ ਵਾਲੇ ਲੋਕਾਂ ਨੂੰ ਦਹੀਂ ਅਤੇ ਦੁੱਧ ਦੀ ਵਰਤੋਂ ਵੱਧ ਤੋਂ ਵੱਧ ਕਰਨੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਵਿੱਚ ਮੌਜੂਦ ਕੈਲਸ਼ੀਅਮ, ਮਿਨਰਲਸ ਅਤੇ ਵਿਟਾਮਿਨਸ ਥਾਇਰਡ ਨੂੰ ਠੀਕ ਕਰਦੇ ਹਨ।



# ਅਜੋਕੀਆਂ ਬੀਮਾਰੀਆਂ ਤੇ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ

ਲਿਖਤ : ਰਮੇਸ਼ਵਰ ਸਿੰਘ, ਸੰਪਰਕ- 9914880392

ਪੰਜਾਬ ਵਿੱਚ ਅੱਜ ਹਰ ਕੋਈ ਕਿਸੇ ਨਾ ਕਿਸੇ ਬੀਮਾਰੀ ਨਾਲ ਢਿੱਲਾ ਹੈ ਕਿਸੇ ਦਾ ਵੀ ਹਾਲ ਚਾਲ ਪੁੱਛ ਕੇ ਦੇਖੋ ਤਾਂ ਉਹ ਆਪਣੀ ਬਿਮਾਰੀ ਬਾਰੇ ਪਹਿਲਾਂ ਗੱਲ ਕਰਦੇ ਹਨ।ਆਪਣੇ ਬਿਮਾਰੀ ਬਾਰੇ ਦੱਸਣ ਦੇ ਨਾਲ ਹੀ ਉਹ ਕਿਸ ਡਾਕਟਰ ਤੋਂ ਇਲਾਜ ਕਰਾ ਰਹੇ ਹਨ ਉਸ ਦਾ ਜ਼ਿਕਰ ਵੀ ਕਰ ਦਿੰਦੇ ਹਨ।ਅੱਜ ਕੱਲ੍ਹ ਡਾਕਟਰੀ ਏਨੀ ਗਲਤ ਰਸਤੇ ਨਾਲ ਚੱਲ ਰਹੀ ਹੈ ਉਹ ਕੰਪਨੀਆਂ ਦੇ ਕਹੇ ਤੋਂ ਦਵਾਈਆਂ ਮਰੀਜ਼ਾਂ ਨੂੰ ਦੇਂਦੇ ਹਨ।ਕਦੇ ਵੀ ਕਿਸੇ ਡਾਕਟਰ ਕੋਲ ਜਾਓ ਦਵਾਈਆਂ ਵੇਚਣ ਵਾਲਾ ਏਜੰਟ ਉਨ੍ਹਾਂ ਨਾਲ ਬੈਠਾ ਗੱਲਾਂ ਕਰ ਰਿਹਾ ਹੁੰਦਾ ਹੈ। ਮੈਡੀਕਲ ਲਾਬੀ ਦੁਆਰਾ ਕਿਵੇਂ ਬਣਾਇਆ ਜਾਂਦਾ ਹੈ ਬੀਮਾਰੀਆਂ ਦਾ ਹਊਆ ਆਜੋ ਜਰਾ ਝਾਤ ਮਾਰੀਏ।

1975 ਚ ਦੁਨੀਆਂ ਦੀ ਮੁੱਖ ਫਾਰਮਾ ਕੰਪਨੀ ਮਰਕ ਦੇ ਸੀਈਓ ਹੈਨਰੀ ਗਾਰਡਨ ਦਾ ਕਹਿਣਾ ਸੀ,"ਕਿ ਮੈਨੂੰ ਇੱਕ ਗੱਲ ਦਾ ਦੁੱਖ ਹੈ ਕਿ ਸਿਰਫ ਰੋਗੀ ਹੀ ਮੇਰੀ ਕੰਪਨੀ ਦੀਆਂ ਦਵਾਈਆਂ ਦਾ ਸੇਵਨ ਕਰਦੇ ਹਨ।" ਉਨ੍ਹਾਂ ਦਾ ਸੁਪਨਾ ਇਹ ਸੀ ਕਿ ਤੰਦਰੁਸਤ ਲੋਕ ਵੀ ਉਨ੍ਹਾਂ ਦੀਆਂ ਦਵਾਈਆਂ ਖਾਣ।ਸਾਰੀਆਂ ਕੰਪਨੀਆਂ ਵੱਧ ਤੋਂ ਵੱਧ ਜਨਤਾ ਨੂੰ ਆਪਣਾ ਗਾਹਕ ਬਣਾਉਣਾ ਚਾਹੁੰਦੇ ਹਨ।ਡਾਕਟਰਾਂ ਨਾਲ ਇਨ੍ਹਾਂ ਦਾ ਖ਼ਾਸ ਸੌਦਾ ਹੁੰਦਾ ਹੈ ਜਿਸ ਨਾਲ ਉਹ ਬਿਮਾਰੀਆਂ ਦਾ ਇਲਾਜ ਅਲੱਗ ਤਰੀਕੇ ਨਾਲ ਕਰਦੇ ਹਨ।ਪੰਜਾਬ ਸਰਕਾਰ ਵਿਚ ਬਹੁਤ ਲੰਮੇ ਸਮੇਂ ਤੋਂ ਕਾਨੂੰਨ ਬਣਿਆ ਹੋਇਆ ਹੈ ਕਿ ਡਾਕਟਰ ਵੱਡੇ ਅੱਖਰਾਂ ਵਿਚ ਦਵਾਈ ਲਿਖਣ,ਅਤੇ ਦਵਾਈ ਦਾ ਨਾਮ ਨਹੀਂ ਉਸ ਵਿਚ ਕਿਹੜਾ ਸਾਲਟ ਇਸਤੇਮਾਲ ਕੀਤਾ ਗਿਆ ਹੈ ਉਸ ਬਾਰੇ ਲਿਖਣ,ਅਜਿਹਾ ਕੁਝ ਵੀ ਨਹੀਂ ਹੁੰਦਾ ਲਿਖੀ ਦਵਾਈ ਨੂੰ ਸਿਰਫ਼ ਦਵਾਈ ਵੇਚਣ ਵਾਲੇ ਹੀ ਪੜ੍ਹ ਸਕਦੇ ਹਨ ਇਹ ਬਹੁਤ ਵੱਡੀ ਲੁੱਟ ਹੈ।

ਅੱਜ ਉਨ੍ਹਾਂ ਦਾ ਇਹ ਸੁਪਨਾ ਦਵਾਈਆਂ ਦੀਆਂ ਕੰਪਨੀਆਂ ਨੇ ਆਪਣੀਆਂ ਤਿਕੜਮਬਾਜ਼ੀਆਂ ਨਾਲ ਸੱਚ ਕਰ ਦਿੱਤਾ ਹੈ।

ਉਨ੍ਹਾਂ ਨੇ ਇਹ ਇਸ ਤਰ੍ਹਾਂ ਕੀਤਾ ਟੈਸਟ ਦਾ ਤਰੀਕਾ ਬਦਲ ਦਿੱਤਾ ਗਿਆ।

ਟੈਸਟ ਦੀ ਬਾਰਡਰ ਲਾਈਨ ਚ ਫੇਰਬਦਲ ਕਰਕੇ 1997 ਤੱਕ ਫਾਸਟਿੰਗ ਬਲੱਡ ਸ਼ੂਗਰ 140mg/dl ਤਕ ਨਾਰਮਲ ਹੁੰਦੀ ਸੀ।

1997 ਚ ਸੰਸਾਰ ਦੇ ਇੱਕ ਵੱਡੇ ਸਿਹਤ ਸੰਗਠਨ ਨੇ ਇੱਕ ਕਮੇਟੀ ਬਿਠਾ ਕੇ ਇਹਨੂੰ 126mg/dl ਕਰ ਦਿੱਤਾ ਅਤੇ ਅਗਲੇ ਹੀ ਦਿਨ 14 ਪ੍ਰਤੀਸ਼ਤ ਹੋਰ ਲੋਕ ਡਾਇਬਟਿਕ ਹੋ ਗਏ। ਹੁਣ ਵੱਡੀ ਉਮਰ ਦੇ ਲੋਕ ਤਾਂ ਸ਼ੂਗਰ ਦੇ ਮਰੀਜ਼ ਹਨ ਛੋਟੀ ਉਮਰ ਵੀ ਇਨ੍ਹਾਂ ਨੇ ਇਸ ਰੋਗ ਵੱਲ ਧੱਕ ਦਿੱਤੀ ਹੈ।ਸੰਗਠਨ ਨੇ ਜਿਹੜੀ 17 ਮੈਂਬਰੀ ਕਮੇਟੀ ਬਣਾਈ ਸੀ, ਉਨ੍ਹਾਂ ਚੋਂ 16 ਮੈਂਬਰ ਫਾਰਮਾ ਕੰਪਨੀਆਂ ਦੇ ਏਜੰਟ, ਸਲਾਹਕਾਰ, ਬੁਲਾਰੇ ਜਾਂ ਉਨ੍ਹਾਂ ਦੇ ਸਾਇੰਸਦਾਨ ਸਨ ਜੋ ਉਨ੍ਹਾਂ ਨਾਲ ਕਿਸੇ ਨਾ ਕਿਸੇ ਤਰੀਕੇ ਨਾਲ ਜੁੜੇ ਹੋਏ ਸਨ ਜਾਂ ਕੰਪਨੀਆਂ ਕੋਲ ਵਿਕੇ ਹੋਏ ਹਨ । ਕੁਝ ਕੁ ਸਾਲਾਂ ਬਾਅਦ ਇਹ ਬਾਰਡਰ ਲਾਈਨ ਇੱਕ 126mg/dl ਤੋਂ ਘਟਾ ਕੇ 110mg/dl ਕਰ ਦਿੱਤੀ ਗਈ। ਜੀਹਦੇ ਨਾਲ ਕਰੋੜਾਂ ਲੋਕ ਰਾਤੋ-ਰਾਤ ਸ਼ੂਗਰ ਦੇ ਮਰੀਜ਼ ਬਣ ਗਏ। ਬਿਮਾਰੀਆਂ ਦੀ ਚੈੱਕ ਕਰਨ ਲਈ ਲੈਬਾਰਟਰੀਆਂ ਨਾਲ ਡਾਕਟਰਾਂ ਦੀ ਮਿਲੀਭੁਗਤ ਹੁੰਦੀ ਹੈ ਜਿਸ ਨਾਲ ਨਤੀਜਾ ਕੀ ਆਵੇਗਾ ਪਤਾ ਹੀ ਹੈ।



ਹਾਈਪਰਟੈਨਸ਼ਨ ਦਾ ਵੀ ਹਾਲ ਕੁਝ ਇਸੇ ਤਰ੍ਹਾਂ ਰਿਹਾ। 1997 ਚ ਸੰਗਠਨ ਨੇ 11 ਮੈਂਬਰੀ ਪੈਨਲ ਬਣਾਇਆ ਅਤੇ ਉਨ੍ਹਾਂ ਨੂੰ ਇਹ ਕੰਮ ਦਿੱਤਾ ਕੀ ਸਿਸਟੋਲਿਕ ਹਾਈਪਰਟੈਂਸ਼ਨ ਦੀ ਬਾਰਡਰ ਲਾਈਨ ਨੂੰ 160 mmHg ਤੋਂ 140 mmHg ਕਰ ਦਿੱਤਾ ਜਾਵੇ ਅਤੇ ਡਾਈਸਟੋਲਿਕ ਨੂੰ 100 mmHg ਤੋਂ 90 mmHg ਕਰ ਦਿੱਤਾ ਜਾਵੇ। ਬਸ ਫੇਰ ਕੀ ਸੀ, ਇਹ ਬਾਰਡਰ ਲਾਈਨ ਨਿਰਧਾਰਤ ਕਰਨ ਦੀ ਦੇਰ ਸੀ ਕੀ ਅਗਲੇ ਹੀ ਦਿਨ ਹਾਈਪਰਟੈਂਸ਼ਨ ਦੇ ਮਰੀਜ਼ਾਂ ਦੀ ਸੰਖਿਆ ਵਿਚ 35 ਪ੍ਰਤੀਸ਼ਤ ਤੱਕ ਬੜੋਤਰੀ ਹੋ ਗਈ। ਬਾਅਦ ਵਿਚ ਪਤਾ ਲੱਗਾ ਕੀ ਉਸ ਪੈਨਲ ਵਿਚ ਸ਼ਾਮਲ 11 ਮੈਂਬਰਾਂ ਵਿੱਚੋਂ 9 ਉਹ ਲੋਕ ਸੀ ਜੋ ਹਾਈਪਰਟੈਂਸ਼ਨ ਦੀ ਦਵਾਈ ਬਣਾਉਣ ਵਾਲੀ ਕੰਪਨੀ ਨਾਲ ਸਿੱਧੇ ਜਾਂ ਅਸਿੱਧੇ ਤੌਰ ਤੇ ਜੁੜੇ ਹੋਏ ਸਨ।ਉਨ੍ਹਾਂ ਨੇ ਬਿਮਾਰੀ ਦਾ ਇਲਾਜ ਮਹਿੰਗਾ ਹੀ ਕਰਨਾ ਹੈ ਤਾਂ ਜੋ ਕੰਪਨੀਆਂ ਵੱਧ ਤੋਂ ਵੱਧ ਪੈਸੇ ਕਮਾ ਸਕਣ । ਕੰਪਨੀਆਂ ਦੇ ਨਾਮਾਂ ਦਾ ਉਲੇਖ ਰੇਮਾਏਨਿਹਾਨ ਅਤੇ ਹੋਰ ਕਈਆਂ ਦੁਆਰਾ ਬ੍ਰਿਟਿਸ਼ ਮੈਡੀਕਲ ਜਰਨਲ ਵਿੱਚ ਪ੍ਰਕਾਸ਼ਤ ਰਿਪੋਰਟ ਵਿਚ ਜ਼ਿਕਰ ਕੀਤਾ ਗਿਆ ਹੈ। ਹਰ ਕੰਪਨੀ ਨੇ ਆਪਣੇ ਖ਼ਾਸ ਏਜੰਟ ਬਣਾਏ ਹੋਏ ਹਨ ਜੋ ਡਾਕਟਰਾਂ ਨੂੰ ਦਵਾਈਆਂ ਦੇਣ ਲਈ ਮਿਲਦੇ ਹਨ,ਉਨ੍ਹਾਂ ਨੂੰ ਖੁੱਲ੍ਹਾ ਭੱਤਾ ਮਿਲੇਗਾ ਇਸ ਦਾ ਸਪੱਸ਼ਟੀ ਕਰਨ ਕਰ ਜਾਂਦੇ ਹਨ।

ਇਹ ਲੋਕ ਇਥੇ ਨਹੀਂ ਖੜ੍ਹਦੇ ਕਦੇ ਵੀ ਚੱਲਦੇ ਰਹਿੰਦੇ ਹਨ ਕਦੇ ਵੀ ਚੱਲਦਾ ਗਿਆ ਆਮ ਬਿਮਾਰੀਆਂ ਅੱਜ ਕੱਲ ਲੋਕਾਂ ਨੂੰ ਬਹੁਤ ਜ਼ਿਆਦਾ ਹਨ ਫੇਰ ਅੱਗੇ ਕਾਰਵਾਈ ਕੀ ਕੀਤੀ 1998 ਚ ਕੋਲੈਸਟ੍ਰੋਲ ਦਾ ਲੈਵਲ ਦੋ 240 ਤੋਂ 200 ਕਰ ਦਿੱਤਾ ਗਿਆ। ਸ਼ੂਗਰ ਲੈਵਲ 110 mg/dl ਤੋਂ ਉੱਪਰ ਹੋਣ ਤੇ ਉਸ ਬੰਦੇ ਨੂੰ ਪਰਏ-ਡਿਆਬਟਿਕ ਅਤੇ ਬੀ ਪੀ 120 ਤੋਂ ਉੱਤੇ ਹੋਣ ਤੇ ਪਰੇ-ਹਾਈਪਰ ਟੈਨਸਿਵ ਅਤੇ 200 ਤੋਂ ਉੱਪਰ ਕੋਲੈਸਟ੍ਰੋਲ ਵਾਲੇ ਬੰਦੇ ਨੂੰ

Pre-ਹਾਈਪਰਲਿਪਿਡਮਿਕ ਕਿਹਾ ਜਾਣ ਲੱਗਿਆ। ਅਤੇ ਇਨ੍ਹਾਂ ਦੀਆਂ ਦਵਾਈਆਂ ਸ਼ੁਰੂ ਕਰਨ ਲਈ ਡਾਕਟਰਾਂ ਨੂੰ ਮਨਾਇਆ ਗਿਆ ਕਿਉਂਕਿ ਡਾਕਟਰਾਂ ਨੂੰ ਮੋਟੀ ਹਿੱਸਾ ਪੱਤੀ ਦਿੱਤੀ ਜਾਂਦੀ ਹੈ । ਆਪਣੇ ਵੱਲੋਂ ਪੂਰੀ ਕੀਮਤ ਖਰਚ ਕਰਕੇ ਡਾਕਟਰਾਂ ਨੂੰ ਖਰੀਦ ਲਿਆ ਗਿਆ ਅਤੇ ਅਜਿਹਾ ਕਰਕੇ ਫਾਰਮਾ ਕੰਪਨੀਆਂ ਨੂੰ ਕਰੋੜਾਂ ਦੇ ਹਿਸਾਬ ਨਾਲ ਨਵੇਂ-ਨਵੇਂ ਗਾਹਕ ਮਿਲ ਗਏ, ਉਹ ਵੀ ਜ਼ਿੰਦਗੀ ਭਰ ਦਵਾਈਆਂ ਖਾਣ ਵਾਲੇ। ਕਿਉਂਕਿ ਵਿਲੀਅਮ ਆਸਲਰ ਦਾ ਕਹਿਣਾ ਹੈ ਕਿ ਜੋ ਬੰਦਾ ਦਵਾਈਆਂ ਲੈਂਦਾ ਹੈ, ਉਹਨੂੰ ਦੋ ਵਾਰ ਠੀਕ ਹੋਣਾ ਪੈਂਦਾ ਹੈ ਇੱਕ ਵਾਰ ਬਿਮਾਰੀ ਤੋਂ ਠੀਕ ਹੋਣਾ ਅਤੇ ਦੂਜਾ ਦਵਾਈਆਂ ਦੇ ਅਸਰ ਤੋਂ ਠੀਕ ਹੋਣਾ ਪੈਂਦਾ ਹੈ।

ਅੱਜ ਜ਼ਰੂਰਤ ਹੈ ਲੋਕਾਂ ਨੂੰ ਆਪਣੀ ਬੀਮਾਰੀ ਚੈੱਕ ਕਰਾਉਣ ਲਈ ਯੋਗ ਡਾਕਟਰ ਦੀ ਭਾਲ ਕਰਨੀ ਚਾਹੀਦੀ ਹੈ, ਕਿਉਂਕਿ ਸਾਰੇ ਲੈਬ ਅਤੇ ਡਾ ਯੋਗ ਨਹੀਂ ਹੁੰਦੇ। ਬਿਮਾਰੀਆਂ ਤਕਰੀਬਨ ਹਰ ਇੱਕ ਆਦਮੀ ਨੂੰ ਹਨ

ਇਹ ਲੁੱਟ- ਕਸੁੱਟ ਸਰਕਾਰਾਂ ਅਤੇ ਕਾਰਪੋਰੇਟ ਘਰਾਣਿਆਂ ਦੀ ਮਿਲੀ ਭੁਗਤ ਤੋਂ ਬਿਨਾਂ ਨਹੀਂ ਚਲਦੀਆਂ ਅਤੇ ਨਾਂ ਹੀ ਇਨ੍ਹਾਂ ਨੂੰ ਰੋਕਣ ਜਾਂ ਇਨ੍ਹਾਂ ਦੇ ਵਿਰੁੱਧ ਕੋਈ ਆਵਾਜ਼ ਉਠਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਲਈ ਇਸ ਤਰਾਂ ਦੇ ਕਾਰਨਾਮਿਆਂ ਦੇ ਵਿਰੁੱਧ ਆਪਾਂ ਸਿਰਫ ਜਾਗਰੂਕ ਕਰ ਸਕਦੇ ਹਾਂ।

ਹਰ ਕੋਈ ਆਦਮੀ ਆਪਣੇ ਖਾਣ-ਪੀਣ ਤੇ ਰਹਿਣ-ਸਹਿਣ ਬਾਰੇ ਚੰਗੀ ਤਰ੍ਹਾਂ ਜਾਣਦਾ ਹੈ ਲ ਖਾਣਾ ਸਹੀ ਤੌਰ ਤੇ ਖਾਣਾ ਚਾਹੀਦਾ ਹੈ ਤੇ ਕੁਝ ਗ਼ਲਤ ਵਾਪਰਨ ਲੱਗੇ ਤਾਂ ਉਸ ਦਾ ਇਲਾਜ ਸ਼ੁਰੂ ਕਰਾਉਣ ਬਾਰੇ ਸੋਚਣਾ ਚਾਹੀਦਾ ਹੈ । ਸਿੱਧਾ ਬਾਜ਼ਾਰੂ ਡਾਕਟਰਾਂ ਕੋਲ ਤਾਂ ਚਲੇ ਜਾਓ ਬਹੁਤ ਵੱਡਾ ਨੁਕਸਾਨ ਹੋਣ ਦਾ ਖ਼ਤਰਾ ਰਹਿੰਦਾ ਹੈ ਲ ਬਿਮਾਰੀਆਂ ਬਾਰੇ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ ਤਾਂ ਜੋ ਸਾਨੂੰ ਕਿਸੇ ਬਿਮਾਰੀ ਦਾ ਸਾਹਮਣਾ ਨਾ ਕਰਨਾ ਪਵੇ । ਕਿਉਂਕਿ ਦਵਾਈ ਵੇਚਣ ਵਾਲੀਆਂ ਕੰਪਨੀਆਂ ਤੁਹਾਡਾ ਰਸਤਾ ਕੱਟ ਰਹੀਆਂ ਹਨ ਲ ਆਪਣੇ ਸਰੀਰ ਬਾਰੇ ਖੁਦ ਪੂਰਨ ਰੂਪ ਵਿੱਚ ਜਾਣ ਲਵੋ ਤਾਂ ਜੋ ਲੋਟੂ ਕੰਪਨੀਅ ਤੋਂ ਬਚੇ ਰਹੀਏ।

# ਧਰਤੀ ਹੇਠਲੇ ਪਾਣੀ ਨੂੰ ਵਧਾਉਣ ਲਈ ਸੁਰੱਖਿਅਤ ਰੀਚਾਰਜਿੰਗ ਤਕਨੀਕਾਂ

ਦੇਸ਼ ਦੇ ਕੁੱਲ ਭੰਗੋਲਿਕ ਖੇਤਰ ਦੇ ਕੇਵਲ 1.53% ਖੇਤਰ ਵਾਲਾ ਪੰਜਾਬ ਰਾਜ ਪਿਛਲੇ ਪੰਜ ਦਹਾਕਿਆਂ ਤੋਂ ਕੇਂਦਰੀ ਪੂਲ ਵਿਚ 27-40% ਚੌਲ ਅਤੇ 43-75% ਕਣਕ ਦਾ ਯੋਗਦਾਨ ਦੇ ਰਿਹਾ ਹੈ। ਸਿੰਚਾਈ ਅਧੀਨ ਕੁੱਲ ਖੇਤਰ ਵਿਚੋਂ 99% ਰਕਬਾ ਹੈ, ਜਿਸ ਵਿਚੋਂ ਧਰਤੀ ਹੇਠਲੇ ਪਾਣੀ ਨਾਲ (72%) ਅਤੇ ਨਹਿਰੀ ਪਾਣੀ (28%) ਨਾਲ ਸਿੰਜਿਆ ਜਾਂਦਾ ਹੈ । ਝੋਨਾ-ਕਣਕ ਫਸਲਾਂ ਦੀ ਪ੍ਰਣਾਲੀ ਦੁਆਰਾ ਪਾਣੀ ਦੀ ਮੰਗ ਨੂੰ ਪੂਰਾ ਕਰਨ ਲਈ, ਧਰਤੀ ਹੇਠਲੇ ਪਾਣੀ ਦਾ ਵੱਧ ਤੋਂ ਵੱਧ ਇਸਤੇਮਾਲ ਕੀਤਾ ਜਾ ਰਿਹਾ ਹੈ, ਕਿਉਂਕਿ ਸਤਹੀ ਪਾਣੀ ਦੀ ਸਪਲਾਈ ਅਢੁੱਕਵੀਂ ਹੈ।

ਟਿਊਬਵੈਲਾਂ ਦੀ ਗਿਣਤੀ ਮੌਜੂਦਾ ਸਮੇਂ ਵਿਚ ਵਧ ਕੇ 14.76 ਲੱਖ ਹੋ ਗਈ ਹੈ, ਜੋ 1970-71 ਵਿਚ 1.92 ਲੱਖ ਸੀ। ਇਨ੍ਹਾਂ ਸਾਰੇ ਕਾਰਨਾਂ ਕਰਕੇ, ਨਤੀਜਾ ਇਹ ਹੋਇਆ ਕਿ ਰਾਜ ਦੇ 109 ਬਲਾਕ ਅਤਿ- ਸ਼ੋਸ਼ਿਤ ਅਤੇ ਸਿਰਫ 22 ਬਲਾਕ ਸੁਰਖਿਅਤ ਹਨ। ਇਹ 22 ਬਲਾਕ ਵੀ ਉਹ ਹਨ, ਜਿਨ੍ਹਾਂ ਵਿੱਚ ਜਾਂ ਤਾਂ ਪਾਣੀ ਮਾੜਾ ਹੈ (ਦੱਖਣੀ- ਪੱਛਮੀ ਪੰਜਾਬ ), ਜਾਂ ਬਹੁਤ ਡੂੰਘਾ ਹੈ (ਕੰਢੀ ਇਲਾਕਾ)। ਪਿਛਲੇ ਦੋ ਦਹਾਕਿਆਂ ਦੌਰਾਨ, ਰਾਜ ਵਿਚ ਹਰ ਸਾਲ ਜ਼ਮੀਨ ਹੇਠਲਾ ਪਾਣੀ ਔਸਤਨ 50 ਸੈਂਟੀਮੀਟਰ ਦੀ ਦਰ ਨਾਲ ਹੇਠਾਂ ਜਾ ਰਿਹਾ ਹੈ। ਜਿਸ ਕਰਕੇ ਧਰਤੀ ਹੇਠਲੇ ਪਾਣੀ ਨੂੰ ਵਧਾਉਣ ਦੀ ਸਖ਼ਤ ਜ਼ਰੂਰਤ ਹੈ।

ਖੇਤੀਬਾੜੀ ਵਿਗਿਆਨੀ ਰਾਜਨ ਅਗਰਵਾਲ, ਸਮਨਪ੍ਰੀਤ ਕੌਰ ਅਤੇ ਸੰਜੇ ਸੱਤਪੁੱਤੇ ਨੇ ਦਸਿਆ ਕਿ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਭੂਮੀ ਅਤੇ ਪਾਣੀ ਇੰਜੀਨੀਅਰਿੰਗ ਵਿਭਾਗ ਨੇ ਜ਼ਮੀਨ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਦੀ ਤਕਨੀਕ ਵਿਕਸਿਤ ਕੀਤੀ ਹੈ, ਜਿਵੇਂ ਕਿ ਛੱਤਾਂ ਰਾਹੀਂ, ਖੇਤਾਂ ਦਾ ਰੇੜੂ ਪਾਣੀ ਜਾਂ ਵਾਧੂ ਨਹਿਰੀ ਪਾਣੀ ਨੂੰ ਪੁਰਾਣੇ ਖੂਹਾਂ ਰਾਹੀਂ ਰੀਚਾਰਜ, ਝੋਨੇ ਵਿੱਚ ਵੱਟਾਂ ਦੀ ਉਚਾਈ ਅਤੇ ਪਿੰਡਾਂ ਦੇ ਛਪੜਾਂ ਦੇ ਪਾਣੀ ਦਾ ਸੋਧ ਅਤੇ ਇਸਤੇਮਾਲ ਕਰਨਾ।




### ਛੱਤਾਂ ਰਾਹੀਂ ਮੀਂਹ ਦੇ ਪਾਣੀ ਦੀ ਸੰਭਾਲ:

ਇਹ ਬਹੁਤ ਹੀ ਸਰਲ ਤੇ ਸਸਤੀ ਇਕਾਈ ਯੂਨੀਵਰਸਿਟੀ ਨੇ ਤਿਆਰ ਕੀਤੀ ਹੈ। ਇਹ ਇਕਾਈ ਵਿਦਿਅਕ ਸੰਸਥਾਨਾਂ, ਧਾਰਮਿਕ ਸਥਾਨਾਂ, ਮੈਰਿਜ ਪੈਲਸਾਂ, ਸ਼ਾਪਿੰਗ ਕੰਪਲੈਕਸਾਂ, ਕਮਿਊਨਿਟੀ ਸੈਂਟਰਾਂ ਅਤੇ ਉਦਯੋਗਿਕ ਕੰਪਲੈਕਸਾਂ (ਜਿਥੇ ਕਿ ਵਾਤਾਵਰਣ ਪ੍ਰਦੂਸ਼ਿਤ ਨਹੀਂ ਹੁੰਦਾ ਹੈ) ਵਿਚ ਆਸਾਨੀ ਨਾਲ ਅਪਣਾਈ ਜਾ ਸਕਦੀ ਹੈ।

ਪੰਜਾਬ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਕ੍ਰਮਵਾਰ 13 ਅਤੇ 27 ਲੱਖ ਰਿਹਾਇਸ਼ੀ ਮਕਾਨ ਹਨ। ਮੰਨਿਆ ਜਾਵੇ ਕਿ ਹਰੇਕ ਘਰ ਦਾ ਔਸਤਨ ਬਾਰਿਸ਼ ਵਾਲਾ ਖੇਤਰ 100 ਮੀਟਰ 2 ਹੋਵੇ ਤਾਂ 13500 ਕਰੋੜ ਲੀਟਰ ਪਾਣੀ ਦੀ ਬਚਤ ਹੋ ਸਕਦੀ ਹੈ। ਇਸ ਨਾਲ ਨਾਂ- ਸਿਰਫ ਭੂਮੀਗਤ ਪਾਣੀ ਦੀ ਗੁਣਵੱਤਾ ਵਿਚ ਸੁਧਾਰ ਹੋਵੇਗਾ ਸਗੋਂ ਜ਼ਮੀਨ ਹੇਠਲੇ ਪਾਣੀ ਦਾ ਸਤਰ ਉੱਪਰ ਹੋਵੇਗਾ ।

### ਦੰਦਾਂ ਦੀ ਸਾਂਭ-ਸੰਭਾਲ ਕਰਨ ਲਈ ਅਪਣਾਓ ਇਹ ਘਰੇਲੂ ਨੁਸਖੇ, ਹੋਣਗੇ ਕਈ ਫਾਇਦੇ

ਛੱਤਾਂ ਉੱਪਰ ਇਕੱਠੇ ਹੋਏ ਪਾਣੀ ਦੇ ਨਮੂਨਿਆਂ ਦੇ ਟੈਸਟ ਵਿੱਚ ਪਾਇਆ ਗਿਆ ਕਿ ਇਸ ਵਿੱਚ ਜੀਵ-ਜੰਤੂਆਂ ਦੀ ਮੌਜੂਦਗੀ ਨਹੀਂ ਹੁੰਦੀ ਅਤੇ ਮੀਂਹ ਦਾ ਪਾਣੀ ਰਸਾਇਣਕ ਅਸ਼ੁੱਧੀਆਂ ਤੋਂ ਮੁਕਤ ਹੁੰਦਾ ਹੈ। ਪਰ ਫਿਰ ਵੀ ਇਕੱਠੇ ਕੀਤੇ ਪਾਣੀ ਦੀ ਸ਼ੁੱਧਤਾ ਲਈ ਫਿਲਟਰ ਦੀ ਲੋੜ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਭੂਮੀ ਅਤੇ ਪਾਣੀ ਇੰਜੀਨੀਅਰਿੰਗ ਵਿਭਾਗ ਨੇ ਫਿਲਟ੍ਰੇਸ਼ਨ ਇਕਾਈ ਤਿਆਰ ਕਿਤੀ ਹੈ । ਇਸ ਇਕਾਈ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ, ਜੋ ਕਿ ਨਿਤਾਰਣ ਦਾ ਕੰਮ ਕਰਦਾ ਹੈ, ਪਾਣੀ ਵਿੱਚੋ ਮਿੱਟੀ ਤੇ ਗਾਰ ਹੇਠਾਂ ਬੈਠ ਜਾਂਦੀ ਹੈਂ ਤੇ ਇਸ ਤੋਂ ਬਾਅਦ ਪਾਣੀ ਫਿਲੇਟਰੇਸ਼ਨ ਇਕਾਈ ਚੋਂ ਨਿਕਲ ਕੇ ਰੀਚਾਰਜ ਬੋਰ ਦੇ ਵਿੱਚ ਚਲਾ ਜਾਂਦਾ ਹੈ। ਇਸ ਇਕਾਈ ਦਾ ਖਰਚਾ ਛੱਤ ਦੇ ਖੇਤਰਫਲ, ਬਾਰਿਸ਼ ਅਤੇ ਭੂਮੀਗਤ ਹਾਲਤਾਂ ਤੇ ਨਿਰਭਰ ਕਰਦਾ ਹੈ। ਪਰ ਆਮ ਤੌਰ ਤੇ ਇਸ ਦਾ ਖਰਚਾ, ਛੱਤ ਦੇ ਖੇਤਰਫਲ ਦੇ ਹਿਸਾਬ ਨਾਲ 100-500 ਮੀ2 ਤਕਰੀਬਨ 30 ਤੋਂ 70 ਹਜ਼ਾਰ ਤੱਕ ਹੁੰਦਾ ਹੈ। ਇਹ ਇਕਾਈ 15 ਤੋਂ 20 ਸਾਲ ਚਲਦੀ ਹੈ। ਇਸ ਇਕਾਈ ਦੀ ਸਮੇਂ-ਸਮੇਂ ਤੇ ਇਸ ਦੀ ਸਫਾਈ ਕਰਨੀ ਚਾਹੀਦੀ ਹੈ ਅਤੇ ਪਹਿਲੀ ਬਾਰਿਸ਼ ਦਾ ਪਾਣੀ ਇਸ ਇਕਾਈ ਦੇ ਵਿੱਚ ਨਾ ਪਾਇਆ ਜਾਵੇ ਅਤੇ ਛੱਤ ਨੂੰ ਸਾਫ ਰੱਖਿਆ ਜਾਵੇ।

### ਪੁਰਾਣੇ ਸੁੱਕੇ ਖੂਹਾਂ ਦੁਆਰਾਂ ਪਾਣੀ ਦਾ ਰਿਚਾਰਜ :

ਇਹ ਆਮ ਤੌਰ ਤੇ ਦੇਖਿਆ ਗਿਆ ਹੈ ਕਿ ਭਾਰੀ ਮੀਂਹ ਦੇ ਦੌਰਾਨ ਖੇਤਾਂ ਵਿੱਚ ਬਹੁਤ ਸਾਰਾ ਪਾਣੀ ਖੜ੍ਹਾ ਹੋ ਜਾਂਦਾ ਹੈ। ਜਿਸ ਨਾਲ ਝੋਨੇ ਤੋਂ ਬਿਨਾਂ ਹੋਰ ਫਸਲਾਂ ਜਿਵੇਂ ਕਿ ਮੱਕੀ, ਕਪਾਹ, ਸਬਜ਼ੀਆਂ, ਤੇਲ ਬੀਜ ਆਦਿ ਪ੍ਰਭਾਵਿਤ ਹੁੰਦੇ ਹਨ ਅਤੇ ਨਾਲ ਹੀ ਪਾਣੀ ਦੀ ਵੱਡੀ ਮਾਤਰਾ ਵਿੱਚ ਬਰਬਾਦੀ ਹੁੰਦੀ ਹੈ। ਖੇਤਾਂ ਵਿੱਚ ਖੜੇ ਮੀਂਹ ਦੇ ਵਾਧੂ ਪਾਣੀ ਨੂੰ ਸੰਭਾਲਣ ਦਾ ਸਭ ਤੋਂ ਆਸਾਨ ਤਰੀਕਾ ਇਹ ਹੈ ਕਿ ਪੁਰਾਣੇ ਸੁੱਕੇ ਖੂਹਾਂ ਰਾਹੀਂ ਰਿਚਾਰਜ ਕੀਤਾ ਜਾਵੇ । ਨਹਿਰਾਂ ਦਾ ਵਾਧੂ ਪਾਣੀ ਵੀ ਇਨ੍ਹਾਂ ਰਾਹੀਂ ਰੀਚਾਰਜ ਕੀਤਾ ਜਾ ਸਕਦਾ ਹੈ। ਕਈ ਵਾਰੀ ਮੀਂਹ ਦੇ ਮੌਸਮ ਵਿੱਚ ਨਹਿਰੀ ਪਾਣੀ ਦੀ ਮਾਤਰਾ ਕਾਫੀ ਵੱਧ ਜਾਂਦੀ ਤੇ ਕਿਸਾਨ ਨੂੰ ਸਿੰਚਾਈ ਲਈ ਉਸ ਦੀ ਜ਼ਰੂਰਤ ਨਹੀਂ ਹੁੰਦੀ। ਇਸ ਪਾਣੀ ਨੂੰ ਨਾ-ਵਰਤੋਂ ਵਿੱਚ ਆਉਣ ਵਾਲੇ ਖੂਹਾਂ ਰਾਹੀਂ ਰੀਚਾਰਜ ਕੀਤਾ ਜਾ ਸਕਦਾ ਹੈ। ਪਰ ਇਨ੍ਹਾਂ ਦੀ ਖੂਹਾਂ ਨੂੰ ਵਰਤੋਂ ਵਿੱਚ ਲਿਆਉਣ ਲਈ ਇਹਨਾਂ ਦੀ ਸਫਾਈ ਬਹੁਤ ਜ਼ਰੂਰੀ ਹੈ।

### ਮਾਨਸਿਕ ਤਣਾਅ ਦੂਰ ਕਰਨ ਵਿਚ ਜਾਣੋ ਕੀ ਹੈ ਯੋਗ ਅਭਿਆਸ ਦੀ ਮਹੱਤਤਾ

ਵਰਖਾ ਰੁੱਤ ਸਮੇਂ ਖੂਹ ਵਿੱਚ ਜ਼ਹਿਰੀਲੀਆਂ ਗੈਸਾਂ ਹੁੰਦੀਆਂ ਹਨ ਜੋ ਕਿ ਜਾਨਲੇਵਾ ਹੋ ਸਕਦੀਆਂ ਹਨ, ਸਾਨੂੰ ਵਾਧੂ ਇਹਤਿਆਤ ਵਰਤਣ ਦੀ ਜਰੂਰਤ ਹੈਂ । ਖੂਹ ਦੀ ਸਫ਼ਾਈ ਕਰਨ ਤੋਂ ਬਾਅਦ, ਤਲ ਦੇ 15 ਸੈਂਟੀਮੀਟਰ ਉਪਰਲੀ ਮਿੱਟੀ ਦੀ ਪਰਤ ਨੂੰ, ਸ਼ਿਲਿੰਗ ਪ੍ਰਭਾਵ ਤੋਂ ਬਚਾਣ ਲਈ, ਹਟਾ ਦੇਣਾ ਜਾਣਾ ਚਾਹੀਦਾ ਹੈ। ਖੂਹ ਤੋਂ ਥੋੜ੍ਹਾ ਪਹਿਲੇ ਪਾਣੀ ਨੂੰ ਟੋਏ ਵਿੱਚ ਪਾ ਦੇਣਾ ਚਾਹੀਦਾ ਹੈ ਤਾਂ ਜੋ ਪਾਣੀ ਵਿਚਲਾ ਗਾਰ ਹੇਠਾਂ ਰਹਿ ਜਾਵੇ ਅਤੇ ਨਿੱਤਰਿਆ ਹੋਇਆ ਪਾਣੀ ਖੂਹ ਵੱਲ ਜਾਵੇ। ਇਹ ਵੀ ਸ਼ਿਫਾਰਸ ਕੀਤੀ ਜਾਂਦੀ ਹੈ ਟੋਏ ਦੀ ਬਨਾਵਟ ਸ਼ੰਕੂ ਆਕਾਰ ਵਿੱਚ ਕੀਤੀ ਜਾਵੇ ਤਾਂ ਉਹ ਪਾਸਿਆ ਤੋਂ ਡਿੱਗਦਾ ਨਹੀਂ ਹੈ।

### ਝੋਨੇ ਦੇ ਖੇਤਾਂ ਵਿਚ ਵੱਟਾ ਦੀ ਵਾਧੂ ਉਚਾਈ:-

ਝੋਨੇ ਦੇ ਖੇਤਾਂ ਦੀ ਵੱਟ ਦੀ ਉਚਾਈ ਨੂੰ ਵਧਾਇਆ ਜਾ ਸਕਦਾ ਹੈ ਤਾਂ ਜੋ ਮੀਂਹ ਦਾ ਪਾਣੀ ਅਤੇ ਕਿਸਾਨ ਦੇ ਖੇਤ ਦਾ ਖਾਦ ਉਸਦੇ ਖੇਤ ਵਿੱਚ ਰਹੇ। ਝੋਨੇ ਦੇ ਖੇਤ ਵਿਚ, ਵੱਧ ਤੋਂ ਵੱਧ ਮੀਂਹ ਦੀ ਸੰਭਾਲ ਵਾਸਤੇ, ਹਲਕਿਆਂ, ਮੱਧਮ ਅਤੇ ਭਾਰੀ ਜ਼ਮੀਨਾਂ ਵਿਚ ਪ੍ਰਭਾਵਸ਼ਾਲੀ ਵੱਟ ਦੀ ਉਚਾਈ 17.5, 22.5 ਅਤੇ 27.5 ਸੈਂਟੀਮੀਟਰ ਕ੍ਰਮਵਾਰ ਦੀ ਸਿਫਾਰਸ਼ ਕੀਤੀ ਗਈ ਹੈ । ਇਸ ਸਧਾਰਣ ਅਭਿਆਸ ਨਾਲ ਝੋਨੇ ਦਾ ਖੇਤ ਬਰਸਾਤ ਦੇ ਮੌਸਮ ਵਿਚ ਰੀਚਾਰਜ ਬੇਸਿਨ ਦਾ ਕੰਮ ਕਰੇਗਾ ।

### ਪਿੰਡ ਦੇ ਛੱਪੜਾਂ ਦੀ ਸਫਾਈ:

ਰਾਜ ਵਿੱਚ 18,000 ਤੋਂ ਵੱਧ ਪਿੰਡ ਦੇ ਛੱਪੜ ਹਨ। ਪਿੰਡ ਦੇ ਘਰਾਂ ਦਾ ਗੰਦਾ ਪਾਣੀ ਇਨ੍ਹਾਂ ਛੱਪੜਾਂ ਵਿੱਚ ਵਗਦਾ ਹੈ। ਪਾਣੀ ਸੰਭਾਲਣ ਦੀ ਸਮਰੱਥਾ ਵਧਾਉਣ ਅਤੇ ਇਹ ਨਿਸ਼ਚਿਤ ਕਰਨ ਲਈ ਕਿ ਪਾਣੀ ਦੀ ਕੁਆਲਟੀ ਖੇਤੀਬਾੜੀ ਲਈ ਠੀਕ ਹੈ ਤਾਂ ਛੱਪੜਾਂ ਦਾ ਸ਼ੋਧਿਕਰਣ ਕੀਤਾ ਜਾਵੇ। ਇਸ ਦੇ ਨਾਲ ਨਾ ਕੇਵਲ ਜ਼ਮੀਨ ਹੇਠਲੇ ਪਾਣੀ ਦਾ ਸਤਰ ਉੱਪਰ ਆਏਗਾ ਬਲਕਿ ਪੇਂਡੂ ਵਤਾਵਰਨ ਅਤੇ ਆਰਥਿਕ ਹਾਲਾਤਾਂ ਵਿਚ ਵੀ ਸੁਧਾਰ ਹੋਵੇਗਾ। ਪਾਣੀ ਨੂੰ ਖੇਤੀਬਾੜੀ ਦੇ ਖੇਤਾਂ ਵਿਚ ਲਿਜਾਣ ਲਈ ਇਨ੍ਹਾਂ ਤਲਾਬਾਂ ਵਿਚੋਂ ਜ਼ਮੀਨਦੋਜ਼ ਪਾਈਪਾਂ ਲਾਈਆਂ ਜਾਣੀਆਂ ਚਾਹੀਦੀਆਂ ਹਨ। ਵਿਭਾਗ ਦੇ ਇੱਕ ਅੰਦਾਜ਼ੇ ਅਨੁਸਾਰ ਸਿੰਜਾਈ ਲਈ ਪਿੰਡ ਦੇ ਛੱਪੜ ਦੇ ਪਾਣੀ ਦੀ ਮੁਰੰਮਤ ਅਤੇ ਮੁੜ ਵਰਤੋਂ ਨਾਲ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਪ੍ਰਤੀ ਸਾਲ 6 ਸੈਮੀ. ਤੱਕ ਘੱਟ ਜਾਵੇਗੀ।

### ਧਰਤੀ ਹੇਠਲੇ ਪਾਣੀ ਦਾ ਰੀਚਾਰਜ ਕਰਦੇ ਸਮੇਂ ਸਾਵਧਾਨੀਆਂ :

ਕਈ ਕਿਸਾਨ ਸਿੱਧੇ ਤੌਰ ’ਤੇ ਆਪਣੇ ਖੇਤ ਦਾ ਰੇੜੂ ਪਾਣੀ ਨੂੰ ਬੋਰ ਖੂਹ ਜਾਂ ਸਬਮਰਸੀਬਲ ਬੋਰਾਂ ਵੱਲ ਮੋੜ ਰਹੇ ਹਨ। ਅਜਿਹਾ ਕਰਦੇ ਸਮੇਂ ਧਰਤੀ ਹੇਠਲੇ ਪਾਣੀ ਦੇ ਦੂਸ਼ਿਤ ਹੋਣ ਦਾ ਬਹੁਤ ਵੱਡਾ ਜੋਖਮ ਹੁੰਦਾ ਹੈ। ਝੋਨੇ ਦੇ ਖੇਤ ਵਿੱਚ ਕਈ ਖੇਤੀ ਰਸਾਇਣ ਜਿਵੇਂ ਕੀਟ ਨਾਸ਼ਕਾਂ, ਖਾਦਾਂ, ਨਦੀਨ ਨਾਸ਼ਕਾਂ, ਜੈਵਿਕ ਖਾਦ, ਸੂਖਮ ਜੀਵ-ਜੰਤੂ ਆਦਿ ਮੌਜੂਦ ਹਨ। ਜੇ ਅਸੀਂ ਇਸ ਕਿਸਮ ਦੇ ਪਾਣੀ ਨੂੰ ਸ਼ੁੱਧ ਧਰਤੀ ਹੇਠਲੇ ਪਾਣੀ ਵਿਚ ਸਿੱਧਾ ਰਿਚਾਰਜ ਕਰਦੇ ਹਾਂ ਤਾਂ ਅਸੀਂ ਸ਼ੁੱਧ ਪਾਣੀ ਨੂੰ ਵੀ ਦੂਸ਼ਿਤ ਕਰ ਰਹੇ ਹਾਂ। ਇਸ ਨਾਲ ਪਾਣੀ ਦੀ ਗੁਣਵੱਤਾ ’ਤੇ ਵੀ ਮਾੜਾ ਅਸਰ ਪਵੇਗਾ। ਜੇ ਕਿਸਾਨ ਖੇਤਾਂ ਦਾ ਰੇੜੂ ਪਾਣੀ ਨੂੰ ਸਬਮਰਸੀਬਲ ਬੋਰ ਵੱਲ ਮੋੜ ਰਹੇ ਹਨ ਤਾਂ ਸਬਮਰਸੀਬਲ ਪੰਪ ਦੀ ਕਾਰਜ ਸਮਰੱਥਾ ਤੇ ਮਾੜਾ ਅਸਰ ਪੈਂਦਾ ਹੈਂ ਅਤੇ ਉਹ ਲੰਬੇ ਸਮੇਂ ਤਕ ਸਹੀ ਕੰਮ ਨਹੀਂ ਕਰ ਸਕੇਗਾ। ਇਸ ਲਈ ਧਰਤੀ ਹੇਠਲੇ ਪਾਣੀ ਦੇ ਰੀਚਾਰਜਿੰਗ ਤਕਨੀਕ ਨੂੰ ਅਪਣਾਉਂਦੇ ਸਮੇਂ ਸਾਨੂੰ ਵਧੇਰੇ ਜ਼ਿੰਮੇਵਾਰ ਹੋਣਾ ਚਾਹੀਦਾ ਹੈ ।

---

# ਤੋਹਫ਼ਾ

ਲਿਖਤ : ਵਰਿੰਦਰ ਸ਼ਰਮਾ



ਬਾਰ੍ਹਾਂ-ਤੇਰ੍ਹਾਂ ਸਾਲ ਦਾ ਮੁੰਡਾ ਨੰਦੂ ਸਾਡੇ ਮੁਹੱਲੇ ’ਚ ਬੱਚਿਆਂ ਦੇ ਖਿਡੌਣੇ ਵੇਚਣ ਆਉਂਦਾ। ਪਹਿਲੀ ਵਾਰ ਬੰਸਰੀਆਂ ਵੇਚਣ ਆਇਆ। ਬੰਸਰੀਆਂ ਵੇਚਣ ਦਾ ਉਸ ਦਾ ਆਪਣਾ ਵੱਖਰਾ ਹੀ ਅੰਦਾਜ਼ ਸੀ। ਹੀਰੋ ਫਿਲਮ ਦੇ ਗੀਤ ਦੀ ਬੇਹੱਦ ਦਿਲਖਿੱਚਵੀ ਧੁਨ ਵਜਾਉਂਦਾ ਸੀ। ਮੁਹੱਲੇ ਦੇ ਬੱਚੇ ਚਾਈਂ-ਚਾਈਂ ਬੰਸਰੀਆਂ ਖਰੀਦਣ ਪੁੱਜ ਜਾਂਦੇ। ਬੱਚਿਆਂ ਨੂੰ ਬੰਸਰੀ ਵਜਾਉਣੀ ਵੀ ਨਹੀਂ ਆਉਂਦੀ ਸੀ, ਫਿਰ ਵੀ ਜ਼ਿੱਦ ਕਰਕੇ ਉਹ ਬੰਸਰੀਆਂ ਖਰੀਦ ਕੇ ਹੀ ਹਟਦੇ। ਹਰ ਵਾਰ ਨੰਦੂ ਵੰਨ-ਸੁਵੰਨੇ ਖਿਡੌਣੇ ਵੇਚਣ ਲਈ ਲੈ ਕੇ ਆਉਂਦਾ। ਮੈਨੂੰ ਉਹ ਬਹੁਤ ਬੁਰਾ ਲੱਗਦਾ। ਇਸ ਲਈ ਇੱਕ ਦਿਨ ਗੁੱਸੇ ਵਿੱਚ ਮੈਂ ਉਸ ਨੂੰ ਕਿਹਾ, ‘‘ਤੂੰ ਕਿਸੇ ਸਕੂਲ ’ਚ ਦਾਖਲਾ ਕਿਉਂ ਨਹੀਂ ਲਿਆ? ਐਵੇਂ ਗਲੀਆਂ ’ਚ ਧੱਕੇ ਖਾਂਦਾ ਰਹਿੰਦਾ ਏਂ।’’ ਉਸ ਨੇ ਹਉਕਾ ਲੈਂਦਿਆਂ ਕਿਹਾ, ‘‘ਬਾਬੂ ਜੀ, ਛੋਟੀ ਉਮਰੇ ਮੈਂ ਯਤੀਮ ਹੋ ਗਿਆ। ਮੇਰੇ ਚਾਚੇ ਨੇ ਮੈਨੂੰ ਅਤੇ ਮੇਰੀਆਂ ਭੈਣਾਂ ਨੂੰ ਘਰੋਂ ਕੱਢ ਦਿੱਤਾ। ਇੱਕ ਖਾਲੀ ਪਲਾਟ ’ਚ ਝੌਂਪੜੀ ਪਾ ਕੇ ਅਸੀਂ ਸਾਰੇ ਛੋਟੇ-ਮੋਟੇ ਕੰਮ ਕਰਕੇ ਗੁਜ਼ਾਰਾ ਕਰਨ ਲੱਗੇ।’’ ਮੈਨੂੰ ਉਸ ਦੀ ਗੱਲ ਸੁਣ ਕੇ ਠੇਸ ਤਾਂ ਪਹੁੰਚੀ, ਪਰ ਉਸ ਦੇ ਰੋਜ਼ਾਨਾ ਗਲੀ ’ਚ ਆਉਣ ਨਾਲ ਸਾਡੇ ਬੱਚੇ ਬਹੁਤ ਜ਼ਿੱਦੀ ਹੋ ਜਾਣ ਕਾਰਨ ਸਾਡੀ ਪ੍ਰੇਸ਼ਾਨੀ ਦਾ ਸਬੱਬ ਬਣ ਗਏ।

ਇੱਕ ਵਾਰ ਤਾਂ ਹੱਦ ਹੀ ਹੋ ਗਈ, ਜਦੋਂ ਉਹ ਗੱਟਾ ਵੇਚਣ ਲਈ ਗਾਉਂਦਾ ਗਾਉਂਦਾ ਸਾਡੇ ਘਰਾਂ ਵੱਲ ਆ ਗਿਆ। ਕਹਿੰਦਾ, ‘‘ਗੱਟਾ ਲੈਚੀਆਂ ਵਾਲਾ, ਗੱਟਾ ਦੱਨਿਆਂ ਵਾਲਾ। ਲੈ ਲਉ ਗੱਟਾ..., ਜਿਹੜਾ ਬੱਚਾ ਗੱਟਾ ਨਾ ਖਾਏ ਉਹ ਭਲਕੇ ਸਕੂਲ ਵੀ ਨਾ ਜਾਏ।’’ ਇਹ ਸੁਣ ਕੇਮੇਰਾ ਗੁੱਸਾ ਸੱਤਵੇਂ ਆਸਮਾਨ ’ਤੇ ਪਹੁੰਚ ਗਿਆ। ਮੈਂ ਕਿਹਾ, ‘‘ਆਪ ਤਾਂ ਤੂੰ ਸਕੂਲ ਜਾਂਦਾ ਨਹੀਂ ਤੇ ਸਾਡੇ ਬੱਚਿਆਂ ਨੂੰ ਕਿਹੋ ਜਿਹੀ ਨਸੀਹਤ ਦੇ ਰਿਹਾ ਏਂ!’’

ਇੱਕ ਦਿਨ ਮੇਰੇ ਬੇਟੇ ਅੰਜੁਮ ਦਾ ਜਨਮ ਦਿਨ ਸੀ। ਦਫ਼ਤਰ ਤੋਂ ਘਰ ਆ ਕੇ ਮੈਂ ਅੰਜੁਮ ਲਈ ਕੇਕ, ਮਠਿਆਈ ਆਦਿ ਦਾ ਪ੍ਰਬੰਧ ਕਰਕੇ ਬਾਜ਼ਾਰ ਤੋਂ ਵਾਪਸ ਆ ਰਿਹਾ ਸੀ ਤਾਂ ਨੰਦੂ ਨੂੰ ਹੈਪੀ ਬਰਥਡੇਅ ਵਾਲੇ ਗੁਬਾਰੇ ਵੇਚਦਾ ਵੇਖਿਆ। ਮੈਂ ਗੁਬਾਰਿਆਂ ਦੀ ਕੀਮਤ ਪੁੱਛੀ। ਨੰਦੂ ਨੇ ਕਿਹਾ, ‘‘ਬਾਬੂ ਜੀ, ਵੈਸੇ ਤਾਂ ਮੈਂ 400 ਰੁਪਏ ਦੇ ਵੇਚਦਾ ਹਾਂ, ਪਰ ਤੁਹਾਡੇ ਲਈ 300 ਰੁਪਏ ਦੇ।’’ ‘‘ਵਾਹ ਬਈ ਵਾਹ 200 ਰੁਪਏ ਵਾਲੇ 300 ਦੇ! ਮੰਨ ਗਏ ਤੈਨੂੰ ਨੰਦੂ। ਜਾ, ਦਫ਼ਾ ਹੋ ਜਾ ਇੱਥੋਂ। ਆ ਜਾਂਦੇ ਨੇ ਠੱਗ ਕਿਤੋਂ ਦੇ। ਬੇਈਮਾਨ ਕਿਸੇ ਥਾਂ ਦਾ।’’ ਮੈਂ ਆਖਿਆ, ਪਰ ਅੰਜੁਮ ਕਿੱਥੇ ਮੰਨਣ ਵਾਲਾ ਸੀ। ਜ਼ਿੱਦ ਕਰਕੇ ਜ਼ਮੀਨ ’ਤੇ ਲੇਟ ਜ਼ੋਰ-ਜ਼ੋਰ ਦੀ ਰੋਣ ਲੱਗਿਆ। ਮਜਬੂਰਨ ਮੈਂ ਨੰਦੂ ਨੂੰ ਆਵਾਜ਼ ਮਾਰੀ ਅਤੇ ਗੁਬਾਰੇ ਖਰੀਦਣ ਲਈ ਉਸ ਨੂੰ 500 ਦਾ ਨੋਟ ਦਿੱਤਾ। ਉਸ ਕੋਲ ਖੁੱਲ੍ਹੇ ਪੈਸੇ ਨਹੀਂ ਸਨ, ਪਰ ਮੈਂ ਬਾਕੀ ਪੈਸੇ ਵਾਪਸ ਚਾਹੁੰਦਾ ਸੀ। ਮੈਂ ਸੋਚਿਆ ਕਿ ਫੇਰ ਕਿਧਰੇ ਆਵੇ ਜਾਂ ਨਾ। ਉਹ ਬੱਚਾ ਮੇਰੀ ਭਾਵਨਾ ਨੂੰ ਸਮਝ ਗਿਆ। ਉਸ ਤੋਂ ਆਪਣੇ ਹਮਉਮਰ ਅੰਜੁਮ ਦੀ ਇਹ ਹਾਲਤ ਵੇਖੀ ਨਾ ਗਈ। ਉਸ ਨੇ ਝੱਟ ਅੰਜੁਮ ਨੂੰ ਆਪਣੀ ਤਰਫ਼ੋਂ ਹੈਪੀ ਬਰਥਡੇਅ ਕਹਿੰਦਿਆਂ ਗੁਬਾਰੇ ਤੋਹਫ਼ੇ ਵਜੋਂ ਦੇ ਦਿੱਤੇ। ਉਸ ਨੇ ਕਿਹਾ, ‘‘ਮੇਰੇ ਵੱਲੋਂ ਭਰਾ ਨੂੰ ਤੋਹਫ਼ਾ।’’ ਮੈਂ ਬਹੁਤ ਸ਼ਰਮਿੰਦਾ ਹੋਇਆ। ਮੈਂ ਉਸ ਨੂੰ 500 ਰੁਪਏ ਦੇਣ ਦੀ ਬੇਹੱਦ ਕੋਸ਼ਿਸ਼ ਕੀਤੀ, ਪਰ ਹੁਣ ਉਸ ਨੇ ਪੈਸੇ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮੇਰੇ ਅੰਦਰੋਂ ਆਵਾਜ ਆਈ ਕਿ ਛੋਟੇ ਜਿਹੇ ਬੱਚੇ ਦਾ ਕਿੰਨਾ ਵੱਡਾ ਦਿਲ। ਮੈਂ ਮਨ ਹੀ ਮਨ ਵਿੱਚ ਕਿਹਾ, ‘‘ਛੋਟਾ ਮੈਂ ਜਾਂ ਇਹ ਮਜਬੂਰ ਬੱਚਾ? ਕੌਣ ਠੱਗ ਤੇ ਕੌਣ ਬੇਈਮਾਨ...?’’



# ਚੰਗੀ ਸਿੱਖਿਆ



ਰਮੇਸ਼ ਤੀਸਰੀ ਜਮਾਤ ਵਿਚ ਪੜ੍ਹਦਾ ਸੀ। ਉਹ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਉਹ ਦਿਨ ਦਾ ਜ਼ਿਆਦਾ ਸਮਾਂ ਪੜ੍ਹਨ ਅਤੇ ਲਿਖਣ ਵਿਚ ਲਗਾਉਂਦਾ ਸੀ। ਇਸ ਕਾਰਨ ਉਸਦੀ ਲਿਖਾਈ ਵੀ ਬਹੁਤ ਸੁੰਦਰ ਹੋ ਗਈ ਸੀ। ਉਸਦੇ ਸਕੂਲ ਵਿਚ ਉਸਦੀ ਸੁੰਦਰ ਲਿਖਾਈ ਦੀ ਹਰ ਕੋਈ ਪ੍ਰਸੰਸਾ ਕਰਨ ਲੱਗਾ। ਇਸ ਕਾਰਨ ਉਸ ਵਿਚ ਹੰਕਾਰ ਪੈਦਾ ਹੋਣ ਲੱਗ ਪਿਆ। ਹੌਲੀ ਹੌਲੀ ਉਹ ਇਹ ਸਮਝਣ ਲੱਗ ਪਿਆ ਕਿ ਉਹ ਜੋ ਕੁਝ ਕਰਦਾ ਹੈ ਉਹ ਸਹੀ ਹੈ। ਹੁਣ ਉਸਦੇ ਹੰਕਾਰ ਕਾਰਨ ਉਸ ਵਿਚ ਕਈ ਔਗੁਣ ਪੈਦਾ ਹੋ ਰਹੇ ਸਨ। ਇਕ ਦਿਨ ਤੀਸਰੀ ਜਮਾਤ ਦੇ ਇੰਚਾਰਜ ਨੇ ਕਿਹਾ ਕਿ ਜਮਾਤ ਦੇ ਮਨੀਟਰ ਦੀ ਚੋਣ ਮਹੀਨੇ ਦੇ ਅਖੀਰਲੇ ਦਿਨ ਨੂੰ ਕੀਤੀ ਜਾਵੇਗੀ। ਹਰੇਕ ਵਿਦਿਆਰਥੀ ਦੇ ਸਾਰੇ ਗੁਣਾਂ ਨੂੰ ਵੇਖ ਕੇ ਮਨੀਟਰ ਚੁਣਿਆ ਜਾਵੇਗਾ। ਹਰੇਕ ਵਿਦਿਆਰਥੀ ਨੂੰ ਆਪਣੇ ਆਪ ਨੂੰ ਸਾਬਤ ਕਰਨ ਲਈ ਪੂਰਾ ਮਹੀਨਾ ਹੈ। ਇਸ ਲਈ ਮਿਹਨਤ ਕਰਨ ਲਈ ਜੁਟ ਜਾਓ। ਸਾਰੇ ਬੱਚੇ ਅਧਿਆਪਕ ਦੀਆਂ ਹਦਾਇਤਾਂ ਮੁਤਾਬਕ ਜੁਟ ਗਏ।

ਮਨੀਟਰ ਦੀ ਚੋਣ ਦਾ ਦਿਨ ਆ ਗਿਆ। ਰਮੇਸ਼ ਨੂੰ ਅੱਜ ਪੂਰਾ ਭਰੋਸਾ ਸੀ ਕਿ ਉਹ ਹੀ ਜਮਾਤ ਦਾ ਮਨੀਟਰ ਹੋਵੇਗਾ। ਇਸ ਕਰਕੇ ਅੱਜ ਉਹ ਇਸ ਹੰਕਾਰ ਵਿਚ ਕਈਆਂ ਨੂੰ ਰੋਅਬ ਮਾਰਦਾ ਰਿਹਾ। ਸਕੂਲ ਲੱਗ ਗਿਆ। ਮਾਸਟਰ ਜੀ ਜਮਾਤ ਵਿਚ ਆਏ ਤਾਂ ਸਭ ਦੀਆਂ ਨਜ਼ਰਾਂ ਮਾਸਟਰ ਜੀ ਵੱਲ ਸਨ। ਮਾਸਟਰ ਜੀ ਨੇ ਜੋ ਨਵੇਂ ਮਨੀਟਰ ਦਾ ਨਾਂ ਦੱਸਿਆ, ਉਹ ਗੁਰਵਿੰਦਰ ਸਿੰਘ ਸੀ। ਰਮੇਸ਼ ਇਹ ਸੁਣ ਕੇ ਰੋਣ ਲੱਗ ਪਿਆ ਅਤੇ ਸਕੂਲ ਵਿਚੋਂ ਭੱਜ ਗਿਆ। ਮਾਸਟਰ ਜੀ ਨੇ ਉਸ ਦੇ ਘਰ ਫੋਨ ਕਰ ਦਿੱਤਾ। ਕੁਝ ਦੇਰ ਬਾਅਦ ਉਸ ਦੇ ਪਿਤਾ ਜੀ ਉਸਨੂੰ ਛੱਡਣ ਆ ਗਏ। ਉਹ ਵੀ ਉਦਾਸ ਸਨ। ਉਨ੍ਹਾਂ ਨੇ ਮਾਸਟਰ ਜੀ ਨੂੰ ਪੁੱਛਿਆ, 'ਹੁਸ਼ਿਆਰ ਹੋਣ ਅਤੇ ਸੁੰਦਰ ਲਿਖਾਈ ਤੋਂ ਬਾਅਦ ਵੀ ਉਨ੍ਹਾਂ ਦੇ ਬੇਟੇ ਨੂੰ ਮਨੀਟਰ ਕਿਉਂ ਨਹੀਂ ਬਣਾਇਆ?' ਮਾਸਟਰ ਜੀ ਨੇ ਉੱਤਰ ਦਿੱਤਾ, 'ਅੱਜ ਜੋ ਹਰਕਤ ਇਸ ਨੇ ਕੀਤੀ ਹੈ, ਇਹ ਹੀ ਮੇਰਾ ਜਵਾਬ ਹੈ ਕਿ ਇਸ ਨੂੰ ਮਨੀਟਰ ਕਿਉਂ ਨਹੀਂ ਬਣਾਉਣਾ ਚਾਹੀਦਾ।' ਰਮੇਸ਼ ਦੇ ਪਿਤਾ ਜੀ ਨੂੰ ਸਮਝ ਆ ਗਈ ਅਤੇ ਉਨ੍ਹਾਂ ਨੇ ਮਾਸਟਰ ਜੀ ਤੋਂ ਮੁਆਫ਼ੀ ਮੰਗੀ। ਮਾਸਟਰ ਜੀ ਬੋਲੇ, 'ਸਕੂਲ ਸਾਰਿਆਂ ਲਈ ਹੈ। ਇਹ ਉਹ ਥਾਂ ਹੈ ਜੋ ਆਦਮੀ ਨੂੰ ਇਨਸਾਨ ਬਣਾਉਣ ਵਿਚ ਮਦਦ ਕਰਦੀ ਹੈ।

ਮਨੀਟਰ ਅਧਿਆਪਕ ਦਾ ਪਰਛਾਵਾਂ ਹੋਣਾ ਚਾਹੀਦਾ ਹੈ। ਹੰਕਾਰ, ਬਦਤਮੀਜ਼ੀ ਅਤੇ ਆਪਣੇ ਆਲੇ ਦੁਆਲੇ ਦੀ ਸਫ਼ਾਈ ਨਾ ਰੱਖਣ ਵਾਲਿਆਂ ਨੂੰ ਮਨੀਟਰ ਨਹੀਂ ਬਣਾਇਆ ਜਾ ਸਕਦਾ। ਬੇਸ਼ੱਕ ਨਵਾਂ ਮਨੀਟਰ ਰਮੇਸ਼ ਵਰਗੀ ਸੁੰਦਰ ਲਿਖਾਈ ਨਹੀਂ ਕਰਦਾ, ਪਰ ਉਸਦੀ ਲਿਖਾਈ ਵੀ ਸੁੰਦਰ ਹੈ ਅਤੇ ਪੜ੍ਹਨ ਵਿਚ ਵੀ ਬਹੁਤ ਵਧੀਆ ਹੋਣ ਦੇ ਨਾਲ ਨਾਲ ਹਰੇਕ ਬੱਚੇ ਨਾਲ ਪਿਆਰ ਨਾਲ ਰਹਿੰਦਾ ਹੈ। ਅਧਿਆਪਕ ਦੀ ਆਗਿਆ ਦਾ ਪਾਲਣ ਕਰਦਾ ਹੈ। ਜਦੋਂ ਕਿ ਇਹ ਗੁਣ ਰਮੇਸ਼ ਵਿਚ ਨਹੀਂ ਹਨ। ਹੁਣ ਰਮੇਸ਼ ਨੇ ਇਹ ਸਭ ਕੁਝ ਸਿੱਖਣਾ ਹੈ ਤਾਂ ਕਿ ਇਹ ਚੰਗਾ ਇਨਸਾਨ ਬਣ ਸਕੇ। ਅਜਿਹਾ ਕਰਨ ਨਾਲ ਹੋ ਸਕਦਾ ਹੈ ਕਿ ਇਹ ਅਗਲੇ ਸਾਲ ਮਨੀਟਰ ਬਣ ਸਕੇ।'

ਰਮੇਸ਼ ਨੂੰ ਵੀ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ। ਉਸਨੇ ਆਪਣੇ ਅਧਿਆਪਕ ਅਤੇ ਬੱਚਿਆਂ ਤੋਂ ਮੁਆਫ਼ੀ ਮੰਗੀ ਅਤੇ ਅੱਗੇ ਤੋਂ ਅਧਿਆਪਕ ਦੀ ਸਿੱਖਿਆ ਦੀ ਪਾਲਣਾ ਕਰਨ ਅਤੇ ਸਭ ਨਾਲ ਪਿਆਰ ਨਾਲ ਰਹਿਣ ਦਾ ਵਾਅਦਾ ਕੀਤਾ। ਫਿਰ ਸਾਰੇ ਬੱਚਿਆਂ ਨੇ ਆਪਣੇ ਨਵੇਂ ਮਨੀਟਰ ਨੂੰ ਵਧਾਈਆਂ ਦਿੱਤੀਆਂ।

**ਸੁਖਦੀਪ ਸਿੰਘ ਗਿੱਲ**
**ਸੰਪਰਕ : 94174-51887**

## ਰਸਤਾ ਲੱਭੋ



## ਬਿੰਦੂ ਮਿਲਾਓ



## ਸ਼ਬਦ ਲੱਭੋ

ਕੀ ਤੁਸੀਂ ਹੇਠਾਂ ਦਿੱਤੇ ਚਿੱਤਰ 'ਚ ਦਿੱਤੇ ਗਏ ਸ਼ਬਦਾਂ ਦਾ ਪਤਾ ਲੱਗਾ ਸਕਦੇ ਹੋ... ?

| | | | | | | | | | | | |
|---|---|---|---|---|---|---|---|---|---|---|---|
| A | Q | U | I | L | A | P | M | U | S | C | A |
| P | A | N | D | G | E | M | I | N | I | R | R |
| E | H | Y | D | R | A | P | A | S | O | A | M |
| G | L | I | B | R | A | T | U | O | C | T | S |
| A | E | V | F | D | C | E | C | S | A | E | C |
| S | C | A | I | O | S | A | M | E | I | R | S |
| U | C | A | X | R | R | E | N | R | T | A | L |
| S | O | U | E | D | G | N | A | C | R | U | P |
| A | R | P | L | L | L | O | A | Y | E | R | S |
| C | D | I | E | P | U | Y | L | X | A | R | A |
| N | P | C | O | A | T | M | N | G | R | U | S |
| O | Y | T | M | V | M | O | A | X | A | I | C |
| R | X | O | I | O | I | E | R | L | P | V | U |
| M | I | R | N | R | I | S | N | P | U | E | T |
| A | S | C | O | R | P | I | U | S | S | L | U |
| L | E | O | R | L | U | P | U | S | A | A | M |

APUS
AQUILA
ARA
ARIES
CAELUM
CANCER
CETUS
CRATER
CRUX
~~DRACO~~
FORNAX
GEMINI
GRUS
HYDRA
LEO
LEO MINOR
LEPUS
LIBRA
LUPUS
LYNX
LYRA
MENSA
MUSCA
NORMA
OCTANS
ORION
PAVO
PEGASUS
PERSEUS
PICTOR
PISCES
PUPPIS
PYXIS
SCORPIUS

# ਗਣਿਤ ਦੀਆਂ ਉਲਝਣਾਂ ਕਰੋ ਦੂਰ

ਗਣਿਤ ਦੇ ਸਵਾਲ ਹੱਲ ਕਰਨਾ ਹਮੇਸ਼ਾ ਮਜ਼ੇਦਾਰ ਹੁੰਦਾ ਹੈ, ਬੇਸ਼ਰਤੇ ਤੁਸੀਂ ਸਵਾਲ ਨੂੰ ਚੰਗੀ ਤਰ੍ਹਾਂ ਸਮਝ ਜਾਵੋ। ਉਥੇ ਹੀ ਅਲਜ਼ਬਰਾ ਦਾ ਐਕਸ, ਵਾਈ, ਜ਼ੈੱਡ ਕਈ ਵਾਰ ਤੁਹਾਡਾ ਮੂਡ ਆਫ ਕਰ ਦਿੰਦਾ ਹੋਵੇਗਾ ਤੇ ਇਨ੍ਹਾਂ ਦੇ ਫਾਰਮੂਲੇ ਅਕਸਰ ਤੁਹਾਨੂੰ ਉਲਝਾ ਦਿੰਦੇ ਹੋਣਗੇ। ਕਈ ਬੱਚਿਆਂ ਨੂੰ ਇਹ ਵਿਸ਼ਾ ਬੇਹੱਦ ਬੋਰਿੰਗ ਲੱਗਦਾ ਹੋਵੇਗਾ ਪਰ ਅਲਜ਼ਬਰਾ ਬੜੇ ਕੰਮ ਦਾ ਹੈ। ਜੇ ਤੁਸੀਂ ਚਾਹੋ ਤਾਂ ਕੁਝ ਵੈੱਬਸਾਈਟਾਂ ਦੀ ਮਦਦ ਨਾਲ ਗਣਿਤ ਦੀਆਂ ਉਲਝਣਾਂ ਨੂੰ ਆਸਾਨੀ ਨਾਲ ਦੂਰ ਕਰ ਸਕਦੇ ਹੋ।



### ਅਲਜ਼ਬਰਾ ਟੱਚ

ਇਹ ਇਕ ਮਜ਼ੇਦਾਰ ਐਪ ਹੈ, ਜੋ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਹਿੱਸਾ ਬਣ ਸਕਦਾ ਹੈ। ਇੱਥੇ ਟਰਮ ਮੈਨੀਪੁਲੇਸ਼ਨ, ਇਕਵੇਸ਼ਨ ਸਾਲਵਿੰਗ ਆਦਿ ਬਿਲਕੁਸ ਆਸਾਨ ਬਣਾ ਦਿੱਤੇ ਜਾਂਦੇ ਹਨ। ਜਿਵੇਂ ਹੀ ਤੁਸੀਂ ਕੋਈ ਪਾਠ ਚੁਣੋਗੇ, ਉਸ ਨਾਲ ਜੁੜੀ ਇਕ ਬੇਸਿਕ ਸਮੱਸਿਆ ਤੁਹਾਡੇ ਸਾਹਮਣੇ ਆ ਜਾਵੇਗੀ। ਇਸ ਦੇ ਨਾਲ ਲਿਖਤੀ ਐਕਸਪਲਾਨੇਸ਼ਨ ਵੀ ਹੋਵੇਗੀ, ਜਿੱਥੋਂ ਤੁਸੀਂ ਆਸਾਨੀ ਨਾਲ ਉਸ ਨੂੰ ਸਮਝ ਜਾਵੋਗੇ। ਐਕਸਪਲਾਨੇਸ਼ਨ ਨਾਲ ਨਿਰਦੇਸ਼ ਹੋਣਗੇ, ਜਿਨ੍ਹਾਂ ਦੀ ਵਰਤੋਂ ਕਰਦੇ ਹੋਏ ਤੁਸੀਂ ਜਵਾਬ ਤਕ ਪਹੁੰਚ ਜਾਵੋਗੇ।

### ਮੈਥਸ ਗੂਡੀਜ਼

ਇਹ ਵੈੱਬਸਾਈਟ ਤੁਹਾਨੂੰ ਅਲਜ਼ਬਰਾ ਪਹਿਲੇ ਪੜਾਅ ਤੋਂ ਸਿਖਾਉਂਦੀ ਹੈ, ਜਿਸ ਦੀ ਸ਼ੁਰੂਆਤ ਪ੍ਰੀ-ਅਲਜ਼ਬਰਾ ਤੋਂ ਸ਼ੁਰੂ ਹੁੰਦੀ ਹੈ। ਇੱਥੇ ਤੁਹਾਨੂੰ ਇਸ ਤਰ੍ਹਾਂ ਦੇ ਚੈਪਟਰ ਮਿਲਦੇ ਹਨ, ਜਿਨ੍ਹਾਂ ਦੀ ਮਦਦ ਨਾਲ ਤੁਸੀਂ ਬਹੁਤ ਆਸਾਨੀ ਨਾਲ ਇਕ-ਇਕ ਗੱਲ ਸਿੱਖ ਸਕਦੇ ਹੋ। ਗੇਮਜ਼ ਸੈਕਸ਼ਨ 'ਚ ਅਜਿਹੀਆਂ ਗੇਮਾਂ ਹਨ, ਜੋ ਅਲਜ਼ਬਰਾ ਦੇ ਨਾਲ-ਨਾਲ ਹੋਰ ਮੈਥੇਮੈਟੀਕਲ ਕੰਸੈਪਟ ਬਾਰੇ ਵੀ ਤੁਹਾਡੀ ਸਮਝ ਵਧੇਗੀ। ਇਹ ਇਕ ਐਨੀਮੇਟਿਡ ਗੇਮ ਨੂੰ ਦਿਖਾਉਂਦਾ ਹੈ ਕਿ ਦਸ਼ਮਲਵ ਨੂੰ ਕਿਵੇਂ ਮਲਟੀਪਲਾਈ ਕੀਤਾ ਜਾਵੇਸ਼

### ਮੈਥ ਪਲਾਨੈੱਟ

ਇਸ ਵੈੱਬਸਾਈਟ ਦਾ ਉਦੇਸ਼ ਗਣਿਤ ਦੇ ਗਿਆਨ ਨੂੰ ਦੁਨੀਆ ਭਰ 'ਚ ਫੈਲਾਉਣਾ ਹੈ। ਇਸ ਦਾ ਐਜੂਕੇਸ਼ਨਲ ਮਟੀਰੀਅਲ ਤਾਂ ਅਮਰੀਕਾ ਦੇ ਹਾਈ ਸਕੂਲ ਗਣਿਤ 'ਤੇ ਆਧਾਰਤ ਗੈ। ਇਥੇ ਵੀਡੀਓ ਸੈਕਸ਼ਨ 'ਚ ਤੁਸੀਂ ਗਣਿਤ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਪੜਆਦਰ ਤਰੀਕੇ ਸਿਖਾਏ ਜਾਂਦੇ ਹਨ। ਇਥੇ ਤੁਹਾਨੂੰ ਲੀਨੀਅਰ ਇਕਵੇਸ਼ਨ ਤੇ ਕਵਾਡ੍ਰੇਟਿਕ ਇਕਵੇਸ਼ਨ ਵੀ ਸਿੱਖਣ ਨੂੰ ਮਿਲੇਗਾ।

### ਮੈਥਾਲਿਸ਼ੀਅਸ

ਸਕੂਲੀ ਬੱਚਿਆਂ ਦੇ ਮਨ 'ਚ ਗਣਿਤ ਤੇ ਅਲਜ਼ਬਰਾ ਬਾਰੇ ਜੋ ਡਰ ਰਹਿੰਦਾ ਹੈ, ਉਸ ਨੂੰ ਦੂਰ ਕਰਨਾ ਹੀ ਇਸ ਵੈੱਬਸਾਈਟ ਦਾ ਉਦੇਸ਼ ਹੈ। ਇਥੇ ਮੌਜੂਦ ਪਾਠ ਤਾਜ਼ਾ ਤੇ ਪ੍ਰਸੰਗਿਕ ਉਦਾਹਰਣਾਂ ਨਾਲ ਭਰੇ ਹਨ। ਇੱਥੇ ਦੱਸਿਆ ਜਾਂਦਾ ਹੈ ਕਿ ਕਿਸੇ ਵਿਸ਼ੇਸ਼ ਕੰਸੈਪਟ ਨੂੰ ਰਿਅਲ ਵਰਲਡ ਪ੍ਰਾਬਲਮ ਨੂੰ ਹੱਲ ਕਰਨ ਲਈ ਕਿਵੇਂ ਇਸਤੇਮਾਲ ਕੀਤਾ ਜਾ ਸਕਦਾ ਹੈ।




# ਕਾਵਿ-ਲਹਿਰਾਂ

## ਓ ਪੰਜਾਬੀਆ!

ਵੇਲੇ ਨੂੰ ਤੂੰ ਮੁੜ ਕੇ ਸੰਭਾਲ, ਓ ਪੰਜਾਬੀਆ!
ਕਾਹਤੋਂ ਹੋਇਆ ਫਿਰੇਂ ਬਦਹਾਲ, ਓ ਪੰਜਾਬੀਆ!
'ਕੱਠੇ ਹੋ ਕੇ ਮੇਲੇ ਵਿੱਚ ਭੰਗੜਾ ਵੀ ਪਾਉਣਾ ਹੈ।
ਅੜੀ ਪਾ ਕੇ ਰੁੱਸੇ ਹੋਏ ਯਾਰਾਂ ਨੂੰ ਮਨਾਉਣਾ ਹੈ।
ਦੋਸਤੀ ਦੀ ਬਣ ਜਾ ਮਿਸਾਲ, ਓ ਪੰਜਾਬੀਆ!
ਹਾਣੀਆਂ ਦੇ ਨਾਲ ਦੁਖਾਂ-ਸੁਖਾਂ ਨੂੰ ਮਨਾ ਲਈਏ।
ਸੁੱਤੇ ਹੋਏ ਲੋਕਾਂ ਨੂੰ ਹਲੂਣ ਕੇ ਜਗਾ ਲਈਏ।
ਲੰਘ ਜਾਊ ਖ਼ੁਸ਼ੀ ਨਾਲ ਸਾਲ, ਓ ਪੰਜਾਬੀਆ!
ਮਿਲੀਏ-ਮਿਲਾਈਏ ਆ ਕੇ ਵਿੱਚ ਸੰਸਾਰ ਦੇ।
'ਰੂਹੀ-ਨਵ-ਦੀਪ' ਤੈਨੂੰ 'ਵਾਜਾਂ ਪਏ ਨੇ ਮਾਰਦੇ।
ਐਵੇਂ ਨਾ ਜਵਾਨੀ ਨੂੰ ਤੂੰ ਗਾਲ਼, ਓ ਪੰਜਾਬੀਆ!
ਦੁਨੀਆਂ ਦਾ ਮੇਲਾ ਚਾਰ ਦਿਨ ਦਾ ਹੈ ਫੇਰਾ ਬਈ।
ਫੇਰ ਕਾਹਤੋਂ ਲੜਨਾ ਤੇ ਕਹਿਣਾ ਮੇਰਾ-ਤੇਰਾ ਬਈ।
ਡਿੱਗਦੇ ਨੂੰ ਭੱਜ ਕੇ ਸੰਭਾਲ, ਓ ਪੰਜਾਬੀਆ!
ਕੁੱਖ ਵਿੱਚ ਬੱਚੀਆਂ ਨੂੰ ਮਾਰਨਾ ਤੂੰ ਛੱਡ ਦੇ।
ਦਾਜ ਤੇ ਸ਼ਰਾਬ ਦੀ ਕੁਰੀਤ ਘਰੋਂ ਕੱਢ ਦੇ।
ਤਾਹੀਓਂ ਬਣੂੰ ਦੇਸ਼ ਖ਼ੁਸ਼ਹਾਲ, ਓ ਪੰਜਾਬੀਆ!
ਪੁੱਟੇ ਰੁੱਖ-ਪੌਦੇ ਮਾਤਾ ਧਰਤੀ ਹੈ ਰੋ ਰਹੀ।
ਸੁੱਕੇ ਨਦੀ-ਨਾਲਿਆਂ ਦੀ ਹਾਲਤ ਕੀ ਹੋ ਰਹੀ।
ਹੋਰ ਦਾ ਹੀ ਹੋਰ ਹੋਇਆ ਹਾਲ, ਓ ਪੰਜਾਬੀਆ!
ਕਰਜ਼ੇ 'ਚ ਤੇਰਾ ਅੱਜ ਵਾਲ਼-ਵਾਲ਼ ਫਸਿਆ।
ਵਿਗੜੇ ਹਾਲਾਤ ਨੇ ਸ਼ਿਕੰਜਾ ਹੋਰ ਕੱਸਿਆ।
ਹੋਇਆ ਫਿਰੇਂ ਏਸੇ ਲਈ ਕੰਗਾਲ, ਓ ਪੰਜਾਬੀਆ!
ਦੁੱਖਾਂ ਵਾਲੇ ਦਿਨ ਤੇਰੇ ਛੇਤੀ ਕੱਟ ਜਾਣਗੇ।
ਬੱਦਲ ਮੁਸੀਬਤਾਂ ਦੇ ਛੇਤੀ ਹਟ ਜਾਣਗੇ।
ਛੱਡ ਰੋਣਾ ਕਰ ਨਾ ਮਲਾਲ, ਓ ਪੰਜਾਬੀਆ!

**ਲਿਖਤ : ਪ੍ਰੋ. ਨਵ ਸੰਗੀਤ ਸਿੰਘ**
**ਸੰਪਰਕ : 94176-92015**

## ਵੰਡ

ਖਿੱਚੀ ਲੀਕ ਮੁਲਕਾਂ ਵਿੱਚ ਲੀਡਰਾਂ ਨੇ,
ਭੁਗਤਣਾ ਪਿਆ ਲੋਕਾਂ ਨੂੰ ਦੰਡ ਬਾਬਾ।
ਭਾਈ ਭਾਈਆਂ 'ਚ ਵੈਰ ਪੁਆ ਦਿੱਤੇ,
ਕਰ ਦੇਸ਼ ਸਾਡੇ ਦੀ ਵੰਡ ਬਾਬਾ।

ਇੱਕ ਹਿੰਦ ਤੇ ਦੂਜਾ ਪਾਕ ਹੋਇਆ,
ਕਰੀ ਇੱਕ ਦੂਜੇ ਵੱਲ ਕੰਡ ਬਾਬਾ।
ਅੱਜ ਵੇਖ ਲਓ ਓਧਰ ਕੀ ਹਾਲ ਹੋਇਆ,
ਮਹਿੰਗੇ ਆਟਾ ਲੂਣ ਤੇ ਖੰਡ ਬਾਬਾ।

ਉਹ ਮੁਲਕ ਦੀਵਾਲੀਆ ਹੋ ਚੱਲਿਆ,
ਚੜ੍ਹਾਈ ਕਰਜ਼ੇ ਦੀ ਬੈਠਾ ਪੰਡ ਬਾਬਾ।
ਰਾਸ਼ਨ ਮਹਿੰਗਾ ਬੰਦੂਕਾਂ ਸਸਤੀਆਂ ਨੇ,
ਤਾੜ ਤਾੜ ਕਰਦੀਆਂ ਚੰਡ ਬਾਬਾ।

ਉਹ ਇੱਧਰ ਨੂੰ ਆਉਣਾ ਲੋਚਦੇ ਨੇ,
ਖੁੱਲ੍ਹੇ ਕਦੋਂ ਜੋ ਮਾਰੀ ਗੰਢ ਬਾਬਾ।
ਓਏ, ਕਰੋ ਸ਼ਾਂਤੀ ਲੈਣਾ ਕੀ ਲੜ ਕੇ,
ਦਿਨ ਚਾਰ ਸੌਖੇ ਜਾਣ ਲੰਘ ਬਾਬਾ।

ਬਖ਼ਸ਼ੋ, ਸੁਮੱਤ ਭੁੱਲੇ ਭਟਕਿਆਂ ਨੂੰ,
ਪੱਤੋ, ਆਖੇ ਵਰਤਾਈਂ ਠੰਢ ਬਾਬਾ।

**ਲਿਖਤ : ਹਰਪ੍ਰੀਤ ਪੱਤੋ**
**ਸੰਪਰਕ: 94658-21417**

## ਦਿਲ ਦਾ ਦਰਦ

ਫੁੱਲਾਂ ਜਿਹਾ ਕੋਮਲ ਦਿਲ ਮੇਰਾ
ਲਾ ਠੋਕਰ ਛੱਲੀ ਕੀਤਾ ਏ ।
ਨਾ ਸਮਝੇ ਜਾਣ ਦੁੱਖ ਸਹਿ ਲਿਆ
ਅਸੀਂ ਘੁੱਟ ਸਬਰ ਦਾ ਪੀਤਾ ਏ ॥

ਮਨ ਰੋਇਆ ਦਿਲ ਦੇ ਦਰਦ ਨਾਲ
ਅੱਖਾਂ ਗਿੱਲੀਆਂ ਤੇ ਮੂੰਹ ਸੀਤਾ ਏ ॥
ਮਨ ਸੋਚ ਸੋਚ ਕੇ ਹਾਰ ਗਿਆ
ਕੀ ਜ਼ੁਲਮ ਅਸਾਂ ਨੇ ਕੀਤਾ ਏ ॥

ਸਜਾ ਸੀ ਜਾਂ ਭੁੱਲ ਕੋਈ
ਜਾਂ ਗੁਨਾਹ ਸੀ ਕੋਈ ਕੀਤਾ ਏ ॥
ਜਾਂ ਸੀ ਵੈਰ ਕੋਈ ਜਨਮ ਦਾ
ਜੋ ਬਦਲਾ ਆਣ ਅੱਜ ਲੀਤਾ ਏ ॥

ਬਣ ਪਹੇਲੀ ਜਿਹੀ ਦਰਦ ਮੇਰਾ
ਮੇਰੀ ਸੋਚ ਵਿੱਚ ਘਰ ਕੀਤਾ ਏ ॥
ਇਕ ਦਰਦ ਤੇ ਦੂਜਾ ਸੋਚ ਦਰਦ ਦੀ
ਸੁਰਜੀਤ ਅਕਲੋਂ ਕਮਲਾ ਕੀਤਾ ਏ ॥

ਉਹ ਹੱਸੇ ਪਾਗਲ ਕਹਿ ਕਹਿ ਕੇ
ਜਿਨ੍ਹਾਂ ਦਰਦ ਅਸਾਂ ਨੂੰ ਦਿੱਤਾ ਏ ॥
ਮੇਰੀ ਪੀੜ ਮੈਂ ਹੀ ਜਾਣਦਾ ਹਾਂ
ਜਾਂ ਜਾਣੇ ਜਿਨ੍ਹੇ ਦੁੱਖ ਪੀਤਾ ਏ ॥

**ਲਿਖਤ : ਸੁਰਜੀਤ ਸਿੰਘ**

## ਮੁਹਤਾਜ

ਜੋ ਖੁੱਲ ਹੀ ਜਾਏ ਸੱਜਣਾ ਓ ਰਾਜ਼ ਨੀ ਹੁੰਦਾ।
ਮੋਹ ਬਾਹਲਾ ਮੁਲਾਕਾਤਾਂ ਦਾ ਮੁਹਤਾਜ ਨੀ ਹੁੰਦਾ।
ਜੋ ਖੁੱਲ ਹੀ ਜਾਏ......

ਨਸੀਬ ਜਿਨਾਂ ਦੇ ਚੰਗੇ ਓ ਮਸਤ ਹੁੰਦੇ ਨੇ।
ਉੱਝ ਇਮਤਿਹਾਨ ਏਥੇ ਜ਼ਬਰਦਸਤ ਹੁੰਦੇ ਨੇ।

ਸੋਚ ਸਮਝ ਕੇ ਕਰ ਏਥੇ ਕਾਜ ਨੀ ਹੁੰਦਾ।
ਮੋਹ ਬਾਹਲਾ ਮੁਲਾਕਾਤਾਂ ਦਾ ਮੁਹਤਾਜ ਨੀ ਹੁੰਦਾ।
ਜੋ ਖੁੱਲ ਹੀ ਜਾਏ......

ਕੋਈ ਲਾਉਂਦਾ ਏਥੇ ਜਿੰਦੇ ਤੇ ਕਈ ਜਿੰਦੀਆ ਨੇ।
ਤਸਵੀਰਾਂ ਵੀ ਬੰਦੇ ਨੂੰ ਸਬਰ ਦਿੰਦੀਆਂ ਨੇ।

ਹਰ ਬਣਾਇਆ ਮਹਿਲ ਸਦਾ ਤਾਜ ਨੀ ਹੁੰਦਾ।
ਮੋਹ ਬਾਹਲਾ ਮੁਲਾਕਾਤਾਂ ਦਾ ਮੁਹਤਾਜ ਨੀ ਹੁੰਦਾ।
ਜੋ ਖੁੱਲ ਹੀ ਜਾਏ......

ਜੇ ਸੋਚ ਚੰਗੀ ਤੇ ਦਿਲ ਵੀ ਚੰਗਾ ਹੋਣਾ।
ਨਰਿੰਦਰ ਲੜੋਈ ਜ਼ਿੰਦਗੀ ਦਾ ਮੁਕ ਜਾਓ ਰੋਣਾ।

ਬਾਹਲਾ ਚਿਰ ਕਦੇ ਕਿਸੇ ਨਾਲ ਲਿਹਾਜ਼ ਨੀ ਹੁੰਦਾ।
ਮੋਹ ਬਾਹਲਾ ਮੁਲਾਕਾਤਾਂ ਦਾ ਮੁਹਤਾਜ ਨੀ ਹੁੰਦਾ।
ਜੋ ਖੁੱਲ ਹੀ ਜਾਏ......

**ਲਿਖਤ : ਨਰਿੰਦਰ ਲੜੋਈ ਵਾਲਾ**
**ਸੰਪਰਕ : 89687-88181**

## ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ

(ਸ਼ਹੀਦੀ-ਪ੍ਰਸੰਗ)

ਕੈਨੇਡਾ 'ਚ ਪੰਜਾਬੀਆਂ ਦੀ ਚੜਦੀ ਕਲਾ
ਮੰਗਦੇ ਪੰਜਾਬੀ ਸਰਬੱਤ ਦਾ ਭਲਾ
ਜਿੱਤਦੇ ਨੇ ਚੋਣਾਂ ਮਾਣਦੇ ਵਜ਼ੀਰੀਆਂ
ਵੱਧ ਫੁਲ ਰਹੀਆਂ ਸਾਡੀਆਂ ਪਨੀਰੀਆਂ
ਬਣੀਆਂ ਨੇ ਜੱਜ ਗੁਰਸਿੱਖ ਬੀਬੀਆਂ
ਹਰ ਪਾਸੇ ਹੈਣ ਚੰਗੀਆਂ ਨਸੀਬੀਆਂ
ਪਰ ਫੁੱਲ ਖ਼ੁਸ਼ੀਆਂ ਦੇ ਐਵੇਂ ਨੀ ਖਿਲੇ
ਥਾਲੀ 'ਚ ਪਰੋਸ ਕੇ ਮੁਕਾਮ ਨੀਂ ਮਿਲੇ
ਜਾਨ ਦੇ ਕੇ ਹੱਕ ਲਏ ਜਿਹੜੇ ਸਿੰਘ ਜੀ
ਉਹਦਾ ਨਾਂ ਸ਼ਹੀਦ ਭਾਈ ਮੇਵਾ ਸਿੰਘ ਸੀ
ਉਸ ਸੱਚੇ ਸੂਰਮੇ ਦੀ ਸਾਖੀ ਸੁਣਿਓ
ਆਪਾ ਵਾਰ ਕੀਤੀ ਕਿਵੇਂ ਰਾਖੀ ਸੁਣਿਓ
ਪਿੰਡ ਲੋਪੋਕੇ ਤੇ ਪਿਤਾ ਨੰਦ ਸਿੰਘ ਸੀ
ਔਲਖਾਂ ਦੇ ਘਰ ਜੰਮੇ ਮੇਵਾ ਸਿੰਘ ਜੀ
'ਠਾਰਾਂ ਸੌ ਤੇ ਅੱਸੀ ਵਿਚ ਜਨਮ ਲਿਆ
ਇੱਕੀ ਸਾਲ ਮਗਰੋਂ ਕੈਨੇਡਾ ਮੱਲਿਆ
ਜਦੋਂ ਬੰਦੇ ਦੇਸ ਦੁੱਖ ਨੇ ਹੰਢਾਂਵਦੇ
ਹੋਕੇ ਮਜਬੂਰ ਪਰਦੇਸ ਆਂਵਦੇ
ਮੇਵਾ ਸਿੰਘ ਵੀ ਪੰਜਾਬੋਂ ਚਾਲੇ ਪਾਏ ਸੀ
ਸਾਡੇ ਵਾਂਗਰਾਂ ਹੀ ਉਹ ਕੈਨੇਡਾ ਆਏ ਸੀ
ਪਰ ਇਥੇ ਜਦੋਂ ਵਿਤਕਰਾ ਤੱਕਿਆ
ਦਿਲ ਤੇ ਨਾ ਉਦੋਂ ਕਾਬੂ ਗਿਆ ਰੱਖਿਆ
ਗੋਰੀ ਸਰਕਾਰ ਦੀਆਂ ਧੱਕੇ-ਸ਼ਾਹੀਆਂ
ਭਾਈ ਮੇਵਾ ਸਿੰਘ ਦੇ ਨਾ ਰਾਸ ਆਈਆਂ
ਨਸਲੀ ਵਧੀਕੀਆਂ ਸਿਖਰ ਛੋਹਿਆ
ਹੱਕ ਵੋਟ ਵਾਲਾ ਵੀ ਸੀ ਗਿਆ ਖੋਹਿਆ
ਭਾਰਤੀ ਕੈਨੇਡਾ ਅਖੇ ਨਹੀਂ ਰੱਖਣੇ
ਹੌਂਡੂਰਸ ਮੱਛਰਾਂ ਦੇ ਅੱਗੇ ਧੱਕਣੇ
ਜ਼ੁਲਮ ਦਾ ਉਦੋਂ ਹੱਦ ਬੰਨਾ ਤੋੜਿਆ
ਜਦ 'ਗੁਰੂ ਨਾਨਕ ਜਹਾਜ਼' ਮੁੜਿਆ
ਕਾਲੇ ਦਿਲ ਵਾਲੀ ਚਿੱਟੀ ਸਰਕਾਰ ਨੇ
ਸ਼ੁਰੂ ਕਰ ਦਿੱਤੇ ਸਿੱਖ ਆਗੂ ਮਾਰਨੇ
ਭਾਈ ਭਾਗ ਸਿੰਘ ਤੇ ਬਦਨ ਸਿੰਘ ਜੋ
ਗੁਰੂ ਦੀ ਹਜ਼ੂਰੀ ਮਾਰੇ ਮੋਚੀ ਸਿੰਘ ਦੋ
ਮੇਵਾ ਸਿੰਘ ਜਦੋਂ ਅੱਖੀਂ ਕਹਿਰ ਤੱਕਿਆ
ਰੋਸ ਦਿਲ ਅੰਦਰ ਗਿਆ ਨਾ ਡੱਕਿਆ
ਡਿੱਗੀ ਪੱਗ ਸਿਰ 'ਤੇ ਟਿਕਾਈ ਸਿੰਘ ਨੇ
ਹਾਪਕਿਨਸਨ ਸੋਧ ਦਿੱਤਾ ਸਿੰਘ ਨੇ
ਕਰਕੇ ਕਤਲ ਯੋਧਾ ਨਹੀਂ ਭੱਜਿਆ
ਖਿੜੇ ਮੱਥੇ ਮੇਵਾ ਸਿੰਘ ਫਾਂਸੀ ਲੱਗਿਆ
ਜੇ ਨਾ ਭਾਈ ਮੇਵਾ ਸਿੰਘ ਜਾਨ ਵਾਰਦੇ
ਨਸਲੀ ਜਬਰ ਨ ਕਦੇ ਵੀ ਹਾਰਦੇ
ਹਾਪਕਿਨਸਨ ਨੂੰ ਜੇ ਸੋਧਾ ਲਾਉਂਦੇ ਨਾ
ਭਾਰਤੀ ਕੈਨੇਡਾ 'ਚ ਕਦੇ ਵੀ ਆਉਂਦੇ ਨਾ
ਜੇ ਨਾ ਮੇਵਾ ਸਿੰਘ ਜੀ ਸ਼ਹੀਦ ਗੱਜਦੇ
ਹਰਪਾਲ ਸਿੰਘਾ ਫੇਰ ਨਾ ਜੈਕਾਰੇ ਵੱਜਦੇ
ਵਾਰਦੇ ਨਾ ਉਹ ਜੇ ਸਾਹਾਂ ਦੀਆਂ ਡੋਰੀਆਂ
ਕੈਨੇਡਾ 'ਚ ਪੰਜਾਬੀ ਨਾ ਮਨਾਉਂਦੇ ਲੋਹੜੀਆਂ



**ਲਿਖਤ : ਭਾਈ ਹਰਪਾਲ ਸਿੰਘ ਲੱਖਾ**

## ਅੰਦਰ ਤੇਰੇ

ਕਰਦੀਆਂ ਨੇ ਪ੍ਰਭਾਵਿਤ ਚੀਜ਼ਾਂ ਇੱਕ ਦੂਜੇ ਨੂੰ ਖਿੱਚ ਦੀਆਂ
ਬੜੀਆਂ ਡੂੰਘੀਆਂ ਮਰਜਾਂ ਨੇ ਚਿੱਤ ਦੀਆਂ ਤੇਰੇ ਵਿੱਚ ਦੀਆਂ

ਹੋਰ ਜੂਨਾਂ ਦੇ ਨਾਲ਼ ਨਾ ਚੰਗਾ ਤੇਰਾ ਧਰਤ ਤੇ ਘੋਲ਼ ਰਿਹਾ
ਜਿਸ ਦੀ ਕੁਦਰਤ ਦੇ ਨਾਲ਼ ਬੰਦਿਆ ਕਰ ਤੂੰ ਹੁਣ ਕਲੋਲ ਰਿਹਾ
ਅੰਦਰੋਂ ਲੱਭ ਲੈ ਲੱਭ ਸਕਨੈਂ ਰੱਬ ਅੰਦਰ ਤੇਰੇ ਬੋਲ ਰਿਹਾ

ਕਿਰਤ ਕਰਨ ਤੇ ਵੰਡ ਛਕਣ ਲਈ ਦਿੱਤਾ ਜਨਮ ਮਨੁੱਖਾਂ ਨੂੰ
ਨਾ ਸਾਗਰ ਨਾ ਜੰਗਲ ਛੱਡੇ ਬਾਝ ਤੂੰ ਕਰਤਾ ਕੁੱਖਾਂ ਨੂੰ

ਜੱਗ ਜਨਨੀ ਦੀ ਇੱਜਤ ਨੂੰ ਵੀ ਵਿੱਚ ਬਜਾਰ ਦੇ ਰੋਲ ਰਿਹਾ
ਜਿਸ ਦੀ ਕੁਦਰਤ ਦੇ ਨਾਲ਼ ਬੰਦਿਆ,ਕਰ ਤੂੰ ਹੁਣ ਕਲੋਲ ਰਿਹਾ
ਅੰਦਰੋਂ ਲੱਭ ਲੈ ਲੱਭ ਸਕਨੈਂ ਰੱਬ ਅੰਦਰ ਤੇਰੇ ਬੋਲ ਰਿਹਾ

ਵੱਡੇ ਵੱਡੇ ਦਾਨਵ ਘੁੰਮਣ ਜੋ'ਹਰ ਚੀਜ ਡਕਾਰ ਗਏ
ਪੰਜ ਤੱਤਾਂ ਦੇ ਪੁਤਲੇ ਨੇ ਜੋ ਹੱਦੋਂ ਵੱਧ ਹੰਕਾਰ ਗਏ

ਮੈਂ ਦੇ ਝੇੜੇ ਵਿੱਚ ਪੈ ਕੇ ਕਿਉਂ ਮੁੱਖੋਂ ਬੋਲ ਕੁਬੋਲ ਰਿਹਾ
ਜਿਸ ਦੀ ਕੁਦਰਤ ਦੇ ਨਾਲ਼ ਬੰਦਿਆ ਕਰ ਤੂੰ ਹੁਣ ਕਲੋਲ ਰਿਹਾ
ਅੰਦਰੋਂ ਲੱਭ ਲੈ ਲੱਭ ਸਕਨੈਂ ਰੱਬ ਅੰਦਰ ਤੇਰੇ ਬੋਲ ਰਿਹਾ

ਹੱਥੀਂ ਕਰਨਾ ਘਾਣ ਤੂੰ ਇੱਕ ਦਿਨ ਅਪਣੀ ਹੀ ਬਰਬਾਦੀ ਦਾ
ਧੰਨਿਆਂ ਹੋਰਾਂ ਨੂੰ ਨਾ ਮਾਣਨ ਦਿੱਤਾ ਨਿੱਘ ਅਜਾਦੀ ਦਾ

ਵੇਖ ਸੁਨਾਮੀ ਅੰਧੀ ਝੱਖੜ ਕਿਉਂ ਕਰਨੀ ਤੇ ਡੋਲ ਰਿਹਾ
ਜਿਸ ਦੀ ਕੁਦਰਤ ਦੇ ਨਾਲ਼ ਬੰਦਿਆ ਕਰ ਤੂੰ ਹੁਣ ਕਲੋਲ ਰਿਹਾ
ਅੰਦਰੋਂ ਲੱਭ ਲੈ ਲੱਭ ਸਕਨੈਂ ਰੱਬ ਅੰਦਰ ਤੇਰੇ ਬੋਲ ਰਿਹਾ

**ਲਿਖਤ : ਧੰਨਾ ਧਾਲੀਵਾਲ਼**

## ਹੱਥੀਂ ਪੱਥਰ ਫੜਿਆ ਹੁੰਦਾ ਏ

ਜਦ ਉਸ ਹੱਥੀਂ ਪੱਥਰ ਫੜਿਆ ਹੁੰਦਾ ਏ।
ਹਰ ਸ਼ੀਸ਼ੇ ਨੇ ਹਉਕਾ ਭਰਿਆ ਹੁੰਦਾ ਏ।

ਪਾਗਲ ਭੀੜ ਜਦੋਂ ਵੀ ਨਿਕਲੇ ਰਾਹਾਂ 'ਤੇ
ਹਰ ਬੰਦਾ ਹੀ ਉਦੋਂ ਡਰਿਆ ਹੁੰਦਾ ਏ।

ਅੱਜਕੱਲ੍ਹ ਸੀਸ ਕਟਾਉਣਾ ਪੈਂਦਾ ਸੱਚੇ ਨੂੰ
ਝੂਠਾਂ ਅੱਗੇ ਜਿਹੜਾ ਅੜਿਆ ਹੁੰਦਾ ਏ।

ਮਰ ਜਾਵਣ ਦੀ ਗੱਲ ਜਦ ਕਰਦਾ ਰੋ ਰੋ ਕੇ
ਬੰਦਾ ਉਦੋਂ ਦਿਲ ਤੋਂ ਸੜਿਆ ਹੁੰਦਾ ਏ।

ਹੋਰ ਵਸਾਉਣਾ ਦਿਲ ਵਿੱਚ ਔਖਾ ਕੰਮ ਹੁੰਦਾ
ਜਦ ਪਹਿਲਾਂ ਹੀ ਕੋਈ ਵਸਿਆ ਹੁੰਦਾ ਏ।

ਜੱਗ ਤੋਂ ਲੰਘ ਜਾਂਦਾ ਹੈ ਉਹ ਬਿਨ ਡਿੱਗਿਆਂ ਹੀ
ਜਿਸ ਦਾ ਹੱਥ ਉਸ ਦਾਤੇ ਫੜਿਆ ਹੁੰਦਾ ਏ।

ਭੀੜ ਪਤਾ ਕਿਉਂ ਰਹਿੰਦੀ ਅੱਜਕੱਲ੍ਹ ਰਾਹਾਂ 'ਤੇ?
ਰਾਹ 'ਤੇ ਲੋਕਾਂ ਕਬਜ਼ਾ ਕਰਿਆ ਹੁੰਦਾ ਏ।

ਉਸ ਦਾ ਮੰਜ਼ਿਲ ਉੱਤੇ ਪੁੱਜਣਾ ਲਾਜ਼ਮ ਹੈ
ਜੋ ਮੰਜ਼ਿਲ ਨੂੰ ਮਿਥਕੇ ਤੁਰਿਆ ਹੁੰਦਾ ਏ।

ਬਿਨ ਠੋਕਰ ਦੇ ਟੁੱਟਦਾ ਨਹੀਓਂ ਪਾਪ ਘੜਾ
ਚਾਹੇ ਗਲ਼ ਤੱਕ ਪੂਰਾ ਭਰਿਆ ਹੁੰਦਾ ਏ।

**ਲਿਖਤ : ਹਰਦੀਪ ਬਿਰਦੀ**
**ਸੰਪਰਕ : 90416-00900**

## ਗ਼ਜ਼ਲ

ਹੈ ਵਿਰਾਸਤ ਧਰਤ ਸਾਡੀ, ਪੁਰਖਿਆਂ ਦੀ ਬਾਰ ਹੈ
ਸਾਂਭ ਸ਼ਿਕਰੇ ਆਪਣੇ ਤੂੰ, ਕੌਮ ਖੁਦ ਸਰਕਾਰ ਹੈ
ਸਿਰਜਿਆ ਹੈ ਪੱਥਰਾਂ ਦਾ, ਸ਼ਹਿਰ ਸਾਡੀ ਹਿੱਕ 'ਤੇ
ਰੁਕ ! ਸ਼ਿਵੇ ਬਲ਼ਦੇ ਅਜੇ ਤਾਂ, ਅਣਖ ਦੀ ਇਹ ਹਾਰ ਹੈ
ਜੰਗ ਜ਼ਾਰੀ ਰਹਿਣਗੇ ਇਹ, ਸਮਝ ਨਾ ਤੂੰ ਡਰ ਗਏ
ਜੋਸ਼ ਭਾਂਬੜ ਬਣ ਬਲੇਗਾ, ਕਲਮ ਇਕ ਹਥਿਆਰ ਹੈ
ਕਿਉਂ ਨਿਆਂ ਸਾਨੂੰ ਮਿਲੇ ਨਾ, ਹਰ ਅਦਾਲਤ ਚੁੱਪ ਕਿਉਂ
ਹਰ ਚੁਰਾਸੀ ਜਖ਼ਮ ਦੇ ਕੇ, ਕਰਦੀ ਤਾਰੋ- ਤਾਰ ਹੈ
ਕਿਉਂ ਵਧੀਕੀਆਂ ਸਹਾਂਗੇ, ਅੜ ਲਵਾਂਗੇ ਫੈਸਲ਼ੈ
ਜਾਣਦੇ ਹਾਂ ਤੀਰ ਸ਼ਾਹੀ, ਹਿੱਕੋਂ ਹੋਣਾ ਪਾਰ ਹੈ
ਕਫ਼ਨ ਸਿਰ "ਤੇ ਬੰਨ ਲੜਦੇ,ਹੱਦ ਉੱਪਰ ਰਾਤ ਦਿਨ
ਕਿਉਂ ਰਿਹੈ ਪਰ ਹੱਕ ਖਾਤਰ, "ਰੇਤਗੜ੍ਹ" ਤਕਰਾਰ ਹੈ
ਚੰਡੀਗੜ੍ਹ ਪੰਜਾਬ ਦਾ ਸੀ, ਇਹ ਰਹੂ ਪੰਜਾਬ ਦਾ
ਹੱਕ ਤੇਰੇ ਵਿੱਚ ਭਾਂਵੇ, ਲਿਖ ਰਿਹਾ ਅਖ਼ਵਾਰ ਹੈ
ਮੋਹਰਾ ਤੂੰ ਰੱਖਦਾ ਹੈਂ, ਸ਼ਾਜਿਸ਼ਾਂ ਨੂੰ ਘੜਨ ਲਈ
ਸੱਚ ਤੇਰੇ ਤੇ ਰਿਹਾ ਨਾ, ਭੋਰਾ ਵੀ ਇਤਵਾਰ ਹੈ
ਰੜਕਦਾ ਹੀ ਤਾਜ਼ ਸਾਡਾ, ਕਿਉਂ "ਬਾਲੀ" ਦੀ ਅੱਖ ਨੂੰ
ਚਾਲ ਸ਼ਕੁਨੀ ਚੱਲਿਓ ਜੇ , ਤੇਗ਼ ਹੋਣੀ ਪਾਰ ਹੈ

**ਲਿਖਤ : ਬਾਲੀ ਰੇਤਗੜ੍ਹ, +919465129168**

## ਤੇਰੀ ਰਜਾ

ਤੇਰੀ ਰਜਾ ਬਗੈਰ ਜੇਕਰ ਪੱਤਾ ਨੀ ਸਕਦਾ ਝੁੱਲ ਰੱਬਾ,
ਫੇਰ ਤੈਨੂੰ ਵੇਚਣ ਲਈ ਕਿਹਨੇ ਪਾ ਤਾ ਤੇਰਾ ਮੁੱਲ ਰੱਬਾ,
ਮੰਦਿਰ-ਮਸਜਿਦ ਤੇ ਜਾਤ-ਪਾਤ ਦੇ ਨਾਉਂ ਤੇ ਸਿਆਸਤ
ਧਰਮ ਦੇ ਨਾਂ ਤੇ ਦੰਗੇ ਕਰਨ ਦੀ ਕੀਹਨੇ ਦੇ ਤੀ ਖੁੱਲ੍ਹ ਰੱਬਾ,
ਇਥੇ ਮਜਦੂਰ,ਮਜ਼ਲੂਮ ਦਾ ਸ਼ੋਸ਼ਣ ਸ਼ਰੇਆਮ ਹੁੰਦਾ ਏ
ਦੱਸ ਫੇਰ ਵੀ ਕਾਹਤੋਂ ਸਿਉਂਤੇ ਜਾਂਦੇ ਨੇ ਤੇਰੇ ਬੁੱਲ ਰੱਬਾ,
ਕਿਰਤੀ ਕਾਮੇ ਭੁੱਖੇ ਮਰਦੇ ਤੇ ਧਨਾਢ ਮਾਰਣ ਠੱਗੀਆਂ
ਉਲਟੀ ਗੰਗਾ ਵਹਾਉਣ ਦੀ ਕੀਹਨੇ ਕਰਤੀ ਭੁੱਲ ਰੱਬਾ,
ਤੂੰ ਵੀ ਤਾਂ ਹਾਕਮਾਂ,ਸ਼ਾਸ਼ਕਾਂ ਤੇ ਬੇਇਮਾਨਾਂ ਦਾ ਸਾਥ ਦੇਵੇਂ
'ਹੌਸ਼ੀ' ਤਾਂ ਹੀ ਸੱਚ ਨੂੰ ਛੱਡ, ਲੋਕ ਜਾਂਦੇ ਝੂਠ ਦੇ ਵੱਲ ਰੱਬਾ,

**ਲਿਖਤ : ਪਵਨ 'ਹੋਸ਼ੀ, 8054545632**



# ਨਾਰੀ  ਸੰਸਾਰ



## ਤੁਰ ਜਾਵਣ ਇੱਕ ਵਾਰ ਤਾਂ ਮਾਵਾਂ ਲੱਭਦੀਆ ਨਹੀਂ

**ਲਿਖਤ : ਹਰਕੀਰਤ ਕੌਰ**
**ਸੰਪਰ : 9779118066**

ਕਿਸੇ ਕਵੀ ਨੇ ਮਾਂ ਦੀ ਉਪਮਾ ਵਿੱਚ ਬਹੁਤ ਸੋਹਣੀਆਂ ਸਤਰਾਂ ਉਚਾਰੀਆਂ,ਉਹ ਕਹਿੰਦਾ ਹੈ ਕਿ

**ਰੁਤਬਾ ਮਾਂ ਦਾ ਰੱਬ ਬੁਲੰਦ ਕੀਤਾ, ਸਾਨੀ ਮਾਂ**
**ਦਾ ਵਿੱਚ ਸੰਸਾਰ ਕੋਈ ਨਹੀਂ**
**ਦਰਦੀ ਕੋਈ ਨਹੀ ਮਾਂ ਦੇ ਦਿਲ ਵਰਗਾ, ਮਾਂ**
**ਵਾਗੂੰ ਕਰਦਾ ਪਿਆਰ ਕੋਈ ਨਹੀਂ**
**ਜਿਹਦੇ ਸਿਰ ਤੇ ਮਾਂ ਦਾ ਹੱਥ ਹੋਵੇ, ਉਹਨੂੰ**
**ਦੋਹਾਂ ਜਹਾਨਾਂ ਚ ਹਾਰ ਕੋਈ ਨਹੀਂ ।**

ਜ਼ਿੰਦਗੀ ਆਪਣਿਆਂ ਦੇ ਮੋਹ , ਪਿਆਰ ਦੀਆਂ ਤੰਦਾਂ ਦੇ ਕਰਕੇ ਹੀ ਹਸੀਨ ਹੁੰਦੀ ਹੈ। ਸਾਡੇ ਰਿਸ਼ਤੇ ਨਾਤੇ ਹੀ ਸਾਡੀ ਦੁਨੀਆਂ ਹੁੰਦੀ ਹੈ। ਦੁੱਖ ਸੁੱਖ ਦੇ ਸਹਾਇਕ ਸਾਡੇ ਸਾਰੇ ਰਿਸ਼ਤੇ ਸਾਡੇ ਜੀਵਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ। ਹਰ ਰਿਸ਼ਤੇ ਦੀ ਇੱਕ ਆਪਣੀ ਅਹਿਮੀਅਤ ਹੈ। ਹਰ ਰਿਸ਼ਤੇ ਦਾ ਆਪਣਾ ਕਿਰਦਾਰ ਤੇ ਜ਼ਿੰਮੇਵਾਰੀਆਂ ਹਨ। ਪਰ ਪੂਰੀ ਦੁਨੀਆਂ ਵਿੱਚ ਜਿਸ ਰਿਸ਼ਤੇ ਨੂੰ ਸਭ ਤੋਂ ਵੱਧ ਸਤਿਕਾਰਿਆ ਗਿਆ ਉਹ ਹੈ ਮਾਂ ਦਾ ਰਿਸ਼ਤਾ। ਜੱਗ ਜਨਣੀ, ਸਿਰਜਣਹਾਰੀ, ਦੇਵੀ, ਰੱਬ ਦਾ ਰੂਪ, ਇਹ ਸਾਰੇ ਨਾਮ ਮਾਂ ਦੇ ਹਿੱਸੇ ਆਏ ਹਨ। ਮਾਵਾਂ ਹੁੰਦੀਆਂ ਹੀ ਏਨੀਆਂ ਪਿਆਰੀਆਂ ਹਨ, ਆਪਣੇ ਮੂੰਹ ਚੋਂ ਬੁਰਕੀ ਖੋਹ ਬੱਚਿਆਂ ਦੇ ਮੂੰਹ ਚ ਪਾਉਣ ਦਾ ਜ਼ੇਰਾ ਰੱਬ ਨੇ ਬਸ ਮਾਂ ਨੂੰ ਹੀ ਦਿੱਤਾ ਹੈ। ਬੱਚਿਆਂ ਦੇ ਢਿੱਡ ਭਰਨ ਲਈ ਆਪ ਭੁੱਖੇ ਢਿੱਡ ਡੰਗ ਸਾਰਣ ਦਾ ਸਬਰ ਕਾਦਰ ਨੇ ਮਾਂ ਦੀ ਝੋਲੀ ਹੀ ਪਾਇਆ ਹੈ । ਮਾਂ ਅਸਲ ਵਿੱਚ ਹੈ ਹੀ ਸਬਰ ਦਾ ਦੂਜਾ ਨਾਮ! ਇਸਦੀ ਉਦਹਾਰਣ ਵੇਖਣੀ ਹੋਵੇ ਤਾਂ ਪੇਕਿਆਂ ਦੇ ਘਰਾਂ ਵਿੱਚ ਚੁਲਬੁਲੀਆਂ ਧੀਆਂ, ਸੋ ਸੋ ਨਖਰੇ ਕਰਨ ਵਾਲੀਆਂ ਧੀਆਂ ਜਦ ਵਿਆਹ ਤੋਂ ਬਾਅਦ ਮਾਵਾਂ ਬਣਦੀਆਂ ਹਨ ਤਾਂ ਉਹਨਾਂ ਦਾ ਉਹੀ ਚੁਲਬੁਲਾ ਬਣ ਸਿਆਣਪ, ਸਮਝ ਤੇ ਸਬਰ ਵਿੱਚ ਤਬਦੀਲ ਹੋ ਜਾਂਦਾ ਹੈ। ਜਿਹੜੀ ਧੀ ਕੱਚੀ ਨੀਂਦੇ ਉੱਠ ਜਾਣ ਤੇ ਪੇਕਾ ਘਰ ਸਿਰ ਤੇ ਚੁੱਕ ਲੈਂਦੀ, ਮਾਂ ਬਨਣ ਤੋਂ ਬਾਅਦ ਸਾਰੀ ਸਾਰੀ ਰਾਤ ਆਪਣੇ ਬੱਚੇ ਦੀ ਖਾਤਰ ਜਾਗਦੀ ਰਹਿੰਦੀ ਹੈ।

ਮਾਵਾਂ ਦੇ ਹੱਥ ਬਰਕਤਾਂ ਵਾਲੇ ਹੱਥ ਹੁੰਦੇ ਹਨ, ਇਹਨਾਂ ਦੇ ਪੈਰਾਂ ਵਿੱਚ ਵਿਹੜਿਆਂ ਦੀ ਰੌਣਕਾਂ ਲੁੱਡੀਆਂ ਪਾਉਂਦੀਆਂ ਹਨ , ਇਹਨਾਂ ਦੇ ਸਾਏ ਹੇਠਾਂ ਇਹਨਾਂ ਦੇ ਬੱਚੜੇ ਸਰਦਾਰੀਆਂ ਕਰਦੇ ਨੇ। ਪੋਟਾ ਪੋਟਾ ਜੋੜ ਘਰ ਬਣਾਉਂਦੀ ਮਾਂ ਸਾਰੀ ਉਮਰ ਨਹੀਂ ਥੱਕਦੀ, ਬੱਚਿਆਂ ਦੀ ਖਾਤਰ ਆਪਣੇ ਸਾਰੇ ਰੀਝਾਂ ਚਾਵਾਂ, ਮਲਾਰਾਂ ਨੂੰ ਮਾਂ ਕਿਤੇ ਡੂੰਘੀ ਖੱਡ ਵਿੱਚ ਦੱਬ ਦਿੰਦੀ ਹੈ ਤੇ ਆਪਣੇ ਬੱਚਿਆਂ ਤੇ ਘਰ ਪਰਿਵਾਰ ਦੇ ਸੁਪਨਿਆਂ ਨੂੰ ਆਪਣੇ ਸੁਪਨੇ ਬਣਾ ਲੈਂਦੀ ਹੈ।

ਮਾਂ ਇਸ ਕੁਦਰਤ ਦੇ ਸਾਰੇ ਰਿਸ਼ਤਿਆਂ ਤੋਂ ਅਹਿਮ ਤੇ ਪਾਕ ਪਵਿੱਤਰ ਰਿਸ਼ਤਾ ਹੈ, ਪਰ ਅੱਜ ਸਾਡੀਆਂ ਮਾਵਾਂ ਦੀ ਦਸ਼ਾ ਉਨ੍ਹੀਂ ਚੰਗੀ ਨਹੀਂ ਜਿੰਨੀ ਹੋਣੀ ਚਾਹੀਦੀ, ਬਿਰਧ ਘਰਾਂ ਵਿੱਚ ਪਈਆਂ ਮਾਵਾਂ ਨੂੰ ਇੱਕ ਵਾਰ ਮਿਲਣ ਦਾ ਮੌਕਾ ਬਣਿਆ ਤਾਂ ਮਾਂ ਕਹਿਣ ਲੱਗੀ ਪੁੱਤ ਆ ਮੇਰਾ ਲੱਕ ਵੇਖ.... ਇਸ ਲੱਕ ਤੇ ਚੁੱਕ ਚੁੱਕ ਕੇ ਪੁੱਤ ਨੂੰ ਪਾਲਿਆ ਸੀ, ਜਿਸ ਦਿਨ ਘਰੋਂ ਕੱਢਿਆ ਏਸੇ ਲੱਕ ਉੱਤੇ ਲੱਤ ਮਾਰ ਕੇ ਬਾਹਰ ਸੁੱਟਿਆ ਸੀ, ਕਿਸੇ ਕਬਾੜੀ ਦੇ ਸਮਾਨ ਵਾਂਗ, ਮੈ ਸੁਣਦੇ ਸਾਰ ਸੁੰਨ ਹੋ ਗਈ ਤੇ ਸੋਚਣ ਲੱਗੀ ਕਿ ਕਿਸ ਤਰ੍ਹਾਂ ਦਾ ਅਕਿਰਤਘਣ ਸਮਾਜ ਅਸੀਂ ਸਿਰਜ ਰਹੇਂ ਹਾਂ, ਜਿੱਥੇ ਤੀਲਾ ਤੀਲਾ ਜੋੜ ਬਣਾਏ ਘਰ ਵਿੱਚ ਮਾਪਿਆਂ ਲਈ ਇੱਕ ਕਮਰਾ ਤੱਕ ਨਹੀਂ ਰਹਿ ਜਾਂਦਾ।

ਇੱਕ ਗੱਲ ਯਾਦ ਰੱਖਣਯੋਗ ਹੈ ਕਿ ਹੋਰ ਕਿਸੇ ਦੀ ਦੁਆਵਾਂ ਲੱਗਣ ਜਾਂ ਨਾ ਲੱਗਣ ਪਰ ਮਾਂ ਦੇ ਮੂੰਹੋਂ ਨਿਕਲੀ ਦੁਆਂ ਆਪਣੇ ਬੱਚਿਆਂ ਲਈ ਕੀਤੀਆਂ ਅਰਦਾਸਾਂ ਕਦੇ ਵਿਅਰਥ ਨਹੀਂ ਜਾਂਦੀਆਂ, ਮਾਂ ਆਪਣੀ ਆਈ ਤੇ ਆ ਜਾਵੇ ਤਾਂ ਮੌਤ ਦੇ ਮੂੰਹ ਵਿੱਚੋਂ ਵੀ ਆਪਣੇ ਆਦਰਾਂ ਦੇ ਟੋਟੇ ਨੂੰ ਛੁਡਾ ਲਿਆਉਂਦੀ ਹੈ। ਇਹ ਕਰਮਾਂ ਵਾਲੀਆਂ ਰੂਹਾਂ ਸਤਿਕਾਰ ਦੀਆਂ ਹੱਕਦਾਰ ਹਨ, ਇਹ ਪਾਕ ਪਵਿੱਤਰ ਰੂਹਾਂ ਦੇ ਚਰਨ ਕਿਸੇ ਤੀਰਥ ਸਥਾਨ ਤੋਂ ਘੱਟ ਨਹੀਂ। ਆਉ ਅੱਜ ਮਾਂ ਦਿਵਸ ਦੇ ਇਸ ਖਾਸ ਮੌਕੇ ਤੇ ਪ੍ਣ ਕਰੀਏ ਕਿ ਸਾਡੀਆਂ ਮਾਵਾਂ ਦਾ ਬੁਢਾਪਾ ਅਸੀਂ ਉਹਨਾਂ ਮਜ਼ਬੂਤ ਹੱਥਾਂ ਵਾਂਗ ਹੀ ਸਾਂਭ ਸਕੀਏ ਜਿਵੇ ਦੇ ਮਜ਼ਬੂਤ ਹੱਥਾਂ ਨਾਲ ਮਾਂ ਨੇ ਕਦੇ ਬਚਪਨ ਵਿੱਚ ਸਾਨੂੰ ਸੋ ਵਾਰ ਡਿੱਗਣ ਤੋਂ ਬਚਾਇਆ ਸੀ।

ਰੱਬ ਕਰੇ ਹਰ ਘਰ ਦੇ ਵਿਹੜੇ ਵਿੱਚ ਮਾਵਾਂ ਦੇ ਹਾਸੇ, ਉਹਨਾਂ ਦੀ ਝਿੜਕ ਦੀ ਬਿੜਕ ਸੁਣਦੀ ਰਹੇ। ਹਰ ਮਾਂ ਸਰਦਾਰੀ ਭੋਗ ਕੇ ਜਾਵੇ ਤੇ ਕੋਈ ਮਾਂ ਔਲਾਦ ਹੱਥੋਂ ਦੁੱਖੀ ਨਾ ਹੋਵੇ। ।



## ਸਮੇਂ ਦੀ ਕਦਰ

**ਲਿਖਤ : ਗੁਰਿੰਦਰ ਕਲੇਰ,**
**99145-38888.**

ਜ਼ਿੰਦਗੀ ਨੂੰ ਅਨੁਸ਼ਾਸਨ ਵਿਚ ਬਤੀਤ ਕਰਨ ਲਈ ਜ਼ਰੂਰੀ ਹੈ ਕਿ ਸਮੇਂ ਦੀ ਕਦਰ ਕੀਤੀ ਜਾਵੇ ਅਤੇ ਹਰ ਕੰਮ ਸਮੇਂ 'ਤੇ ਕੀਤਾ ਜਾਵੇ। ਜੇਕਰ ਅਸੀਂ ਸਮੇਂ ਦੀ ਕਦਰ ਨਹੀਂ ਕਰਾਂਗੇ ਤਾਂ ਅਸੀਂ ਜ਼ਿੰਦਗੀ ਦੇ ਸਫ਼ਰ ਵਿਚ ਬਹੁਤ ਪਿੱਛੇ ਰਹਿ ਜਾਵਾਂਗੇ। ਸਮੇਂ ਤੋਂ ਭਟਕਿਆ ਹੋਇਆ ਵਿਅਕਤੀ ਆਪਣੀ ਜ਼ਿੰਦਗੀ ਦੇ ਅਸਲੀ ਮਕਸਦ ਤੋਂ ਭਟਕ ਜਾਂਦਾ ਹੈ। ਖ਼ਾਸ ਤੌਰ 'ਤੇ ਜਵਾਨੀ ਦਾ ਸਮਾਂ ਇਸ ਤਰ੍ਹਾਂ ਦਾ ਹੁੰਦਾ ਹੈ, ਜਿਸ ਨੂੰ ਬਹੁਤ ਸਾਰੇ ਪੜ੍ਹਨ ਵਾਲੇ ਵਿਦਿਆਰਥੀ ਅਜਾਈਂ ਹੀ ਗਵਾ ਲੈਂਦੇ ਹਨ। ਜੇਕਰ ਬੱਚੇ ਇਸ ਸਮੇਂ ਨੂੰ ਪੜ੍ਹਾਈ 'ਤੇ ਲਗਾਉਣ ਤਾਂ ਆਪਣਾ ਚੰਗਾ ਭਵਿੱਖ ਸਿਰਜ ਸਕਦੇ ਹਨ। ਕਿਸੇ ਵੀ ਮੰਜ਼ਿਲ 'ਤੇ ਪਹੁੰਚਣ ਲਈ ਸਮੇਂ ਸਿਰ ਤੁਰ ਪੈਣਾ ਹੀ ਮੰਜ਼ਿਲ ਪ੍ਰਾਪਤ ਕਰਨ ਦਾ ਪਹਿਲਾ ਕਦਮ ਹੁੰਦਾ ਹੈ। ਮਨੁੱਖ ਕੋਲ ਜੇਕਰ ਸਮਾਂ ਹੋਵੇ ਤਾਂ ਮਨੁੱਖ ਧਨ-ਦੌਲਤ ਆਦਿ ਨਾਂਅ ਕਮਾ ਸਕਦਾ ਹੈ। ਪਰ ਇਸ ਧਨ-ਦੌਲਤ ਨਾਲ ਸਮਾਂ ਨਹੀਂ ਕਮਾਇਆ ਜਾ ਸਕਦਾ। ਜੇਕਰ ਕਿਸੇ ਪਰਿਵਾਰ ਦੀ ਇਕ ਪੀੜ੍ਹੀ ਸਮੇਂ ਦੀ ਕਦਰ ਨਹੀਂ ਕਰਦੀ ਤਾਂ ਨਾ ਸਿਰਫ਼ ਉਹ ਆਪਣਾ ਸਗੋਂ ਆਉਣ ਵਾਲੀਆਂ ਕਈ ਪੀੜ੍ਹੀਆਂ ਦਾ ਨੁਕਸਾਨ ਕਰ ਦਿੰਦੀ ਹੈ। ਇਕ ਅਧਿਆਪਕ ਵਲੋਂ ਆਪਣੇ ਫ਼ਰਜ਼ ਨਿਭਾਉਣ ਸਮੇਂ ਕੀਤੀ ਗਈ ਦੇਰੀ ਕਈਆਂ ਵਿਦਿਆਰਥੀਆਂ ਦੇ ਭਵਿੱਖ ਨੂੰ ਧੁੰਦਲਾ ਕਰ ਸਕਦੀ ਹੈ। ਇਸੇ ਤਰ੍ਹਾਂ ਡਾਕਟਰ ਵਲੋਂ ਮਰੀਜ਼ ਦੇ ਇਲਾਜ ਸਮੇਂ ਕੀਤੀ ਗਈ ਦੇਰੀ ਮਰੀਜ਼ ਦੀ ਮੌਤ ਦਾ ਕਾਰਨ ਬਣ ਸਕਦੀ ਹੈ। ਆਮ ਹੀ ਇਹ ਸੁਣਨ ਨੂੰ ਮਿਲ ਜਾਂਦਾ ਹੈ ਕਿ ਜਿਹੜੇ ਪ੍ਰਸ਼ਨ ਪੇਪਰ ਵਿਚ ਆਏ ਸਨ, ਉਹ ਮੈਂ ਪੇਪਰ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ ਹੀ ਪੜ੍ਹੇ ਸਨ। ਕਿਹਾ ਜਾਂਦਾ ਹੈ ਕਿ ਮੌਤ, ਅਫ਼ਸਰ ਅਤੇ ਗਾਹਕ ਦੇ ਆਉਣ ਦਾ ਕੋਈ ਪੱਕਾ ਸਮਾਂ ਨਹੀਂ ਹੁੰਦਾ। ਜ਼ਰੂਰੀ ਹੈ ਕਿ ਇਨ੍ਹਾਂ ਨੂੰ ਆਪਣੇ ਦਿਮਾਗ਼ ਰੱਖਦੇ ਹੋਏ ਆਪਣੀ ਡਿਊਟੀ 'ਤੇ ਸਮੇਂ 'ਤੇ ਪਹੁੰਚੀਏ ਅਤੇ ਹਰੇਕ ਕੰਮ ਸਮੇਂ ਸਿਰ ਕਰੀਏ। ਦਿਨ-ਰਾਤ, ਰੁੱਤਾਂ ਦਾ ਬਦਲਣਾ, ਧਰਤੀ ਦਾ ਘੁੰਮਣਾ, ਸੂਰਜ ਦਾ ਚੜ੍ਹਨਾ ਤੇ ਡੁੱਬਣਾ ਕੁਦਰਤ ਵਲੋਂ ਕੀਤੀ ਗਈ ਸਮੇਂ ਦੀ ਕਦਰ ਦੀ ਇਕ ਉਦਾਹਰਨ ਹੈ। ਪਰ ਮਨੁੱਖ ਦੀ ਬਦਕਿਸਮਤੀ ਇਸ ਗੱਲ ਵਿਚ ਵੀ ਹੈ ਕਿ ਇਹ ਆਪਣੀ ਜ਼ਿੰਦਗੀ ਦਾ ਬਹੁਤ ਸਮਾਂ ਲੜਾਈਆਂ-ਝਗੜਿਆਂ, ਈਰਖਾ, ਨਫ਼ਰਤ ਵਿਚ ਬਤੀਤ ਕਰ ਦਿੰਦਾ ਹੈ। ਜਦ ਕਿ ਜ਼ਰੂਰੀ ਇਹ ਹੈ ਕਿ ਸਮੇਂ ਦੇ ਹਰ ਮਿੰਟ ਦੀ ਸਹੀ ਵਰਤੋਂ ਕਰਦੇ ਹੋਏ ਸਹੀ ਖੇਤਰ ਵਿਚ ਮਿਹਨਤ ਕੀਤੀ ਜਾਵੇ, ਜਿਸ ਦਾ ਨਤੀਜਾ ਕਾਮਯਾਬੀ ਹੀ ਨਿਕਲੇਗਾ।

## ਰਿਸ਼ਤਿਆ ਦੀ ਖ਼ਤਮ ਹੋ ਰਹੀ ਸਾਂਝ ਦਾ ਕੌਣ ਹੈ ਜ਼ਿੰਮੇਵਾਰ



ਲਿਖਤ
ਜਸਪ੍ਰੀਤ ਸਿੰਘ ਮਾਂਗਟ,
99152-20486

ਦੋਸਤੋ ਆਪਾਂ 21ਵੀਂ ਸਦੀ ਦੇ ਵਾਸੀ ਹਾਂ। ਬੇਸ਼ਕ ਸਾਡੇ ਕੋਲ ਅੱਜ ਬਹੁਤ ਸੁੱਖ-ਸਹੂਲਤਾਂ ਮੌਜੂਦ ਹਨ, ਮਨੁੱਖ ਨੇ ਅੱਜ ਆਪਣੀ ਪਹੁੰਚ ਚੰਨ ਤਕ ਕਰ ਲਈ ਹੈ। ਮਿੰਟਾਂ ਸਕਿੰਟਾਂ ਵਿੱਚ ਅਸੀਂ ਗੱਲਬਾਤ ਕਰਨ ਲਈ ਮੋਬਾਇਲ ਫੋਨ ਦੀ ਖੋਜ ਕਰ ਲਈ ਹੈ। ਇੱਕ ਦੂਜੇ ਨੂੰ ਮਿਲਣ ਲਈ ਅਸੀਂ ਹਜ਼ਾਰਾਂ ਮੀਲਾਂ ਦਾ ਸਫਰ ਹਵਾਈ ਜਹਾਜ਼ਾਂ ਦੀ ਮੱਦਦ ਨਾਲ ਆਸਾਨ ਕਰ ਲਿਆ ਹੈ ਤਾਂ ਜੋ ਸਾਡੀ ਇੱਕ ਦੂਜੇ ਨਾਲ ਨੇੜਤਾ ਵਧ ਸਕੇ। ਪਰ ਜੇਕਰ ਸੋਚਿਆ ਜਾਵੇ ਕਿ ਇੰਨੀਆ ਸਹੂਲਤਾ ਹੋਣ ਦੇ ਬਾਵਜੂਦ ਸਾਡੇ ਰਿਸ਼ਤਿਆਂ ਦੀ ਸਾਂਝ ਵਧੀ ਹੈ ? ਤਾਂ ਇਸਦਾ ਜਵਾਬ ਨਾਂਹ ਵਿੱਚ ਹੀ ਹੋਵੇਗਾ।ਅੱਜ ਤੋਂ ਕੁੱਝ ਸਾਲ ਪਿੱਛੇ ਝਾਤ ਮਾਰੀਏ ਤਾਂ ਗਰਮੀਆਂ ਦੀਆਂ ਛੁੱਟੀਆਂ ਹੋਣ ਤੇ ਬੱਚਿਆਂ ਵਿੱਚ ਨਾਨਕੇ ਪਿੰਡ ਜਾਣ ਦਾ ਕਿੰਨਾ ਚਾਅ ਹੁੰਦਾ ਸੀ, ਸਾਰਿਆਂ ਨੇ ਆਪਣੀਆਂ ਕਿਤਾਬਾਂ ਕਾਪੀਆ ਅਤੇ ਕੱਪੜੇ ਬੰਨ ਕੇ ਨਾਨਕੇ ਪਿੰਡ ਜਾਣ ਦੀ ਤਿਆਰੀ ਕਰ ਲੈਣੀ। ਉਸ ਸਮੇਂ ਨਾਨਕੇ ਘਰ ਮਾਮੇ ਮਾਮੀਆਂ ਤੇ ਹੋਰ ਪਰਿਵਾਰਕ ਮੈਂਬਰ ਬੱਚਿਆਂ ਨਾਲ ਬਹੁਤ ਪਿਆਰ ਰੱਖਦੇ ਸੀ। ਬੱਚਿਆ ਨੇ ਵੀ ਆਪਣੀਆਂ ਛੁੱਟੀਆਂ ਦਾ ਪੂਰਾ ਆਨੰਦ ਲੈਣਾ, ਪਰ ਅੱਜ ਦੇ ਸਮੇਂ ਵਿੱਚ ਨਾਨਕੇ ਜਾਣ ਦਾ ਰਿਵਾਜ ਹੀ ਖਤਮ ਹੋ ਗਿਆ ਹੈ ਕਿਉਂਕਿ ਬੱਚੇ ਆਪਣੇ ਪੁਰਾਤਨ ਵਿਰਸੇ ਨੂੰ ਭੁੱਲਦੇ ਜਾ ਰਹੇ ਹਨ ਅਤੇ ਨਾ ਹੀ ਕਿਸੇ ਕੋਲ ਇੰਨਾਂ ਸਮਾਂ ਹੀ ਰਿਹਾ ਹੈ। ਗੱਲ ਕਰੀਏ ਪੁਰਾਣੇ ਵਿਆਹਾਂ ਬਾਰੇ- ਜਦੋਂ ਆਪਣੇ ਗੁਆਂਢ ਵਿੱਚ ਕਿਸੇ ਦੀ ਲੜਕੀ ਜਾ ਲੜਕੇ ਦਾ ਵਿਆਹ ਸਮਾਗਮ ਹੁੰਦਾ ਸੀ ਤਾਂ ਸਾਰਾ ਆਂਢ-ਗੁਆਂਢ ਜਾਂ ਸਾਰਾ ਪਿੰਡ ਹੀ ਆਪਣੀ ਆਪਣੀ ਜ਼ਿੰਮੇਵਾਰੀ ਸੰਭਾਲ ਲੈਂਦਾ ਸੀ ਹਰ ਸਮਾਗਮ ਸਾਂਝਾ ਹੀ ਹੁੰਦਾ ਸੀ। ਕਿਸੇ ਨੇ ਹਲਵਾਈਆਂ ਕੋਲ



ਬੈਠ ਕੇ ਲੱਡੂ ਵੱਟਣੇ ਤੇ ਕਿਸੇ ਨੇ ਪਿੰਡ ਵਿੱਚੋਂ ਮੰਜੇ ਬਿਸਤਰੇ ਇਕੱਠੇ ਕਰਨ ਦੀ ਜ਼ਿੰਮੇਵਾਰੀ ਚੁੱਕਣੀ। ਗੁਆਂਢ ਦੀਆਂ ਔਰਤਾਂ ਨੇ ਘੋੜੀਆਂ ਅਤੇ ਸਿੱਠਣੀਆਂ ਗਾਉਣੀਆਂ ਜਦੋਂ ਤੱਕ ਵਿਆਹ ਦਾ ਕਾਰਜ ਸੰਪੂਰਣ ਨਹੀਂ ਸੀ ਹੁੰਦਾ ਕੋਈ ਵੀ ਆਪਣੇ ਘਰ ਨਾ ਜਾਂਦਾ ਪਰ ਅੱਜ-ਕੱਲ 3-4 ਘੰਟਿਆਂ ਵਿੱਚ ਹੀ ਮੈਰਿਜ ਪੈਲੇਸਾਂ ਵਿੱਚ ਵਿਆਹ ਖ਼ਤਮ ਹੋ ਜਾਂਦਾ ਹੈ। ਪੁਰਾਤਨ ਸਮੇਂ ਵਾਲੇ ਚਾਅ ਅਤੇ ਉਲਾਸ ਖਤਮ ਹੋ ਚੁੱਕੇ ਹਨ।

ਜਦੋਂ ਆਂਢ-ਗੁਆਂਢ ਵਿੱਚ ਖੁਸ਼ੀ ਜਾਂ ਗਮੀ ਦਾ ਮੌਕਾ ਆਉਣਾ ਤਾਂ ਸਾਰਿਆਂ ਨੇ ਮਿਲਕੇ ਇਹ ਸਮਾਂ ਵਢਾਉਣਾ ਪਰ ਅੱਜ ਕੱਲ ਫੇਸਬੁੱਕ ਅਤੇ ਵਾਟਸਐਪ ਨੇ ਇਹ ਵੀ ਸਾਥੋ ਖੋਹ ਲਿਆ ਹੈ ਹੁਣ ਅਸੀਂ ਫੋਨ ਤੇ ਜਾ ਮੈਸੇਜ ਰਾਹੀਂ ਸ਼ੁਭ ਇਛਾਵਾਂ ਜਾਂ ਗਮੀ ਦੇ ਸੁਨੇਹੇ ਭੇਜ ਲੈਂਦੇ ਹਾਂ। ਆਉਣ ਜਾਣ ਦਾ ਰੁਝਾਨ ਹੀ ਖਤਮ ਹੋ ਗਿਆ ਹੈ। ਗਰਮੀਆਂ ਵਿੱਚ ਜਦੋਂ ਬਿਜਲੀ ਦੇ ਕੱਟ ਲੱਗਣੇ ਤਾਂ ਸਾਰੇ ਮੁਹੱਲੇ ਨੇ ਘਰਾਂ ਦੇ ਬਾਹਰ ਮੰਜੇ ਜਾਂ ਕੁਰਸੀਆਂ ਕੱਢ ਕੇ ਬੈਠ ਜਾਣਾ ਅਤੇ ਹਾਸੇ-ਮਜ਼ਾਕ ਦੀਆਂ ਜਾਂ ਘਰੇਲੂ ਗੱਲਾਂ ਕਰਨੀਆਂ ਤੋਂ ਕਦੋਂ ਨੀਂਦ ਆ ਜਾਣੀ ਪਤਾ ਵੀ ਨਾ ਚੱਲਣਾ। ਸਾਰੇ ਇਕੱਠੇ ਰੋਟੀ ਖਾਂਦੇ ਸਨ ਅਤੇ ਉਹਨਾਂ ਸਮਿਆਂ ਵਿੱਚ ਚੁੱਲੇ ਵੀ ਸਾਂਝੇ ਸਨ। ਬੇਸ਼ਕ ਹੁਣ ਬਿਜਲੀ ਦੀ 24 ਘੰਟੇ ਹੋ ਗਈ ਸਾਡੇ ਕੋਲ ਠੰਢੀ ਹਵਾ ਲਈ ਪੱਖੇ ਅਤੇ ਏ.ਸੀ ਵੀ ਆ ਗਏ ਪਰ ਨੀਂਦ ਤਾਂ ਨੀਂਦ ਦੀ ਗੋਲੀ ਖਾ ਕੇ ਵੀ ਨਹੀਂ ਆਉਂਦੀ ਅਤੇ ਇਕੱਲੇਪਣ ਕਰਕੇ ਬੇਚੈਨੀ ਜਿਹੀ ਲੱਗੀ ਰਹਿੰਦੀ ਹੈ। ਕੁੱਲ ਮਿਲਾ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਨੇੜਤਾ ਵਧਾਉਣ ਲਈ ਅਸੀਂ ਨਵੀਆਂ-ਨਵੀਆਂ ਕਾਢਾਂ ਤਾਂ ਕੱਢ ਲਈਆਂ ਪਰ ਸਾਡੇ ਰਿਸ਼ਤਿਆਂ ਦੀ ਸਾਂਝ ਫ਼ਿੱਕੀ ਪੈ ਗਈ ਹੈ। ਪਹਿਲੇ ਸਮਿਆਂ ਵਿੱਚ 20-20 ਪਰਿਵਾਰਕ ਮੈਂਬਰ ਇੱਕਠੇ ਇੱਕੋ ਛੱਤ ਹੇਠ ਰਹਿੰਦੇ ਸਨ ਅਤੇ ਸਕੂਨ ਭਰੀ ਜ਼ਿੰਦਗੀ ਜਿਉਂਦੇ ਸਨ ਪਰ ਅਜੋਕੇ ਸਮੇਂ ਵਿੱਚ ਘਰ ਦੇ 2 3 ਮੈਂਬਰ ਹੀ ਇੱਕ ਦੂਜੇ ਤੋਂ ਦੁਖੀ ਹਨ। ਰਿਸ਼ਤੇ ਨਾਤੇ ਮੋਬਾਇਲ ਫੋਨ ਨੇ ਖਾ ਲਏ ਹਨ ਕਿਉਂਕਿ ਸਾਡੀ ਸੋਚ ਵਿੱਚ ਵਖਰੇਵੇ ਆ ਚੁੱਕੇ ਹਨ।

ਸਾਨੂੰ ਇਸ ਦਿਖਾਵੇ ਵਾਲੀ ਜ਼ਿੰਦਗੀ ਨੂੰ ਛੱਡ ਕੇ ਮੁੜ ਤੋਂ ਪਹਿਲਾਂ ਵਾਂਗ ਪਿਆਰ ਮੁਹੱਬਤ ਤੇ ਸਾਂਝੀਵਾਲਤਾ ਭਰੀ ਜ਼ਿੰਦਗੀ ਨੂੰ ਆਪਣਾਉਣਾ ਪੈਣਾ ਹੈ ਤਾਂ ਜੋ ਟੁੱਟ ਚੁੱਕੀ ਰਿਸ਼ਤਿਆਂ ਦੀ ਸਾਂਝ ਨੂੰ ਮੁੜ ਸੁਰਜੀਤ ਕਰ ਸਕੀਏ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified


ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com




## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## BRIDE WANTED

**Professionally qualified match from decent Sikh family for our son 30, 5'10" federal government job. He is chartered professional Accountant and working in B.C.Contact Dr. Sidhu 778 829 0991**

..............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04


## ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012



ਦਲਜੀਤ ਸਿੰਘ ਰਾਏ


## BRIDE WANTED

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ gillco1977@gmail.com, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ AP 13-02

..............................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

..............................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

..............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

..............................................

ਕੈਨੇਡਾ ਸੈਟਲ ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਸੀ.ਪੀ.ਏ. ਫੈਡਰਲ ਸਰਕਾਰ ਨੌਕਰੀ ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-829-0991 AP 02-04

..............................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

# ਕਾਣੀ ਵੰਡ


ਲਿਖਤ : ਡਾ. ਸਰਬਜੀਤ ਕੌਰ ਬਰਾੜ
ਸੰਪਰਕ : 91 - 79866 - 52927


"ਜ਼ਰੂਰੀ ਨਹੀਂ ਰਿਸ਼ਤੇ ਆਪਣਿਆਂ ਨਾਲ ਹੀ ਨਿਭਾਏ ਜਾਣ, ਕਈ ਵਾਰ ਰਾਹ ਜਾਂਦਿਆਂ ਜਾਂਦਿਆਂ ਵੀ ਅਜਿਹਾ ਰਿਸ਼ਤਾ ਬਣ ਜਾਂਦਾ ਹੈ ਜੋ ਤੁਹਾਨੂੰ ਮੋਹ ਤਾਂ ਲੈਂਦਾ ਹੀ ਹੈ, ਇਸਦੇ ਨਾਲ ਨਾਲ ਅਭੁੱਲ ਯਾਦ ਵੀ ਬਣ ਜਾਂਦਾ ਹੈ ਕਿਉਂਕਿ ਜਾਂ ਤਾਂ ਕੋਈ ਤੁਹਾਨੂੰ ਆਪਣਾ ਸਮਝ ਕੇ ਸਵਾਲ ਪਾਉਂਦਾ ਹੈ ਜਾਂ ਫੇਰ ਬੇਵਸੀ ਤੇ ਮਜਬੂਰੀ ਕਾਰਨ।

ਇੱਕ ਦਿਨ ਮੈਂ ਬਜ਼ਾਰ ਵਿੱਚੋਂ ਲੰਘ ਰਹੀ ਸੀ ਤਾਂ ਦੋ ਬੱਚੀਆਂ, ਜੋ ਉਮਰ ਵਿੱਚ ਮਸਾਂ ਚਾਰ-ਪੰਜ ਕੁ ਸਾਲ ਦੀਆਂ ਹੋਣਗੀਆਂ, ਇੱਕ ਦਮ ਮੇਰੇ ਪਿੱਛੋਂ ਦੀ ਆਈਆਂ ਅਤੇ ਮੇਰੇ ਢਿੱਡ ਉੱਤੋਂ ਦੀ ਲੱਕ ਨੂੰ ਜੱਫੀ ਮਾਰ ਲਈ ਅਤੇ 'ਦੀਦੀ ਅਸੀਂ ਪਰੌਂਠਾ ਖਾਣਾ, ਸਾਨੂੰ ਪਰੌਂਠਾ ਖਵਾ ਦਿਓ' ਦਾ ਰੌਲਾ ਪਾਉਣ ਲੱਗੀ ਪਈਆਂ। ਪਹਿਲਾਂ ਤਾਂ ਮੈਂ ਇੱਕ ਦਮ ਠਠੰਬਰ ਜਿਹੀ ਗਈ, ਫੇਰ ਮੈਂ ਬੱਚੀਆਂ ਨੂੰ ਆਪਣੇ ਨਾਲੋਂ ਲਾਹਿਆ ਤੇ ਸਾਹਮਣੇ ਇੱਕ ਛੋਟੇ ਜਿਹੇ ਢਾਬੇ ਵਿੱਚ ਪਈਆਂ ਮੇਜ਼ ਤੇ ਕੁਰਸੀਆਂ ਕੋਲ ਜਾ ਕੇ ਕੁਰਸੀ 'ਤੇ ਬਿਠਾਇਆ ਅਤੇ ਪੁੱਛਿਆ, ਕਿੰਨੇ ਪਰੌਂਠੇ ਖਾਣੇ ਨੇ? ਬੱਚੀਆਂ ਨੇ ਕਿਹਾ ਕਿ ਇੱਕ ਇੱਕ। ਆਰਡਰ ਕਰਨ 'ਤੇ ਇੱਕ ਪਰੌਂਠਾ ਪਲੇਟ ਵਿੱਚ ਪਾ ਕਰਿੰਦੇ ਨੇ ਮੇਰੇ ਵੱਲ ਆਪਣੀ ਬਾਂਹ ਵਧਾਈ ਤੇ ਮੈਂ ਪਲੇਟ ਫੜ ਬੁਰਕੀ ਤੋੜ ਕੇ ਇੱਕ ਬੱਚੀ ਦੇ ਮੂੰਹ ਵਿੱਚ ਪਾਈ ਅਤੇ ਨਾਲ ਹੀ ਪੁੱਛਿਆ ਕੇ ਕੀ ਉਹ ਅਚਾਰ ਵੀ ਲਵੇਗੀ? ਬੱਚੀ ਨੇ ਹਾਂ ਵਿੱਚ ਸਿਰ ਹਿਲਾਇਆ। ਮੈਂ ਅਚਾਰ ਲਗਾਕੇ ਆਲੂ ਵਾਲੇ ਪਰੌਂਠੇ ਦੀ ਦੂਜੀ ਬੁਰਕੀ ਫਿਰ ਉਸੇ ਬੱਚੀ ਦੇ ਮੂੰਹ ਵਿੱਚ ਪਾ ਦਿੱਤੀ। ਉਸਦੇ ਨਾਲ ਦੀ ਦੂਜੀ ਬੱਚੀ ਨੇ ਮੈਨੂੰ ਜ਼ੋਰ ਦੀ ਖਿੱਚ ਕੇ ਉਸ ਨੂੰ ਵੀ ਰੋਟੀ ਖਵਾਉਣ ਲਈ ਕਿਹਾ।

ਮੈਂ ਦੋਨਾਂ ਨੂੰ ਰੋਟੀ ਖਵਾਉਂਦੀ ਖਵਾਉਂਦੀ ਸੁੰਨ ਜਿਹੀ ਹੋ ਗਈ ਤੇ ਉਹਨਾਂ ਬੱਚੀਆਂ ਦੇ ਚਿਹਰੇ ਦੀ ਚਮਕ ਤੇ ਖੁਸ਼ੀ ਦੇਖ ਕੇ ਸੋਚਣ ਲੱਗੀ ਕਿ ਪਤਾ ਨਹੀਂ ਇਹਨਾਂ ਦੀ ਅੰਮੜੀ ਨੂੰ ਕਿੰਨਾ ਕੁ ਕੰਮ ਹੋਣਾ ਏ ਜੋ ਉਸ ਕੋਲ ਇਹਨਾਂ ਲਈ ਸਮਾਂ ਹੀ ਨਹੀਂ, ਜਾਂ ਫਿਰ ਗਰੀਬੀ ਤੇ ਤੰਗੀ! ਬੱਚੀਆਂ ਇੱਦਾਂ ਰੋਟੀ ਖਾ ਰਹੀਆਂ ਸਨ, ਜਿਵੇਂ ਉਹ ਰੱਬ ਨੂੰ ਤਾਹਨਾ ਠੋਕ ਰਹੀਆਂ ਹੋਣ ... ...

"ਕਿਉਂ ਕਾਣੀ ਵੰਡ ਸਾਡੇ ਨਾਲ ਰੱਖੀ
ਵਿਕ ਗਿਆ ਬਚਪਨ ਸਾਡਾ ਹਾਕਮਾਂ ਹੱਥੀਂ ...

ਮੈਂ ਸੋਚਣ ਲੱਗੀ, ਰੱਬਾ ਕਦੇ ਉਹਨਾਂ ਦੀ ਮਾਂ ਨੂੰ ਵੀ ਦੋ ਪਲ ਉਹਨਾਂ ਲਈ ਸਕੂਨ ਦੇ ਦੇ ਤਾਂ ਕਿ ਕਦੀ ਮਾਂ ਦੇ ਹੱਥਾਂ ਨਾਲ ਖਾਧੀ ਰੋਟੀ ਤੇ ਗੋਦੀ ਦਾ ਨਿੱਘ ਉਹ ਵੀ ਮਾਣ ਸਕਣ। ਮੈਂ ਉਹਨਾਂ ਵਿੱਚ ਜਿਵੇਂ ਖੋ ਜਿਹੀ ਗਈ, ਕਿੰਨੀਆਂ ਖੁਸ਼ ਸੀ ਉਹ। ਪਤਾ ਨੀ ਕਦੋਂ ਦੀ ਭੁੱਖ ਲੱਗੀ ਹੋਣੀ ਏ ਆਂਦਰਾ ਨੂੰ।

ਇੰਨੇ ਨੂੰ ਢਾਬੇ ਵਾਲੇ ਭਾਈ ਦੀ ਆਵਾਜ਼ ਆਈ- ਸੱਠ ਰੁਪਏ ਹੋ ਗਏ ਮੈਡਮ ਜੀ। ਮੈਂ ਪੈਸੇ ਦੇ ਕੇ ਉਦੋਂ ਤਕ ਉਹਨਾਂ ਵੱਲ ਦੇਖਦੀ ਰਹੀ ਜਦੋਂ ਤਕ ਉਹ ਢਾਬਾ ਮੇਰੀਆਂ ਅੱਖਾਂ ਤੋਂ ਓਹਲੇ ਨਹੀਂ ਹੋ ਗਿਆ। ਮੇਰਾ ਰੱਬ ਨੂੰ ਜਿਵੇਂ ਇਹ ਸਵਾਲ ਸੀ ਕਿ ਰੱਬਾ, ਜੇਕਰ ਸੱਭੇ ਇੱਕ ਹਨ, ਫੇਰ ਇਹਨਾਂ ਨਾਲ ਕਾਣੀ ਵੰਡ ਕਿਉਂ? ਕੀ ਇਹ ਵੰਡਾਂ ਤੇਰੀਆਂ ਪਾਈਆਂ ਨਹੀਂ? ਕੀ ਤੂੰ ਧੁਰ ਤੋਂ ਹੀ ਕਾਣੀ ਵੰਡ ਰੱਖੀ ਹੈ? ਪਰ ਇਸਦਾ ਜਵਾਬ ਮੈਨੂੰ ਕਿਤੋਂ ਵੀ ਨਹੀਂ ਮਿਲਣ ਵਾਲਾ। ਮੈਂ ਘਰ ਕੇ ਆਪਣੇ ਕੰਮੀਂ ਧੰਦੀਂ ਲੱਗ ਗਈ ਪਰ ਇਹ ਸਵਾਲ ਮੈਨੂੰ ਅਜੇ ਤਕ ਸਤਾ ਰਿਹਾ ਹੈ।

# ਸਮਾਂ, ਸੁਪਨੇ ਅਤੇ ਇੱਛਾਵਾਂ ਕਦੇ ਰੁਕਦੇ ਨਹੀਂ

**ਲਿਖਤ : ਪ੍ਰਿੰ. ਵਿਜੈ ਕੁਮਾਰ**
**ਸੰਪਰਕ :** 98726 - 27136



ਸਮਾਂ, ਸੁਪਨੇ ਅਤੇ ਇੱਛਾਵਾਂ ਇੱਕ ਦੂਜੇ ਦੇ ਪੂਰਕ ਹਨ ਅਤੇ ਇੱਕ ਦੂਜੇ ਤੋਂ ਬਿਨਾਂ ਅਧੂਰੇ ਵੀ ਹਨ। ਇਹ ਇਸ ਧਰਤ, ਕਾਇਨਾਤ ਅਤੇ ਮਨੁੱਖੀ ਜ਼ਿੰਦਗੀ ਦੇ ਉਹ ਵਰਤਾਰੇ ਹਨ ਜੋ ਅਤੀਤ ਵਿੱਚ ਵੀ ਨਹੀਂ ਰੁਕੇ ਹਨ ਤੇ ਨਾ ਹੀ ਭਵਿੱਖ ਵਿੱਚ ਰੁਕਣਗੇ। ਜੇਕਰ ਸਮੇਂ ਵਿੱਚ ਖੜੋਤ ਆ ਗਈ ਤਾਂ ਅਤੀਤ, ਵਰਤਮਾਨ ਅਤੇ ਭਵਿੱਖ ਕਿਵੇਂ ਬਣਨਗੇ, ਦਿਨਾਂ ਰਾਤਾਂ, ਰੁੱਤਾਂ, ਸਾਲਾਂ ਅਤੇ ਸਦੀਆਂ ਦਾ ਨਿਰਮਾਣ ਕਿਵੇਂ ਹੋਵੇਗਾ? ਇਹ ਸਮੇਂ ਦੀ ਗਤੀਸ਼ੀਲਤਾ ਹੀ ਤਾਂ ਹੈ ਜਿਸ ਨਾਲ ਜਿੱਤਾਂ ਹਾਰਾਂ, ਉਤਾਰ ਚੜ੍ਹਾ, ਵਿਨਾਸ਼ ਨਿਰਮਾਣ, ਖੁਸ਼ੀਆਂ ਗ਼ਮੀਆਂ, ਅਮੀਰੀ ਗਰੀਬੀ, ਰਾਜਾ ਰੰਕ ਅਤੇ ਖੁਸ਼ਹਾਲੀ ਅਤੇ ਬਰਬਾਦੀ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਜੇਕਰ ਸਮਾਂ ਰੁਕ ਜਾਂਦਾ ਤਾਂ ਨੈਪੋਲੀਅਨ ਲੜਾਈ ਦੇ ਮੈਦਾਨ ਵਿੱਚ ਪੰਜ ਮਿੰਟ ਦੀ ਦੇਰੀ ਨਾਲ ਨਾ ਪਹੁੰਚਦਾ ਅਤੇ ਨਾ ਹੀ ਉਹ ਲੜਾਈ ਹਾਰਦਾ। ਸਮੇਂ ਦੇ ਵਹਿਣ ਨਾਲ ਹੀ ਦਰਿਆਵਾਂ ਦੇ ਰੁਖ ਅਤੇ ਸਥਾਨ ਬਦਲ ਜਾਂਦੇ ਹਨ। ਦੇਸ਼ਾਂ ਦੀਆਂ ਸਰਹੱਦਾਂ ਵਿੱਚ ਬਦਲਾਅ ਆ ਜਾਂਦਾ ਹੈ। ਸਮਾਂ ਕਦੇ ਕਿਸੇ ਨੂੰ ਮੁਆਫ਼ ਨਹੀਂ ਕਰਦਾ। ਸਮੇਂ ਸਿਰ ਨਾ ਸੰਭਲਣ ਵਾਲੇ ਲੋਕਾਂ ਨੂੰ ਪਛਤਾਉਣਾ ਪੈਂਦਾ ਹੈ। ਕਿਸੇ ਸਮੇਂ ਦੀਆਂ ਕੀਤੀਆਂ ਹੋਈਆਂ ਗਲਤੀਆਂ ਕਾਰਨ ਮਨੁੱਖ ਨੂੰ ਉਮਰ ਭਰ ਪਛਤਾਉਣਾ ਪੈਂਦਾ ਹੈ। ਬਾਂਦਰ ਤੋਂ ਸੱਭਿਆ ਮਨੁੱਖ ਬਣਕੇ ਜ਼ਿੰਦਗੀ ਜਿਊਣ ਦਾ ਸਫ਼ਰ ਸਮੇਂ ਦੀ ਤਬਦੀਲੀ ਦਾ ਹੀ ਪ੍ਰਮਾਣ ਹੈ। ਜੇਕਰ ਸਮਾਂ ਰੁਕ ਜਾਂਦਾ ਤਾਂ ਮਨੁੱਖ ਦੇ ਮਨ ਵਿੱਚ ਤਰੱਕੀ ਕਰਨ, ਅੱਗੇ ਵਧਣ ਅਤੇ ਬਦਲਾਅ ਲਿਆਉਣ ਦੀ ਸੋਚ ਹੀ ਪੈਦਾ ਨਾ ਹੁੰਦੀ। ਇਹ ਸਮੇਂ ਦਾ ਬਦਲਾਅ ਹੀ ਸੀ ਕਿ ਪਾਂਡਵਾਂ ਨੂੰ ਪੰਜ ਪਿੰਡ ਦੇਣ ਤੋਂ ਨਾਂਹ ਕਰਨ ਵਾਲੇ ਕੌਰਵਾਂ ਨੂੰ ਆਪਣੇ ਸਾਮਰਾਜ ਤੋਂ ਹੀ ਹੱਥ ਧੋਣਾ ਪਿਆ। ਜੇਕਰ ਸਮਾਂ ਰੁਕ ਜਾਂਦਾ ਤਾਂ ਮਨੁੱਖ ਨੂੰ ਵਿਗਿਆਨਕ, ਵਪਾਰਕ, ਸਿੱਖਿਅਕ, ਰਾਜਨੀਤਿਕ, ਸੱਭਿਅਕ, ਆਰਥਿਕ ਅਤੇ ਹੋਰ ਤਰੱਕੀ ਕਦੇ ਵੀ ਵੇਖਣ ਨੂੰ ਨਸੀਬ ਨਾ ਹੁੰਦੀ। ਮਨੁੱਖ ਸਮਾਂ ਬਦਲਣ ਦੀ ਆਸ ਨਾਲ ਹੀ ਜਿਊਂਦਾ ਹੈ। ਜੇਕਰ ਸਮਾਂ ਹੀ ਰੁਕ ਗਿਆ ਤਾਂ ਮਨੁੱਖ ਦੀ ਚੰਗਾ ਸਮਾਂ ਆਉਣ ਦੀ ਆਸ ਦਾ ਕੀ ਬਣੂ? ਇੱਕ ਟਾਹਣੀ ਤੋਂ ਛਾਲ ਮਾਰਕੇ ਦੂਜੀ ਟਾਹਣੀ ਤਕ ਪਹੁੰਚਣ ਵਾਲਾ ਬਾਂਦਰ ਸਮੇਂ ਦੇ ਰੁਕਣ ਨਾਲ ਕਦੇ ਵੀ ਨਹੀਂ ਪਹੁੰਚ ਸਕਦਾ ਸੀ। ਸਮਾਂ ਬੜਾ ਬਲਵਾਨ ਹੈ, ਸਮਾਂ ਬੜਾ ਸਮਰੱਥ ਹੈ ਅਤੇ ਸਮਾਂ ਆਪਣੀ ਚਾਲ ਨਾਲ ਚੱਲਦਾ ਹੈ, ਇਹ ਅਖਾਣ ਸਮੇਂ ਦੀ ਗਤੀਸ਼ੀਲਤਾ ਨੂੰ ਹੀ ਦਰਸਾਉਂਦੇ ਹਨ। ਸੁਪਨਿਆਂ ਤੋਂ ਬਿਨਾਂ ਤਾਂ ਮਨੁੱਖੀ ਜ਼ਿੰਦਗੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸੁਪਨੇ ਹੀ ਤਾਂ ਮਨੁੱਖ ਨੂੰ ਜਿਊਂਦਾ ਰੱਖਦੇ ਹਨ। ਜਿਨ੍ਹਾਂ ਦੇ ਸੁਪਨੇ ਰੁਕ ਜਾਂਦੇ ਹਨ, ਉਹ ਤਰੱਕੀ ਕਰਨ ਅਤੇ ਅੱਗੇ ਵਧਣ ਦੇ ਰਾਹ ਵੀ ਭੁੱਲ ਜਾਂਦੇ ਹਨ। ਸੁਪਨੇ ਹੀ ਸੰਘਰਸ਼ ਦਾ ਰਾਹ ਤਿਆਰ ਕਰਦੇ ਹਨ। ਸੁਪਨੇ ਹੀ ਸਫ਼ਲਤਾ ਅਤੇ ਜਿੱਤਾਂ ਦੀ ਪ੍ਰਾਪਤੀ ਲਈ ਹੌਸਲੇ ਬੁਲੰਦ ਕਰਦੇ ਹਨ। ਮਰਹੂਮ ਰਾ ਸ਼ਟਰਪਤੀ ਡਾਕਟਰ ਏ.ਪੀ.ਜੇ ਅਬਦੁਲ ਕਲਾਮ ਕਹਿੰਦੇ ਸਨ ਕਿ ਸੁਪਨੇ ਉਹ ਨਹੀਂ ਜੋ ਸੁਤਿਆਂ ਹੋਇਆਂ ਨੂੰ ਆਉਂਦੇ ਹਨ, ਸੁਪਨੇ ਤਾਂ ਉਹ ਹੁੰਦੇ ਹਨ ਜੋ ਮਨੁੱਖ ਨੂੰ ਸੌਣ ਨਹੀਂ ਦਿੰਦੇ। ਸੁਪਨੇ ਤਾਂ ਹਾਰਾਂ ਅਤੇ ਅਸਫ਼ਲਤਾਵਾਂ ਤੋਂ ਬਾਅਦ ਵੀ ਨਹੀਂ ਰੁਕਦੇ। ਹਾਰਾਂ ਨੂੰ ਜਿੱਤਾਂ ਵਿੱਚ ਅਤੇ ਅਸਫਲਤਾਵਾਂ ਨੂੰ ਸਫਲਤਾਵਾਂ ਵਿੱਚ ਬਦਲਣ ਲਈ ਤਾਂ ਸੁਪਨਿਆਂ ਦੀ ਚਾਲ ਹੋਰ ਤੇਜ਼ ਹੋ ਜਾਂਦੀ ਹੈ। ਜ਼ਿੰਦਗੀ ਵਿੱਚ ਉਤਾਰ ਚੜ੍ਹਾ, ਖੋਣ ਪਾਉਣ, ਜਿੱਤਣ ਹਾਰਨ ਅਤੇ ਅਮੀਰੀ ਗਰੀਬੀ ਦਾ ਸਿਲਸਿਲਾ ਸੁਪਨਿਆਂ ਨਾਲ ਜੁੜਿਆ ਹੋਇਆ ਹੈ। ਨਿਕੰਮੇ, ਆਲਸੀ, ਲਾਪਰਵਾਹ ਤੇ ਸਿਰਫ ਸੋਚਣ ਵਾਲੇ ਲੋਕਾਂ ਦੇ ਸੁਪਨੇ ਕੇਵਲ ਮੁੰਗੇਰੀ ਲਾਲ ਦੇ ਸੁਪਨਿਆਂ ਵਰਗੇ ਹੀ ਹੁੰਦੇ ਹਨ। ਜਿਨ੍ਹਾਂ ਲੋਕਾਂ ਨੂੰ ਕੁਝ ਕਰਕੇ ਵਿਖਾਉਣ ਦੇ ਸੁਪਨੇ ਆਉਂਦੇ ਹਨ, ਉਹ ਕਦੇ ਵੀ ਔਕੜਾਂ ਦੀ ਪ੍ਰਵਾਹ ਨਹੀਂ ਕਰਦੇ। ਉਹ ਹਕੀਕਤ ਤੋਂ ਜਾਣੂ ਹੁੰਦੇ ਹਨ। ਸੁਪਨੇ ਉਨ੍ਹਾਂ ਨੂੰ ਆਰਾਮ ਨਾਲ ਬੈਠਣ ਨਹੀਂ ਦਿੰਦੇ। ਇੱਕ ਸੁਪਨੇ ਉਹ ਹੁੰਦੇ ਜੋ ਕੇਵਲ ਆਪਣੀ ਤਰੱਕੀ ਅਤੇ ਪ੍ਰਾਪਤੀ ਤਕ ਮਹਿਦੂਦ ਹੁੰਦੇ ਹਨ। ਉਨ੍ਹਾਂ ਸੁਪਨਿਆਂ ਦੀ ਚਰਚਾ ਤੇ ਸ਼ਲਾਘਾ ਕੁਝ ਲੋਕਾਂ ਤਕ ਹੀ ਮਹਿਦੂਦ ਰਹਿੰਦੀ ਹੈ ਪਰ ਦੇਸ਼, ਸਮਾਜ ਅਤੇ ਕੌਮ ਦੀਆਂ ਪ੍ਰਾਪਤੀਆਂ, ਵਿਕਾਸ ਅਤੇ ਤਬਦੀਲੀਆਂ ਲਈ ਲਏ ਗਏ ਸੁਪਨਿਆਂ ਦਾ ਇਤਿਹਾਸ ਲਿਖਿਆ ਜਾਂਦਾ ਹੈ। ਉਨ੍ਹਾਂ ਦੀ ਚਰਚਾ ਲੰਬੇ ਸਮੇਂ ਤਕ ਹੁੰਦੀ ਰਹਿੰਦੀ ਹੈ। ਕਲਪਨਾ ਚਾਵਲਾ ਅਤੇ ਰਾਕੇਸ਼ ਸ਼ਰਮਾ ਦਾ ਪੁਲਾੜ ਵਿੱਚ ਜਾਕੇ ਆਪਣੇ ਦੇਸ਼ ਦੇ ਝੰਡੇ ਨੂੰ ਲਹਿਰਾਉਣ ਦੇ ਸੁਪਨਿਆਂ ਦਾ ਜ਼ਿਕਰ ਹਰ ਕੋਈ ਕਰਦਾ ਹੈ।

ਇੱਛਾਵਾਂ ਮਨੁੱਖ ਦੇ ਜਨਮ ਤੋਂ ਲੈ ਕੇ ਜੀਵਨ ਦੇ ਅੰਤ ਤਕ ਕਦੇ ਵੀ ਨਹੀਂ ਰੁਕਦੀਆਂ। ਮਨੁੱਖ ਦੀ ਇਹ ਫਿਤਰਤ ਹੈ ਕਿ ਭਾਵੇਂ ਉਸ ਦੀਆਂ ਜਿੰਨੀਆਂ ਮਰਜ਼ੀ ਇੱਛਾਵਾਂ ਪੂਰੀਆਂ ਹੋ ਜਾਣ, ਪਰ ਉਸਦੀਆਂ ਇੱਛਾਵਾਂ ਕਦੇ ਮੁੱਕਦੀਆਂ ਨਹੀਂ ਹੁੰਦੀਆਂ। ਜਿਵੇਂ ਜਿਵੇਂ ਜ਼ਿੰਦਗੀ ਦੇ ਪੜਾਅ ਬਦਲਦੇ ਹਨ, ਉਵੇਂ ਉਵੇਂ ਇੱਛਾਵਾਂ ਦਾ ਰੂਪ ਵੀ ਬਦਲਦਾ ਜਾਂਦਾ ਹੈ। ਸਿੱਖਿਆ, ਨੌਕਰੀ ਤੇ ਧਨ ਹਾਸਲ ਕਰਨ ਦੀ ਇੱਛਾ, ਵਿਆਹ ਅਤੇ ਬੱਚੇ ਪੈਦਾ ਹੋਣ ਦੀ ਇੱਛਾ, ਮਕਾਨ ਬਣਾਉਣ ਅਤੇ ਹੋਰ ਸੁਖ ਸਹੂਲਤਾਂ ਹਾਸਲ ਕਰਕੇ ਚੰਗੀ ਜ਼ਿੰਦਗੀ ਗੁਜ਼ਾਰਨ ਦੀ ਇੱਛਾ, ਇਹ ਸਾਰਾ ਕੁਝ ਮਨੁੱਖ ਦੀ ਜ਼ਿੰਦਗੀ ਦੇ ਨਾਲ ਨਾਲ ਚੱਲਦਾ ਹੈ। ਇੱਛਾਵਾਂ ਦੀਆਂ ਵੀ ਬਹੁਤ ਸਾਰੀਆਂ ਕਿਸਮਾਂ ਹਨ। ਕਈ ਇੱਛਾਵਾਂ ਨਿੱਜੀ ਜ਼ਿੰਦਗੀ ਨਾਲ ਜੁੜੀਆਂ ਹੁੰਦੀਆਂ ਹਨ। ਕਈ ਇੱਛਾਵਾਂ ਦਾ ਸੰਬੰਧ ਪਰਿਵਾਰ, ਸਮਾਜ, ਦੇਸ਼ ਅਤੇ ਕੌਮ ਨਾਲ ਹੁੰਦਾ ਹੈ। ਕਈ ਇੱਛਾਵਾਂ ਦੂਜਿਆਂ ਨੂੰ ਨੀਵਾਂ ਵਿਖਾਉਣ, ਲੋਕਾਂ ਦਾ ਬੁਰਾ ਕਰਨ ਅਤੇ ਬਦਲਾ ਲੈਣ ਲਈ ਪੈਦਾ ਹੁੰਦੀਆਂ ਹਨ। ਇੱਛਾਵਾਂ ਦਾ ਸਕਾਰਾਤਮਕ ਅਤੇ ਅਗਾਂਹ ਵਧੂ ਸੋਚ ਵਾਲੀਆਂ ਹੋਣਾ ਮਨੁੱਖ ਦੀ ਉੱਚੀ ਅਤੇ ਚੰਗੀ ਸੋਚ ਦਾ ਪ੍ਰਤੀਕ ਹੁੰਦਾ ਹੈ ਪਰ ਨਕਾਰਾਤਮਕ ਅਤੇ ਘਟੀਆ ਸੋਚ ਵਾਲੀਆਂ ਇੱਛਾਵਾਂ ਮਨੁੱਖੀ ਸ਼ਖਸੀਅਤ ਦੇ ਪ੍ਰਭਾਵ ਨੂੰ ਪੇਤਲਾ ਕਰਦੀਆਂ ਹਨ। ਪ੍ਰਸਿੱਧ ਦਾਰਸ਼ਨਿਕ ਪਲੂਟੋ ਕਹਿੰਦਾ ਹੈ ਕਿ ਜਦੋਂ ਮਨੁੱਖ ਆਪਣੇ ਮਨ ਵਿੱਚ ਦੂਜਿਆਂ ਤੋਂ ਬਦਲਾ ਲੈਣ ਅਤੇ ਕਿਸੇ ਦਾ ਬੁਰਾ ਕਰਨ ਬਾਰੇ ਸੋਚਦਾ ਹੈ ਤਾਂ ਉਸਦਾ ਆਪਣਾ ਬੁਰਾ ਪਹਿਲਾਂ ਹੁੰਦਾ ਹੈ ਕਿਉਂਕਿ ਉਸਨੇ ਜੋ ਤਾਕਤ ਆਪਣੀ ਤਰੱਕੀ ਉੱਤੇ ਲਗਾਉਣੀ ਹੁੰਦੀ ਹੈ, ਉਸਦੀ ਉਹ ਤਾਕਤ ਦੂਜਿਆਂ ਦਾ ਬੁਰਾ ਕਰਨ ਦੇ ਢੰਗ ਲੱਭਣ ਉੱਤੇ ਲੱਗ ਜਾਂਦੀ ਹੈ।

ਸਾਰੇ ਧਾਰਮਿਕ ਗ੍ਰੰਥਾਂ ਵਿੱਚ ਇਹ ਦੱਸਿਆ ਗਿਆ ਹੈ ਕਿ ਮਨੁੱਖ ਨੂੰ ਆਪਣੀਆਂ ਇੱਛਾਵਾਂ ਉੱਤੇ ਕਾਬੂ ਰੱਖਣਾ ਚਾਹੀਦਾ ਹੈ। ਮਨੁੱਖ ਜਿੰਨੀਆਂ ਵੱਧ ਤੋਂ ਵੱਧ ਇੱਛਾਵਾਂ ਪਾਲਦਾ ਹੈ, ਉਹ ਉੰਨਾ ਹੀ ਤਣਾਅ ਵਿੱਚ ਰਹਿੰਦਾ ਹੈ। ਜਿਹੜੇ ਲੋਕ ਸਮੇਂ, ਸੁਪਨਿਆਂ ਅਤੇ ਇੱਛਾਵਾਂ ਦੀ ਹਕੀਕਤ ਨੂੰ ਸਮਝਦੇ ਹਨ, ਉਨ੍ਹਾਂ ਦੀ ਆਪਣੀ ਵੱਖਰੀ ਪਛਾਣ ਹੁੰਦੀ ਹੈ।

# ਦੁੱਖ ਪਰਦੇਸਾਂ ਦੇ

**ਲਿਖਤ : ਡਾ. ਜਗਦੀਸ਼ ਕੌਰ**

ਇੱਕ ਸਮਾਂ ਸੀ ਜਦੋਂ ਧੀਆਂ-ਪੁੱਤਰਾਂ ਦੇ ਵਿਆਹ ਕਰਨ ਲਈ ਕੁਝ ਮੀਲਾਂ ਦੀ ਦੂਰੀ ਜਾਂ ਦਰਿਆ ਪਾਰ ਦੀ ਦੂਰੀ ਅਸਹਿ ਸੀ ਕਿਉਂਕਿ ਉਦੋਂ ਆਵਾਜਾਈ ਦੇ ਸਾਧਨ ਇੰਨੇ ਵਿਕਸਿਤ ਨਹੀਂ ਸਨ। ਜਿਉਂ-ਜਿਉਂ ਸਾਇੰਸ ਤਰੱਕੀ ਕਰਦੀ ਗਈ, ਪਦਾਰਥਵਾਦੀ ਯੁੱਗ ਹਾਵੀ ਹੋਣ ਲੱਗਾ, ਨੈੱਟ ਨੇ ਦੂਰੀਆਂ ਨੇੜਤਾ ਵਿੱਚ ਬਦਲ ਦਿੱਤੀਆਂ, ਆਵਾਜਾਈ ਦੇ ਸਾਧਨ ਵੀ ਵਿਕਸਿਤ ਹੋ ਗਏ। ਬੱਸਾਂ, ਗੱਡੀਆਂ, ਮੈਟਰੋ ਤੇ ਹਵਾਈ ਉਡਾਣਾਂ ਨੇ ਦਿਨਾਂ ਤੇ ਮਹੀਨਿਆਂ ਦੀਆਂ ਦੂਰੀਆਂ ਘੰਟਿਆਂ ਵਿੱਚ ਬਦਲ ਦਿੱਤੀਆਂ ਤੇ ਆਉਣ-ਜਾਣ ਦੀ ਸਮੱਸਿਆ ਹੱਲ ਹੋ ਗਈ। ਪਰ ਨਾਲ ਹੀ ਪੈਸਾ ਤੀਸਰਾ ਨੇਤਰ ਬਣ ਗਿਆ। ਨਿਰਸੰਦੇਹ ਪੈਸੇ ਦੀ ਲੋੜ ਜੀਵਨ ਜਿਊਣ ਲਈ ਮਹੱਤਵਪੂਰਨ ਹੈ, ਪਰ ਪਦਾਰਥਕ ਦੌੜ ਨੇ ਇਸ ਨੂੰ ਭੁੱਖ ਵਿੱਚ ਤਬਦੀਲ ਕਰ ਦਿੱਤਾ। ਪੈਸੇ ਦੀ ਦੌੜ ਤੇ ਚੰਗੇਰੀ ਜ਼ਿੰਦਗੀ ਮਾਨਣ ਲਈ ਸਾਡੀ ਨੌਜਵਾਨ ਪੀੜ੍ਹੀ ਵਿਦੇਸ਼ਾਂ ਵੱਲ ਨੂੰ ਰੁਖ ਕਰਨ ਲੱਗੀ। ਅੱਜ ਇਸ ਪਦਾਰਥਕ ਦੌੜ ਦੇ ਖਿੱਚੇ ਨੌਜਵਾਨ ਦੁਨੀਆਂ ਦੇ ਹਰ ਕੋਨੇ ਵਿੱਚ ਜਾ ਵਸੇ ਹਨ। ਜੱਟਾਂ ਦੇ ਪੁੱਤਰ ਜੋ ਘਰ ਰਹਿ ਕੇ ਮਿਹਨਤ ਕਰਨ ਲਈ ਹੱਥ ਹਿਲਾਉਣ ਨੂੰ ਤਿਆਰ ਨਹੀਂ, ਵਿਦੇਸ਼ਾਂ 'ਚ ਜਾਣ ਲਈ ਮਾਪਿਆਂ ਦੇ ਗਲੇ ਵਿੱਚ ਅੰਗੂਠਾ ਦਿੰਦੇ ਹਨ। ਦੂਸਰੇ ਪਾਸੇ ਮਾਂ-ਬਾਪ ਵੀ ਇਸ ਲਾਲਸਾ ਦੇ ਝਾਂਸੇ ਵਿੱਚ ਆ ਰਹੇ ਹਨ ਕਿ ਪੁੱਤਰ ਵਿਦੇਸ਼ ਜਾ ਕੇ ਪੌਂਡ ਜਾਂ ਡਾਲਰ ਕਮਾ ਕੇ ਉਨ੍ਹਾਂ ਨੂੰ ਰਾਜ ਕਰਾਉਣਗੇ। ਇਸੇ ਲਾਲਸਾ ਕਾਰਨ ਮਹਿੰਗੀਆਂ ਜ਼ਮੀਨਾਂ ਗਹਿਣੇ ਰੱਖ ਕੇ ਨਿਹੱਥੇ ਹੋ ਕੇ ਬਹਿ ਜਾਂਦੇ ਹਨ। ਦੂਜੇ ਪਾਸੇ ਪੁੱਤਰ ਦੋ ਨੰਬਰ ਵਿੱਚ ਕਿਹੜੇ ਹਾਲ ਵਿੱਚ ਧੱਕੇ ਖਾ ਕੇ ਚੋਰੀ-ਛਿਪੇ ਟਿਕਾਣੇ 'ਤੇ ਪੁੱਜਦੇ ਹਨ। ਇਹ ਉਹ ਹੀ ਜਾਣਦੇ ਹਨ। ਇਹੀ ਹਾਲ ਮੁਟਿਆਰਾਂ ਦਾ ਹੈ ਜੋ ਵਿਦੇਸ਼ ਜਾਣ ਲਈ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੀਆਂ ਹਨ। ਭਾਵੇਂ ਅਨਪੜ੍ਹ, ਦੁਹਾਜੂ ਜਾਂ ਪਿਉ ਦੀ ਉਮਰ ਦੇ ਲਾੜੇ ਨਾਲ ਵਿਆਹ ਕਿਉਂ ਨਾ ਕਰਵਾਉਣਾ ਪਵੇ। ਮਾਪੇ ਵੀ ਧੀਆਂ ਨੂੰ ਇਸ ਲਾਲਚ ਦੇ ਮਾਰੇ ਵਿਦੇਸ਼ ਭੇਜਣ ਲਈ ਤਤਪਰ ਹੁੰਦੇ ਹਨ ਕਿ ਧੀ ਉੱਥੇ ਪੁੱਜ ਕੇ ਬਾਕੀ ਪਰਿਵਾਰ ਨੂੰ ਸੈੱਟ ਕਰ ਦੇਵੇਗੀ। ਪਰ ਅਕਸਰ ਵਾਪਰਦਾ ਇਸ ਦੇ ਉਲਟ ਹੈ। ਕੁੜੀਆਂ ਉੱਥੇ ਪੁੱਜ ਕੇ ਛੋਟੀ ਤੋਂ ਛੋਟੀ ਨੌਕਰੀ ਕਰਨ ਲਈ ਮਜਬੂਰ ਹੋ ਜਾਂਦੀਆਂ ਹਨ ਅਤੇ ਜੇ ਕਿਤੇ ਪਤੀ ਨਾਲ ਅਣਬਣ ਹੋ ਜਾਏ ਤਾਂ ਉਹ ਬੇਬਸੀ ਦਾ ਜੀਵਨ ਬਸਰ ਕਰਦੀਆਂ ਹਨ।

ਨੌਜਵਾਨਾਂ ਦੀ ਵਿਦੇਸ਼ ਜਾਣ ਦੀ ਲਾਲਸਾ ਇਸ ਹੱਦ ਤਕ ਵੱਧ ਜਾਂਦੀ ਹੈ ਕਿ ਉਹ ਪੈਸੇ ਕਮਾਉਣ ਦੇ ਮੰਤਵ ਨਾਲ ਵਿਦੇਸ਼ ਪਹੁੰਚਦੇ ਹਨ, ਪਤੀ-ਪਤਨੀ ਜਾਂ ਬੱਚੇ ਬਹੁਤੀ ਮਹੱਤਤਾ ਨਹੀਂ ਰੱਖਦੇ। ਉਹ ਇਹ ਸੋਚ ਕੇ ਜਾਂਦੇ ਹਨ ਕਿ ਕੁਝ ਸਾਲ ਪੈਸਾ ਕਮਾ ਕੇ ਪਰਤ ਆਉਣਗੇ, ਪਰ ਅਕਸਰ ਅਜਿਹਾ ਨਹੀਂ ਹੁੰਦਾ। ਵਿਦੇਸ਼ ਦੀਆਂ ਸਮਾਜਿਕ, ਆਰਥਿਕ ਤੇ ਰਾਜਨੀਤਕ ਪ੍ਰਸਥਿਤੀਆਂ ਉਨ੍ਹਾਂ ਨੂੰ ਇਸ ਕਦਰ ਜਕੜ ਲੈਂਦੀਆਂ ਹਨ ਕਿ ਪਿੱਛੇ ਪਰਿਵਾਰ ਨੂੰ ਪੈਸੇ ਭੇਜਣ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਰਹਿੰਦਾ। ਕਿਸੇ ਵੀ ਦੇਸ਼ ਵਿੱਚ ਚਲੇ ਜਾਉ, ਪਰਿਵਾਰ ਦਾ ਹੋਣਾ ਲਾਜ਼ਮੀ ਹੈ ਤਾਂ ਹੀ ਜੀਵਨ ਦੀ ਗੱਡੀ ਅਗਾਂਹ ਚੱਲਦੀ ਹੈ। ਅਕਸਰ ਵਿਦੇਸ਼ ਜਾਣ ਵਾਲੇ ਬਹੁਤੇ ਪੰਜਾਬੀ ਪੰਜਾਬ ਵਿੱਚ ਹੀ ਵਿਆਹੇ ਹੁੰਦੇ ਹਨ, ਕੁਝ ਤਲਾਕਸ਼ੁਦਾ ਤੇ ਕੁਝ ਜਿਨ੍ਹਾਂ ਦਾ ਸਾਥੀ ਸਵਰਗਵਾਸ ਹੋ ਗਿਆ ਹੋਵੇ। ਇਨ੍ਹਾਂ ਵਿੱਚੋਂ ਕੁਝ ਗਿਣਤੀ ਕੁਆਰੇ ਨੌਜਵਾਨਾਂ ਤੇ ਲੜਕੀਆਂ ਦੀ ਹੁੰਦੀ ਹੈ। ਇਨ੍ਹਾਂ ਸਾਰਿਆਂ ਦੀ ਕੋਸ਼ਿਸ਼ ਇਹੀ ਹੁੰਦੀ ਹੈ ਕਿ ਪੰਜਾਬ ਪਰਤ ਕੇ ਵਿਆਹ ਕਰਵਾਉਣ, ਪਰ ਉਨ੍ਹਾਂ ਕੋਲ ਸਮਾਂ ਦੋ ਜਾਂ ਤਿੰਨ ਹਫ਼ਤਿਆਂ ਦਾ ਹੁੰਦਾ ਹੈ, ਜਿਸ ਦੌਰਾਨ ਲੜਕਾ ਜਾਂ ਲੜਕੀ ਲੱਭ ਕੇ ਵਿਆਹ ਕਰਵਾ ਕੇ ਪਰਤ ਜਾਂਦੇ ਹਨ। ਕਈ ਵਾਰ ਅਜਿਹੇ ਵਿਆਹਾਂ ਦਾ ਮੁੱਖ ਮੰਤਵ ਇਮੀਗ੍ਰੇਸ਼ਨ ਵੀ ਹੁੰਦਾ ਸੀ। ਵਿਆਹ ਇੱਕ ਜ਼ਰੀਆ ਮਾਤਰ ਸੀ, ਪਰ ਅਜਿਹੇ ਵਿਆਹਾਂ ਵਿੱਚ ਤੋੜ-ਵਿਛੋੜੇ ਦੀ ਨੌਬਤ ਘੱਟ ਹੀ ਸੁਣਨ ਵਿੱਚ ਆਉਂਦੀ ਸੀ। ਵਿਦੇਸ਼ ਤੋਂ ਆਏ ਲੜਕੇ/ਲੜਕੀਆਂ ਦੀ ਚਕਾਚੌਂਧ ਦੀ ਦੇਖਾ-ਦੇਖੀ ਪਿੰਡਾਂ-ਸ਼ਹਿਰਾਂ ਦੇ ਬੱਚੇ ਵਿਦੇਸ਼ਾਂ ਵੱਲ ਆਕਰਸ਼ਿਤ ਹੋ ਜਾਂਦੇ ਅਤੇ ਮਾਪਿਆਂ ਉੱਤੇ ਵਿਦੇਸ਼ ਜਾਣ ਲਈ ਦਬਾਅ ਪਾਉਂਦੇ। ਪਰ ਜਿਉਂ-ਜਿਉਂ ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਵੱਸੋਂ ਵੱਧਦੀ ਗਈ, ਪਰਵਾਸ ਸਬੰਧੀ ਕਾਨੂੰਨ ਵੀ ਸਖ਼ਤ ਹੋਣ ਲੱਗੇ। ਅਜਿਹੀ ਸੂਰਤ ਵਿੱਚ ਬਾਹਰ ਜਾਣ ਦਾ ਇੱਕੋ-ਇੱਕ ਹੱਲ ਰਹਿ ਗਿਆ ਲੜਕੇ ਜਾਂ ਲੜਕੀ ਨੂੰ ਪਰਵਾਸੀ ਨਾਲ ਵਿਆਹ ਦਿਓ ਤੇ ਫਿਰ ਇੱਕ-ਦੋ ਸਾਲ ਦਾ ਸਮਾਂ ਪਾ ਕੇ ਪਰਿਵਾਰ ਵੀ ਪਹੁੰਚ ਜਾਏਗਾ। ਅਜਿਹੇ ਰਿਸ਼ਤੇ ਅਕਸਰ ਕਿਸੇ ਵਿਚੋਲੇ, ਰਿਸ਼ਤੇਦਾਰ ਜਾਂ ਨਿੱਜੀ ਦੋਸਤ-ਮਿੱਤਰ ਰਾਹੀਂ, ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਜਾਂ ਫਿਰ ਇੰਟਰਨੈੱਟ ਰਾਹੀਂ ਹੁੰਦੇ ਹਨ। ਅਜਿਹੇ ਕੇਸਾਂ ਵਿੱਚ ਝੱਟ ਮੰਗਣੀ ਪਟ ਵਿਆਹ ਕਰਕੇ ਕਿਸੇ ਪਿਛੋਕੜ ਜਾਂ ਹੋਰ ਜਾਣਕਾਰੀ ਦੀ ਘਾਟ ਕਾਰਨ ਰਿਸ਼ਤੇ ਵਧੇਰੇ ਸਮਾਂ ਨਹੀਂ ਟਿਕਦੇ ਜਾਂ ਫਿਰ ਲੜਕੇ ਪਹਿਲਾਂ ਹੀ ਵਿਆਹੇ ਹੋਏ ਤੇ ਪਰਿਵਾਰ ਵਾਲੇ ਹੋਣ ਕਾਰਨ ਧੋਖਾ ਹੋ ਜਾਂਦਾ ਹੈ। ਅਜਿਹੇ ਵਿਆਹਾਂ ਦੇ ਸਿੱਟੇ ਵਧੀਆ ਨਹੀਂ ਨਿਕਲਦੇ।

ਜਿਹੜੇ ਵਿਆਹ ਉੱਚਿਤ ਪ੍ਰਕਿਰਿਆ ਵਿੱਚੋਂ ਨਿਕਲ ਕੇ ਸਫ਼ਲ ਹੁੰਦੇ ਹਨ, ਉਹ ਪਹਿਲਾਂ ਜੀਵਨ ਸਾਥੀ ਨੂੰ ਵਿਦੇਸ਼ ਬੁਲਾਉਂਦੇ ਹਨ ਤੇ ਫਿਰ ਉਨ੍ਹਾਂ ਨੇ ਤੈਅ ਕਰਨਾ ਹੁੰਦਾ ਹੈ ਕਿ ਜੀਵਨ ਸਾਥੀ ਨੇ ਪੜ੍ਹਾਈ ਕਰਨੀ ਹੈ ਜਾਂ ਨੌਕਰੀ। ਬੱਚੇ ਪੈਦਾ ਹੋਣ 'ਤੇ ਉਨ੍ਹਾਂ ਲਈ ਹੋਰ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਬੱਚੇ ਨੂੰ 'ਕਰੈਚ' ਛੱਡਣਾ ਬਹੁਤ ਮਹਿੰਗਾ ਪੈਂਦਾ ਹੈ ਤਾਂ ਉਨ੍ਹਾਂ ਨੂੰ ਮਜਬੂਰਨ ਕਿਸੇ ਇੱਕ ਧਿਰ ਦੇ ਮਾਪਿਆਂ ਨੂੰ ਬੱਚੇ ਦੀ ਦੇਖ-ਭਾਲ ਲਈ ਬੁਲਾਉਣਾ ਪੈਂਦਾ ਹੈ। ਵਧੇਰੇ ਕਰਕੇ ਇਹ ਜ਼ਿੰਮੇਵਾਰੀ ਲੜਕੇ ਦੀ ਮਾਤਾ ਦੀ ਹੁੰਦੀ ਹੈ। ਪਰਿਵਾਰ ਵਿੱਚ ਇਸ ਵਾਧੇ ਨਾਲ ਆਰਥਿਕ ਬੋਝ ਤਾਂ ਪੈਂਦਾ ਹੀ ਹੈ, ਪਰ ਸੁੱਖ ਇਹ ਹੁੰਦਾ ਹੈ ਕਿ ਤਿੰਨ-ਚਾਰ ਸਾਲ ਤਕ ਬੱਚਾ ਸੁਰੱਖਿਅਤ ਹੱਥਾਂ ਵਿੱਚ ਪਲਦਾ ਹੈ, ਖ਼ਰਚ ਵੀ ਬਚਦਾ ਹੈ ਤੇ ਇਕੱਠਾ ਪਰਿਵਾਰ ਹੋਣ ਕਰਕੇ ਮਾਨਸਿਕ ਸੁਰੱਖਿਆ ਵੀ ਮਿਲਦੀ ਹੈ। ਪਰ ਆਮ ਵੇਖਣ ਵਿੱਚ ਆਉਂਦਾ ਹੈ ਕਿ ਬੱਚਾ ਜਦੋਂ ਥੋੜ੍ਹਾ ਜਿਹਾ ਵੱਡਾ ਹੋ ਜਾਂਦਾ ਹੈ ਤਾਂ ਉਹ ਦਾਦੇ-ਦਾਦੀ ਜਾਂ ਨਾਨੇ-ਨਾਨੀ ਦੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕਰਦਾ, ਆਪਣੀ ਆਜ਼ਾਦੀ 'ਤੇ ਪਾਬੰਦੀ ਨਹੀਂ ਚਾਹੁੰਦਾ। ਬਜ਼ੁਰਗ ਆਪਣੀਆਂ ਰਵਾਇਤਾਂ ਤੇ ਕਦਰਾਂ-ਕੀਮਤਾਂ ਨਾਲ ਬੱਝੇ ਹੋਣ ਕਾਰਨ ਘਰ ਵਿੱਚ ਅਨੁਸ਼ਾਸਨ ਚਾਹੁੰਦੇ ਹਨ, ਬੱਚਿਆਂ ਲਈ ਰਾਹ ਸਿਰ ਦੀ ਆਜ਼ਾਦੀ ਦੇ ਹਾਮੀ ਹੁੰਦੇ ਹਨ। ਇੱਥੇ ਦੋ ਪੀੜ੍ਹੀਆਂ ਵਿੱਚ ਵੱਖ-ਵੱਖ ਕਦਰਾਂ-ਕੀਮਤਾਂ ਆਪਸ ਵਿੱਚ ਟਕਰਾਉਂਦੀਆਂ ਹਨ ਜੋ ਕਿਸੇ ਹੱਦ ਤਕ ਪਰਿਵਾਰ ਟੁੱਟਣ ਦਾ ਕਾਰਨ ਬਣਦੀ ਹੈ ਤੇ ਮਾਪੇ ਜਾਂ ਤਾਂ ਵਤਨ ਪਰਤ ਆਉਂਦੇ ਹਨ ਜਾਂ ਵੱਖ ਰਹਿਣ ਲੱਗ ਪੈਂਦੇ ਹਨ।

ਨਿਰਸੰਦੇਹ ਜੀਵਨ ਵਿੱਚ ਪਰਿਵਰਤਨ ਵਿਕਾਸਮੁਖੀ ਰਸਤਾ ਹੈ ਜੋ ਇਸ ਨੂੰ ਕਬੂਲ ਨਹੀਂ ਕਰਦਾ ਉਹ ਪਛੜ ਜਾਂਦਾ ਹੈ। ਪਰ ਨੌਜਵਾਨ ਪੀੜ੍ਹੀ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਿੱਥੋਂ ਤਕ ਸੱਭਿਆਚਾਰਕ ਵਿਰਸੇ ਦਾ ਸਬੰਧ ਹੈ ਉਸ ਨਾਲ ਜ਼ਰੂਰ ਜੁੜੇ ਰਹੋ। ਪਰਿਵਾਰਕ ਸਾਂਝ, ਪਿਆਰ, ਇਕਸੁਰਤਾ, ਵਿਸ਼ਵਾਸ, ਹਮਦਰਦੀ ਸਾਡਾ ਵਿਰਸਾ ਹੈ, ਇਸ ਨਾਲੋਂ ਟੁੱਟ ਕੇ ਮਨੁੱਖ ਕਿਸੇ ਪਾਸੇ ਦਾ ਨਹੀਂ ਰਹਿੰਦਾ। ਨਵੀਂ ਤੇ ਪੁਰਾਣੀ ਪੀੜ੍ਹੀ ਨੂੰ ਅਜਿਹਾ ਰਸਤਾ ਅਖ਼ਤਿਆਰ ਕਰਨਾ ਚਾਹੀਦਾ ਹੈ ਜੋ ਦੋਹਾਂ ਵਿੱਚ ਪੁਲ ਦਾ ਕੰਮ ਕਰੇ।

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

### ਸਵੇਰੇ

| | |
|---|---|
| ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 - 6.00 ਵਜੇ |
| ਆਸਾ ਕੀ ਵਾਰ | : 6.00 -7.45 ਵਜੇ |
| ਅਰਦਾਸ / ਹੁਕਮਨਾਮਾ | : 7.45 - 8.00 ਵਜੇ |
| ਕਥਾ / ਹੁਕਮਨਾਮਾ | : 8.00 - 8.30 ਵਜੇ |
| ਕੀਰਤਨ | : 8.30 - 9.40 ਵਜੇ |
| ਕਥਾ | : 9.40 - 10.30 ਵਜੇ |
| ਢਾਡੀ | : 10.30 - 11.30 |
| **ਸਮਾਪਤੀ** | : 8:00 ਵਜੇ |

### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30-5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30-6:40 ਵਜੇ |
| ਕਥਾ | : 6:40-7:15 ਵਜੇ |
| ਢਾਡੀ | : 7:15 -8:00 ਵਜੇ |
| ਸਮਾਪਤੀ | : 8:00 ਵਜੇ |

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੀ ਸੇਵਾ ਨਗਰ ਕਲਸੀਆਂ ਜਿਲਾ ਲੁਧਿਆਣਾ ਦੀਆਂ ਸੰਗਤਾਂ ਅਤੇ ਨਗਰ ਭੈਣੀ ਵੜਿੰਗਾਂ ਦੀਆਂ ਸੰਗਤਾਂ ਵੱਲੋਂ ਹੋਵੇਗੀ
- ਇਹ ਅਖੰਡ ਪਾਠ 09 ਮਈ ਦਿਨ ਸ਼ੁੱਕਰਵਾਰ ਸਵੇਰੇ 09:30 ਵਜੇ ਅਰੰਭ ਹੋਣਗੇ ਜਿਨਾਂ ਦੇ ਭੋਗ 11 ਮਈ ਦਿਨ ਐਤਵਾਰ ਸਵੇਰੇ 09:30 ਵਜੇ ਪੈਣਗੇ। ਉਪਰੰਤ ਹਫਤਾਵਰੀ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।
- 09 ਮਈ ਦਿਨ ਸ਼ੁੱਕਰਵਾਰ ਸਵੇਰੇ 11 ਵਜੇ ਭਾਈ ਹਰਉਪਿੰਦਰ ਸਿੰਘ ਬੈਂਸ ਪ੍ਰਵਾਰ ਵੱਲੋਂ ਆਰੰਭ ਕੀਤੇ ਗਏ ਸਹਜ ਪਾਠ ਦੇ ਭੋਗ ਕੀਰਤਨ ਅਤੇ ਲੰਗਰ ਦੀ ਸੇਵਾ ਹੋਵੇਗੀ।
- 09 ਮਈ ਸ਼ੁੱਕਰਵਾਰ ਸ਼ਾਮ 03:30 ਵਜੇ ਸੁਖਮਨੀ ਸਾਹਿਬ ਦੇ ਪਾਠ ਲੰਗਰ ਅਤੇ ਕੀਰਤਨ ਦੀ ਸੇਵਾ ਭਾਈ ਹਰਉਪਿੰਦਰ ਸਿੰਘ ਬੈਂਸ ਪ੍ਰਵਾਰ ਵੱਲੋਂ ਹੋਵੇਗੀ।
- 10 ਮਈ ਦਿਨ ਸ਼ਨਿੱਚਰਵਾਰ ਸਵੇਰੇ 09:30 ਵਜੇ ਭਾਈ ਜਗਰੂਪ ਸਿੰਘ ਬਰਾੜ ਅਤੇ ਭਾਈ ਸਾਧੂ ਸਿੰਘ ਪ੍ਰਵਾਰ ਵੱਲੋਂ ਅਰੰਭ ਕਰਵਾਏ ਗਏ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਉਪਰੰਤ ਦੀਵਾਨ ਸੱਜਣਗੇ ਅਤੇ ਗੁਰੂ ਕੇ ਲੰਗਰਾਂ ਦੀਆਂ ਸੇਵਾਂਵਾਂ ਹੋਣਗੀਆਂ।
- 10 ਮਈ ਦਿਨ ਸ਼ਨਿੱਚਰਵਾਰ ਸ਼ਾਮ 03:30 ਵਜੇ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਸੱਤ ਪ੍ਰਵਾਰਾਂ ਵੱਲੋਂ ਹੋਵੇਗੀ ਭਾਈ ਬਲਬੀਰ ਸਿੰਘ ਪ੍ਰਵਾਰ, ਭਾਈ ਬਲਵਿੰਦਰ ਸਿੰਘ ਪ੍ਰਵਾਰ,ਬੀਬੀ ਚਰਨਜੀਤ ਕੌਰ ਪ੍ਰਵਾਰ, ਭਾਈ ਗੁਰਪ੍ਰੀਤ ਸਿੰਘ ਪ੍ਰਵਾਰ,ਭਾਈ ਸੁਖਜੋਤ ਸਿੰਘ ਗਿੱਲ ਪ੍ਰਵਾਰ,ਭਾਈ ਪਰਵਿੰਦਰ ਸਿੰਘ ਪ੍ਰਵਾਰ ਅਤੇ ਭਾਈ ਅਰਜਨਦੇਵ ਸਿੰਘ ਧਾਮੀ ਪ੍ਰਵਾਰ।
- 11 ਮਈ ਦਿਨ ਐਤਵਾਰ ਦੇ ਹਫਤਾਵਰੀ ਦੀਵਾਨ ਸਵਰਗਵਾਸੀ ਭਾਈ ਜਰਨੈਲ ਸਿੰਘ ਆਰਟਿਸਟ ਨੂੰ ਸਮਰਪਿਤ ਹੋਣਗੇ ਅਤੇ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤੇਗਾ ਜੀ।
- 11 ਮਈ ਦਿਨ ਐਤਵਾਰ ਸਵੇਰੇ 09:30 ਵਜੇ ਭਾਈ ਹਰਪਾਲ ਸਿੰਘ ਪ੍ਰਵਾਰ ਅਤੇ ਭਾਈ ਅਮਰਜੀਤ ਸਿੰਘ ਬੋਪਾਰਾਏ ਪ੍ਰਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਰਤਨ ਤੇ ਲੰਗਰਾਂ ਦੀ ਸੇਵਾ ਹੋਵੇਗੀ।
- 11 ਮਈ ਦਿਨ ਐਤਵਾਰ ਸ਼ਾਮ 03:30 ਵਜੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਤਿੰਨ ਪ੍ਰਵਾਰਾਂ ਵੱਲੋਂ ਹੋਵੇਗੀ ਭਾਈ ਇੰਦਰਜੀਤ ਸਿੰਘ ਪ੍ਰਵਾਰ, ਭਾਈ ਸਿਮਰਜੋਤ ਸਿੰਘ ਸੰਧੂ ਪ੍ਰਵਾਰ ਅਤੇ ਭਾਈ ਸਤਵੰਤ ਸਿੰਘ ਨਿੱਝਰ ਪ੍ਰਵਾਰ।
- 13 ਅਤੇ 14 ਮਈ ਸ਼ਾਮ ਦੇ ਦੀਵਾਨ 6 ਵਜੇ ਤੋਂ ਲੈ ਕੇ 9 ਵਜੇ ਤਕ ਅਖੰਡ ਕੀਰਤਨੀ ਜੱਥੇ ਵੱਲੋਂ ਸਜਾਏ ਜਾਣਗੇ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।

**ਰਾਗੀ ਜੱਥਾ : ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ**
**ਭਾਈ ਪ੍ਰਿਤਪਾਲ ਸਿੰਘ ਬੰਗਲਾ ਸਾਹਿਬ ਵਾਲੇ**

**ਕਥਾਵਾਚਕ : ਭਾਈ ਨਿਸ਼ਾਨ ਸਿੰਘ**

**ਢਾਡੀ ਜਥਾ : ਭਾਈ ਜਗਜੀਵਨ ਸਿੰਘ ਅਰਜਨਵਾਲ ਵਾਲੇ**

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਭਾਰਤ ਨੇ ਪਾਕਿ ਤੋਂ ਸਾਰੇ ਆਯਾਤ 'ਤੇ ਪਾਬੰਦੀ ਲਗਾਈ

ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ-ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦੇ ਮੱਦੇਨਜ਼ਰ ਭਾਰਤ ਨੇ ਪਾਕਿਸਤਾਨ ਤੋਂ ਸਾਰੇ ਪ੍ਰਕਾਰ ਦੇ ਅਯਾਤ ਅਤੇ ਨਿਰਯਾਤ 'ਤੇ ਪਾਬੰਦੀ ਲਗਾ ਦਿੱਤੀ ਹੈ। 2 ਮਈ 2025 ਨੂੰ ਵਣਜ ਮੰਤਰਾਲੇ ਅਨੁਸਾਰ ਇਹ ਪਾਬੰਦੀ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਨੀਤੀ ਦੇ ਹਿੱਤ ਵਿੱਚ ਲਗਾਈ ਗਈ ਹੈ। ਇਸ ਪਾਬੰਦੀ ਵਿੱਚ ਕਿਸੇ ਵੀ ਛੋਟ ਲਈ ਭਾਰਤ ਸਰਕਾਰ ਦੀ ਪਹਿਲੀ ਮਨਜ਼ੂਰੀ ਜ਼ਰੂਰੀ ਹੋਵੇਗੀ। ਅਧਿਸੂਚਨਾ ਵਿੱਚ ਵਿਦੇਸ਼ ਵਪਾਰ ਨੀਤੀ (ਐਫਟੀਪੀ) 2023 ਵਿੱਚ ਇੱਕ ਪ੍ਰਬੰਧ ਜੋੜਿਆ ਗਿਆ, ਜਿਸ ਨਾਲ ਪਾਕਿਸਤਾਨ ਤੋਂ ਸਾਰੇ ਸਮਾਨ ਦੇ ਆਯਾਤ ਅਤੇ ਪਾਰਗਮਨ 'ਤੇ ਰੋਕ ਲਗਾਈ ਗਈ।

22 ਅਪ੍ਰੈਲ 2025 ਨੂੰ ਜੰਮੂ-ਕਸ਼ਮੀਰ ਦੇ ਮਸ਼ਹੂਰ ਸੈਰ-ਸਪਾਟਾ ਸਥਾਨ ਪਹਿਲਗਾਮ ਦੀ ਬੈਸਰਨ ਘਾਟੀ ਵਿੱਚ ਅੱਤਵਾਦੀਆਂ ਨੇ ਜ਼ਿਆਦਾਤਰ ਸੈਲਾਨੀਆਂ 'ਤੇ ਗੋਲੀਬਾਰੀ ਕੀਤੀ, ਜਿਸ ਵਿੱਚ 26 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋਏ। ਪਾਬੰਦੀਸ਼ੁਦਾ ਅੱਤਵਾਦੀ ਸੰਗਠਨ 'ਲਸ਼ਕਰ-ਏ-ਤੋਇਬਾ' ਨਾਲ ਜੁੜੇ 'ਟੀਆਰਐਫ' ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ। ਇਸ ਘਟਨਾ ਨੇ ਦੋਹਾਂ ਮੁਲਕਾਂ ਵਿਚਕਾਰ ਤਣਾਅ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਪਹਿਲਗਾਮ ਹਮਲੇ ਤੋਂ ਬਾਅਦ, ਭਾਰਤ ਨੇ ਕਈ ਸਖ਼ਤ ਕਦਮ ਚੁੱਕੇ, ਜਿਨ੍ਹਾਂ ਵਿੱਚ 1960 ਦਾ ਸਿੰਧੂ ਜਲ ਸਮਝੌਤਾ ਮੁਅੱਤਲ ਕਰਨਾ, ਅਟਾਰੀ-ਵਾਘਾ ਸਰਹੱਦੀ ਚੌਕੀ ਬੰਦ ਕਰਨਾ, ਪਾਕਿਸਤਾਨੀ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਰੱਦ ਕਰਨਾ ਅਤੇ ਸਾਰਕ ਵੀਜ਼ਾ ਸਹੂਲਤ ਬੰਦ ਕਰਨਾ ਸ਼ਾਮਲ ਹੈ।

### ਪਾਕਿਸਤਾਨ ਭਾਰਤ ਨੂੰ ਕਿਹੜੀਆਂ ਵਸਤਾਂ ਭੇਜਦਾ ਹੈ?

ਹਾਲੀਆ ਅਧਿਕਾਰਕ ਅੰਕੜਿਆਂ ਅਨੁਸਾਰ, ਅਪ੍ਰੈਲ 2024 ਤੋਂ ਫਰਵਰੀ 2025 ਦੌਰਾਨ ਭਾਰਤ ਨੇ ਪਾਕਿਸਤਾਨ ਤੋਂ ਕੋਈ ਆਯਾਤ ਨਹੀਂ ਕੀਤਾ। ਪਰ ਪਿਛਲੇ ਸਮੇਂ ਵਿੱਚ, ਪਾਕਿਸਤਾਨ ਤੋਂ ਭਾਰਤ ਨੂੰ ਸੀਮਤ ਵਸਤਾਂ ਜਿਵੇਂ ਸੀਮਿੰਟ, ਖਜੂਰ, ਖਨਿਜ ਪਦਾਰਥ, ਚਮੜਾ, ਅਤੇ ਕੁਝ ਟੈਕਸਟਾਈਲ ਉਤਪਾਦ ਨਿਰਯਾਤ ਕੀਤੇ ਜਾਂਦੇ ਸਨ। ਭਾਰਤ ਨੇ 2019 ਵਿੱਚ ਪੁਲਵਾਮਾ ਹਮਲੇ ਤੋਂ ਬਾਅਦ ਪਾਕਿਸਤਾਨ ਨੂੰ 'ਮੋਸਟ ਫੇਵਰਡ ਨੇਸ਼ਨ' (ਐਮਐਫਐਨ) ਦਰਜਾ ਰੱਦ ਕਰ ਦਿੱਤਾ ਸੀ ਅਤੇ ਆਯਾਤ 'ਤੇ 200% ਸ਼ੁਲਕ ਲਗਾ ਦਿੱਤਾ ਸੀ, ਜਿਸ ਨਾਲ ਵਪਾਰ ਲਗਭਗ ਠੱਪ ਹੋ ਗਿਆ। ਇਸ ਦੇ ਉਲਟ, ਭਾਰਤ ਪਾਕਿਸਤਾਨ ਨੂੰ ਵਪਾਰਕ ਵਸਤਾਂ ਦਾ ਨਿਰਯਾਤ ਕਰਦਾ ਰਿਹਾ ਹੈ। ਵਿੱਤੀ ਸਾਲ 2025 ਵਿੱਚ ਪਾਕਿਸਤਾਨ ਨੂੰ ਭਾਰਤ ਦੇ ਮੁੱਖ ਨਿਰਯਾਤ ਵਿੱਚ ਡਰੱਗ ਫਾਰਮੂਲੇਸ਼ਨ, ਖੰਡ, ਥੋਕ ਦਵਾਈਆਂ, ਅਵਸ਼ੇਸ਼ ਰਸਾਇਣ, ਅਤੇ ਆਟੋ ਪਾਰਟਸ ਸ਼ਾਮਲ ਸਨ। ਅਪ੍ਰੈਲ 2024 ਤੋਂ ਫਰਵਰੀ 2025 ਦੌਰਾਨ ਭਾਰਤ ਦਾ ਪਾਕਿਸਤਾਨ ਨੂੰ ਨਿਰਯਾਤ 56.91% ਘਟ ਕੇ 491 ਮਿਲੀਅਨ ਡਾਲਰ ਰਹਿ ਗਿਆ।

### ਕੀ ਪਾਕਿਸਤਾਨ ਨੇ ਵੀ ਪਾਬੰਦੀਆਂ ਲਗਾਈਆਂ?

ਪਾਕਿਸਤਾਨ ਨੇ ਵੀ ਭਾਰਤ ਦੀਆਂ ਪਾਬੰਦੀਆਂ ਦੇ ਜਵਾਬ ਵਿੱਚ ਸਖ਼ਤ ਕਦਮ ਚੁੱਕੇ ਹਨ। ਪਾਕਿਸਤਾਨ ਨੇ ਭਾਰਤੀ ਨਾਗਰਿਕਾਂ ਲਈ ਸਾਰਕ ਦੇ ਅਧੀਨ ਜਾਰੀ ਸਾਰੇ ਵੀਜ਼ੇ (ਸਿੱਖ ਸ਼ਰਧਾਲੂਆਂ ਨੂੰ ਛੱਡ ਕੇ) ਰੱਦ ਕਰ ਦਿੱਤੇ ਹਨ। ਪਾਕਿਸਤਾਨ ਵਿੱਚ ਮੌਜੂਦ ਭਾਰਤੀ ਨਾਗਰਿਕਾਂ ਨੂੰ 48 ਘੰਟਿਆਂ ਦੇ ਅੰਦਰ ਦੇਸ਼ ਛੱਡਣ ਦਾ ਹੁਕਮ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਪਾਕਿਸਤਾਨ ਨੇ ਭਾਰਤ ਨਾਲ ਸਾਰਾ ਵਪਾਰ ਮੁਅੱਤਲ ਕਰ ਦਿੱਤਾ, ਅਟਾਰੀ-ਵਾਘਾ ਸਰਹੱਦ ਬੰਦ ਕਰ ਦਿੱਤੀ, ਭਾਰਤੀ ਏਅਰਲਾਈਨਜ਼ ਲਈ ਹਵਾਈ ਖੇਤਰ ਬੰਦ ਕੀਤਾ, ਅਤੇ 1972 ਦਾ ਸ਼ਿਮਲਾ ਸਮਝੌਤਾ ਰੱਦ ਕਰਨ ਦਾ ਐਲਾਨ ਕੀਤਾ।

ਇਥੇ ਜ਼ਿਕਰਯੋਗ ਹੈ ਕਿ ਭਾਰਤ ਪਾਕਿਸਤਾਨ ਤੋਂ ਸਿੱਧਾ ਆਯਾਤ ਨਹੀਂ ਕਰਦਾ, ਇਸ ਲਈ ਇਸ ਪਾਬੰਦੀ ਦਾ ਭਾਰਤ ਦੀ ਅਰਥਵਿਵਸਥਾ 'ਤੇ ਸਿੱਧਾ ਪ੍ਰਭਾਵ ਸੀਮਤ ਹੋਵੇਗਾ। ਹਾਲਾਂਕਿ, ਪਾਕਿਸਤਾਨ ਨੂੰ ਨਿਰਯਾਤ ਵਿੱਚ 491 ਮਿਲੀਅਨ ਡਾਲਰ ਦੀ ਕਮੀ ਪਹਿਲਾਂ ਹੀ ਦਰਜ ਕੀਤੀ ਜਾ ਚੁੱਕੀ ਹੈ, ਅਤੇ ਇਹ ਪਾਬੰਦੀਆਂ ਨਿਰਯਾਤ ਨੂੰ ਹੋਰ ਘਟਾ ਸਕਦੀਆਂ ਹਨ।

ਮਾਹਿਰਾਂ ਅਨੁਸਾਰ ਪਾਬੰਦੀਆਂ ਅੱਤਵਾਦੀ ਗਤੀਵਿਧੀਆਂ ਨੂੰ ਰੋਕਣ ਲਈ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਦਾ ਇੱਕ ਕਦਮ ਹਨ, ਪਰ ਸਰਹੱਦੀ ਤਣਾਅ ਅਤੇ ਸੰਭਾਵੀ ਜਵਾਬੀ ਕਾਰਵਾਈਆਂ ਦਾ ਖਤਰਾ ਵਧ ਸਕਦਾ ਹੈ।ਪਾਕਿਸਤਾਨ ਪਹਿਲਾਂ ਹੀ ਡੂੰਘੇ ਆਰਥਿਕ ਸੰਕਟ ਵਿੱਚ ਹੈ ਅਤੇ ਵਿਦੇਸ਼ੀ ਕਰਜ਼ੇ 'ਤੇ ਨਿਰਭਰ ਹੈ। ਭਾਰਤ ਦੀਆਂ ਪਾਬੰਦੀਆਂ, ਖਾਸ ਕਰਕੇ ਸਿੰਧੂ ਜਲ ਸਮਝੌਤੇ ਦਾ ਮੁਅੱਤਲ ਹੋਣਾ, ਪਾਕਿਸਤਾਨ ਦੀ ਖੇਤੀਬਾੜੀ ਅਤੇ ਪਾਣੀ ਸਪਲਾਈ 'ਤੇ ਗੰਭੀਰ ਅਸਰ ਪਾਵੇਗਾ, ਕਿਉਂਕਿ ਸਿੰਧੂ ਨਦੀ ਦਾ ਪਾਣੀ ਪਾਕਿਸਤਾਨ ਦੀ ਅਰਥਵਿਵਸਥਾ ਲਈ ਮਹੱਤਵਪੂਰਨ ਹੈ। ਅੰਤਰਰਾਸ਼ਟਰੀ ਦਬਾਅ: ਜੇਕਰ ਭਾਰਤ ਆਈਐਮਐਫ, ਵਿਸ਼ਵ ਬੈਂਕ, ਅਤੇ ਐਫਏਟੀਐਫ ਵਰਗੀਆਂ ਸੰਸਥਾਵਾਂ ਰਾਹੀਂ ਪਾਕਿਸਤਾਨ ਨੂੰ ਮਿਲਣ ਵਾਲੀ ਵਿੱਤੀ ਸਹਾਇਤਾ 'ਤੇ ਸਵਾਲ ਉਠਾਉਂਦਾ ਹੈ, ਤਾਂ ਪਾਕਿਸਤਾਨ ਦੀ ਅਰਥਵਿਵਸਥਾ ਲਈ ਵੱਡੀ ਮੁਸੀਬਤ ਖੜ੍ਹੀ ਹੋ ਸਕਦੀ ਹੈ। ਇਸ ਨਾਲ ਪਾਕਿਸਤਾਨ ਦੀ ਸਰਕਾਰ ਅਤੇ ਆਮ ਜਨਤਾ 'ਤੇ ਸਮਾਜਿਕ-ਆਰਥਿਕ ਦਬਾਅ ਵਧੇਗਾ।

### ਵਿਸ਼ਵ ਦੀਆਂ ਅਖਬਾਰਾਂ, ਤੇ ਮਾਹਿਰਾਂ ਦੀ ਰਾਇ

ਅਲ ਜਜ਼ੀਰਾ ਅਤੇ ਦ ਨਿਊਯਾਰਕ ਟਾਈਮਜ਼ ਵਰਗੀਆਂ ਸੰਸਥਾਵਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਪਾਬੰਦੀਆਂ ਦੱਖਣੀ ਏਸ਼ੀਆ ਵਿੱਚ ਸੰਘਰਸ਼ ਨੂੰ ਵਧਾ ਸਕਦੀਆਂ ਹਨ। ਸਟ੍ਰੈਟਫੋਰ ਅਤੇ ਬਰੂਕਿੰਗਜ਼ ਇੰਸਟੀਟਿਊਸ਼ਨ ਵਰਗੇ ਅੰਤਰਰਾਸ਼ਟਰੀ ਸੰਸਥਾਨਾਂ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਸਿੰਧੂ ਜਲ ਸਮਝੌਤੇ ਦਾ ਮੁਅੱਤਲ ਹੋਣਾ ਮਾਨਵੀ ਸੰਕਟ ਨੂੰ ਵਧਾ ਸਕਦਾ ਹੈ ਅਤੇ ਅੰਤਰਰਾਸ਼ਟਰੀ ਮੰਚਾਂ 'ਤੇ ਵਿਵਾਦ ਦਾ ਕਾਰਨ ਬਣ ਸਕਦਾ ਹੈ। ਉਹ ਇਸ ਗੱਲ 'ਤੇ ਵੀ ਜ਼ੋਰ ਦਿੰਦੇ ਹਨ ਕਿ ਭਾਰਤ ਅਤੇ ਪਾਕਿਸਤਾਨ ਨੂੰ ਗੱਲਬਾਤ ਰਾਹੀਂ ਸਮੱਸਿਆਵਾਂ ਦਾ ਹੱਲ ਕਰਨਾ ਚਾਹੀਦਾ।

### ਕੀ ਅਮਰੀਕਾ ਦਖਲ ਦੇਵੇਗਾ?

ਅਮਰੀਕਾ ਨੇ ਪਹਿਲਗਾਮ ਹਮਲੇ ਦੀ ਨਿੰਦਾ ਕੀਤੀ ਹੈ, ਪਰ ਸਿੱਧੀ ਦਖਲਅੰਦਾਜ਼ੀ ਤੋਂ ਬਚਿਆ ਹੈ। ਅਮਰੀਕਾ ਦੀ ਰਣਨੀਤੀ ਭਾਰਤ ਨੂੰ ਇੱਕ ਮਹੱਤਵਪੂਰਨ ਵਪਾਰਕ ਅਤੇ ਸੁਰੱਖਿਆ ਸਹਿਯੋਗੀ ਵਜੋਂ ਮਜ਼ਬੂਤ ਕਰਨ 'ਤੇ ਕੇਂਦਰਿਤ ਹੈ, ਜਦਕਿ ਪਾਕਿਸਤਾਨ ਨੂੰ ਅੱਤਵਾਦ ਵਿਰੋਧੀ ਮੁਹਿੰਮਾਂ ਅਤੇ ਅਫਗਾਨਿਸਤਾਨ ਸਬੰਧੀ ਮਦਦ ਲਈ ਜ਼ਰੂਰੀ ਸਮਝਿਆ ਜਾਂਦਾ ਹੈ।

ਮਾਹਿਰਾਂ ਅਨੁਸਾਰ, ਅਮਰੀਕਾ ਸਿੱਧੀ ਵਿਚੋਲਗੀ ਦੀ ਬਜਾਏ ਅੰਤਰਰਾਸ਼ਟਰੀ ਸੰਸਥਾਵਾਂ ਰਾਹੀਂ ਦਬਾਅ ਪਾਉਣ ਦੀ ਨੀਤੀ ਅਪਣਾ ਸਕਦਾ ਹੈ। ਉਦਾਹਰਨ ਲਈ, ਜੇਕਰ ਭਾਰਤ ਆਈਐਮਐਫ ਅਤੇ ਐਫਏਟੀਐਫ ਵਰਗੀਆਂ ਸੰਸਥਾਵਾਂ ਵਿੱਚ ਪਾਕਿਸਤਾਨ 'ਤੇ ਪਾਬੰਦੀਆਂ ਦੀ ਮੰਗ ਕਰਦਾ ਹੈ, ਤਾਂ ਅਮਰੀਕਾ ਭਾਰਤ ਦੇ ਸਟੈਂਡ ਨੂੰ ਸਮਰਥਨ ਦੇ ਸਕਦਾ ਹੈ। ਪਰ, ਅਮਰੀਕਾ ਦੀ ਚੀਨ ਨਾਲ ਵਧਦੀ ਤਣਾਅ ਅਤੇ ਅਫਗਾਨਿਸਤਾਨ ਵਿੱਚ ਸਥਿਰਤਾ ਦੀਆਂ ਚਿੰਤਾਵਾਂ ਪਾਕਿਸਤਾਨ ਨਾਲ ਸੰਬੰਧਾਂ ਨੂੰ ਪੂਰੀ ਤਰ੍ਹਾਂ ਤੋੜਨ ਤੋਂ ਰੋਕ ਸਕਦੀਆਂ ਹਨ।

ਭਾਰਤ ਦੀਆਂ ਪਾਬੰਦੀਆਂ ਅਤੇ ਪਾਕਿਸਤਾਨ ਦੀਆਂ ਜਵਾਬੀ ਕਾਰਵਾਈਆਂ ਨੇ ਦੋਹਾਂ ਮੁਲਕਾਂ ਵਿਚਕਾਰ ਸੰਬੰਧਾਂ ਨੂੰ ਇਤਿਹਾਸਕ ਤੌਰ 'ਤੇ ਸਭ ਤੋਂ ਨੀਵੇਂ ਪੱਧਰ 'ਤੇ ਲਿਆਂਦਾ ਹੈ। ਜਦਕਿ ਇਹ ਪਾਬੰਦੀਆਂ ਭਾਰਤ ਦੀ ਸੁਰੱਖਿਆ ਅਤੇ ਕੂਟਨੀਤਕ ਰਣਨੀਤੀ ਦਾ ਹਿੱਸਾ ਹਨ, ਇਨ੍ਹਾਂ ਦੇ ਦੂਰਗਾਮੀ ਨਤੀਜੇ ਪਾਕਿਸਤਾਨ ਦੀ ਅਰਥਵਿਵਸਥਾ ਅਤੇ ਖੇਤਰੀ ਸਥਿਰਤਾ 'ਤੇ ਗੰਭੀਰ ਅਸਰ ਪਾ ਸਕਦੇ ਹਨ। ਅੰਤਰਰਾਸ਼ਟਰੀ ਭਾਈਚਾਰਾ ਅਤੇ ਮਾਹਿਰ ਗੱਲਬਾਤ ਅਤੇ ਸੰਜਮ ਦੀ ਵਕਾਲਤ ਕਰ ਰਹੇ ਹਨ, ਪਰ ਮੌਜੂਦਾ ਸਥਿਤੀ ਵਿੱਚ ਸੰਘਰਸ਼ ਦੀ ਸੰਭਾਵਨਾ ਵਧਦੀ ਜਾਪਦੀ ਹੈ। ਅਮਰੀਕਾ ਸਿੱਧੀ ਦਖਲਅੰਦਾਜ਼ੀ ਦੀ ਬਜਾਏ ਕੂਟਨੀਤਕ ਮੰਚਾਂ ਰਾਹੀਂ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰ ਸਕਦਾ ਹੈ।

# ਅੰਮ੍ਰਿਤਸਰ ਹਵਾਈ ਅੱਡੇ ਸਮੇਤ ਉੱਤਰ ਭਾਰਤ ਦੇ ਕਈ ਹਵਾਈ ਅੱਡੇ ਬੰਦ

ਨਵੀਂ ਦਿੱਲੀ : ਸਰਕਾਰ ਵੱਲੋਂ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ ਦਹਿਸ਼ਤੀ ਟਿਕਾਣਿਆਂ ਖਿਲਾਫ਼ ਕੀਤੇ 'ਅਪਰੇਸ਼ਨ ਸਿੰਦੂਰ' ਮਗਰੋਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮ ਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਕੁਝ ਉਡਾਣਾਂ ਰੱਦ ਜਦੋਂਕਿ ਕੁਝ ਨੂੰ ਹੋਰਨਾਂ ਥਾਵਾਂ 'ਤੇ ਡਾਇਵਰਟ ਕਰ ਦਿੱਤਾ ਗਿਆ ਹੈ। ਅੰਮ੍ਰਿਤਸਰ ਦਾ ਹਵਾਈ ਅੱਡਾ ਭਾਰਤ ਪਾਕਿ ਸਰਹੱਦ ਤੋਂ ਮਹਿਜ਼ 20 ਕਿਲੋਮੀਟਰ ਦੀ ਦੂਰੀ 'ਤੇ ਹੈ।

ਦੋਹਾ ਤੋਂ ਅੰਮ੍ਰਿਤਸਰ ਜਾ ਰਹੀ ਕਤਰ ਏਅਰਵੇਜ਼ ਦੀ ਉਡਾਣ ਨੂੰ ਪਾਕਿਸਤਾਨੀ ਹਵਾਈ ਖੇਤਰ ਦੀ ਪਹੁੰਚ ਤੋਂ ਇਨਕਾਰ ਕਰਨ ਤੋਂ ਬਾਅਦ ਹਵਾ ਵਿਚ ਹੀ ਡਾਇਵਰਟ ਕਰਦਿਆਂ ਓਮਾਨ ਦੇ ਮਸਕਟ ਹਵਾਈ ਅੱਡੇ ਵੱਲ ਮੋੜ ਦਿੱਤਾ ਗਿਆ। ਉਡਾਣ ਅਸਲ ਵਿਚ ਸਵੇਰੇ 2:10 ਵਜੇ ਅੰਮ੍ਰਿਤਸਰ ਵਿਚ ਉਤਰਨੀ ਸੀ। ਇਸ ਤੋਂ ਇਲਾਵਾ, ਸ਼ਾਰਜਾਹ ਤੋਂ ਅੰਮ੍ਰਿਤਸਰ ਪਹੁੰਚਣ ਵਾਲੀ ਸਪਾਈਸਜੈ ਟ ਦੀ ਇੱਕ ਉਡਾਣ ਵੀ ਰੱਦ ਕਰ ਦਿੱਤੀ ਗਈ ਹੈ। ਯਾਤਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਹਵਾਈ ਅੱਡੇ 'ਤੇ ਜਾਣ ਤੋਂ ਪਹਿਲਾਂ ਸਬੰਧਤ ਏਅਰਲਾਈਨਾਂ ਤੋਂ ਆਪਣੀਆਂ ਉਡਾਣਾਂ ਦੀ ਸਥਿਤੀ ਦੀ ਜਾਂਚ ਕਰਨ।

ਭਾਰਤੀ ਫੌਜ ਵੱਲੋਂ ਵੱਡੇ ਤੜਕੇ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ 'ਤੇ ਕੀਤੇ ਹਵਾਈ ਹਮਲਿਆਂ ਮਗਰੋਂ ਅਥਾਰਿਟੀਜ਼ ਨੇ ਸ੍ਰੀਨਗਰ ਸਣੇ ਉ ਤਰੀ ਭਾਰਤ ਦੇ ਕਈ ਹਵਾਈ ਅੱਡਿਆਂ ਨੂੰ ਬੰਦ ਕਰ ਦਿੱਤਾ ਹੈ।

ਸ੍ਰੀਨਗਰ ਏਅਰਪੋਰਟ ਅਥਾਰਿਟੀਜ਼ ਨੇ ਇਕ ਬਿਆਨ ਵਿਚ ਕਿਹਾ ਕਿ ਹਵਾਈ ਅੱਡੇ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਸ੍ਰੀਨਗਰ ਹਵਾਈ ਅੱਡੇ ਤੋਂ ਕੋਈ ਵੀ ਗੈਰਫੌਜੀ ਉਡਾਣ ਨਹੀਂ ਚੱਲੇਗੀ। ਇਸ ਦੌਰਾਨ ਕਈ ਏਅਰਲਾਈਨਾਂ ਨੇ ਵੀ ਯਾਤਰਾ ਐਡਵਾਈਜ਼ਰੀ ਜਾਰੀ ਕੀਤੀ ਹੈ। ਏਅਰ ਇੰਡੀਆ ਨੇ ਕਿਹਾ ਕਿ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਹੋਰ ਅਪਡੇਟ ਆਉਣ ਤੱਕ ਉਸ ਨੇ 7 ਮਈ ਨੂੰ ਦੁਪਹਿਰ 12 ਵਜੇ ਤੱਕ ਜੰਮੂ, ਸ੍ਰੀਨਗਰ, ਲੇਹ, ਜੋਧਪੁਰ, ਅੰਮ੍ਰਿਤਸਰ, ਭੁਜ, ਜਾਮਨਗਰ, ਚੰਡੀਗੜ੍ਹ ਅਤੇ ਰਾਜਕੋਟ ਲਈ ਆਪਣੀਆਂ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ।'' ਏਅਰਲਾਈਨ ਨੇ ਐਕਸ 'ਤੇ ਕਿਹਾ, ''ਅੰਮ੍ਰਿਤਸਰ ਜਾ ਰਹੀਆਂ ਦੋ ਕੌਮਾਂਤਰੀ ਉਡਾਣਾਂ ਨੂੰ ਦਿੱਲੀ ਵੱਲ ਮੋੜ ਦਿੱਤਾ ਗਿਆ ਹੈ।

# ਅਮਰੀਕੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਨਾ ਦੇਣ ਦੇ ਮੁੱਦੇ 'ਤੇ ਲਿਆਂਦੀ ਸੋਧ ਰਿਪਬਲੀਕਨਾਂ ਵਲੋਂ ਕੀਤੀ ਗਈ ਰੱਦ

ਵਾਸ਼ਿੰਗਨ : ਹਾਊਸ ਜੁਡੀਸ਼ੀਅਰੀ ਕਮੇਟੀ ਵਿਚ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦੇ ਮੁੱਦੇ 'ਤੇ ਹੋਈ ਗਰਮਾ-ਗਰਮ ਬਹਿਸ ਤੋਂ ਬਾਅਦ ਡੈਮੋਕਰੈਟਸ ਵੱਲੋਂ ਲਿਆਂਦੀ ਇਕ ਅਹਿਮ ਸੋਧ ਨੂੰ ਰੱਦ ਕਰ ਦਿੱਤਾ ਗਿਆ। ਇਸ ਸੋਧ ਵਿਚ ਕਿਹਾ ਗਿਆ ਹੈ ਕਿ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਨੂੰ ਅਮਰੀਕੀ ਨਾਗਰਿਕਾਂ ਨੂੰ ਗ੍ਰਿਫਤਾਰ ਕਰਨ ਜਾਂ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਲਈ ਸੰਘੀ ਫੰਡਾਂ ਦੀ ਵਰਤੋਂ ਨਾ ਕਰਨ ਦਿੱਤੀ ਜਾਵੇ। ਇਹ ਸੋਧ ਡੈਮੋਕਰੈਟਿਕ ਸਾਂਸਦ ਪ੍ਰਾਮਿਲਾ ਜੈਯਾਪਾਲ ਵੱਲੋਂ ਲਿਆਂਦੀ ਗਈ ਸੀ ਤੇ ਜਿਸ ਦਾ ਡੈਮੋਕਰੈਟਿਕ ਸੰਸਦ ਮੈਂਬਰਾਂ ਨੇ ਇਕ ਆਵਾਜ਼ ਵਿਚ ਸਮਰਥਨ ਕੀਤਾ,

ਜਦਕਿ ਸਮੁੱਚੇ ਰਿਪਬਲੀਕਨ ਸੰਸਦ ਮੈਂਬਰਾਂ ਨੇ ਇਸ ਵਿਰੁੱਧ ਵੋਟ ਪਾਈ। ਇਹ ਸੋਧ ਇਮੀਗ੍ਰੇਸ਼ਨ ਇੰਟੈਗਰਿਟੀ, ਸਕਿਉਰਿਟੀ ਐਂਡ ਇਨਫੋਰਸਮੈਂਟ ਬਾਰੇ ਸਬ ਕਮੇਟੀ ਦੀ ਅਹਿਮ ਮੈਂਬਰ ਪ੍ਰਾਮਿਲਾ ਜੈਯਾਪਾਲ (ਡੈਮੋਕਰੈਟਸ ਪ੍ਰਤੀਨਿੱਧ) ਵੱਲੋਂ ਪੇਸ਼ ਕੀਤੀ ਗਈ ਸੀ। ਇਸ ਸੋਧ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਟਰੰਪ ਦੇ ਦੂਸਰੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ ਪ੍ਰਸ਼ਾਸਨ ਦੁਆਰਾ ਹਾਲ ਹੀ ਵਿਚ ਅਮਰੀਕੀ ਸ਼ਹਿਰੀਆਂ ਨੂੰ ਗਲਤ ਤਰੀਕੇ ਨਾਲ ਗ੍ਰਿਫਤਾਰ ਕੀਤਾ ਗਿਆ ਹੈ। ਜੈਯਾਪਾਲ ਨੇ ਕਿਹਾ ਕਿ ਅਜਿਹਾ ਕਰਨਾ ਗੈਰ ਸੰਵਿਧਾਨਕ ਤੇ ਖਤਰਨਾਕ ਹੈ ਤੇ ਬੁਨਿਆਦੀ ਤੌਰ 'ਤੇ ਗਲਤ ਹੈ। ਇਹ ਸੋਧ ਰੱਦ ਹੋਣ ਤੋਂ

ਬਾਅਦ ਡੈਮੋਕਰੈਟਿਕ ਮੈਂਬਰ ਨਿਰਾਸ਼ ਹਨ। ਕੈਲੀਫੋਰਨੀਆ ਤੋਂ ਡੈਮੋਕਰੈਟਿਕ ਸਾਂਸਦ ਟੈਡ ਲਿਊ ਨੇ ਕਿਹਾ ਹੈ ਕਿ ਡੈਮੋਕਰੈਟਸ ਤੇ ਮੇਰੇ ਸਾਥੀ ਮੈਂਬਰ



ਪ੍ਰਾਮਿਲਾ ਜੈਯਾਪਾਲ ਚਹੁੰਦੇ ਹਨ ਕਿ ਘੱਟੋ-ਘੱਟ ਅਮਰੀਕੀ

ਸ਼ਹਿਰੀਆਂ ਨੂੰ ਦੇਸ਼ ਨਿਕਾਲਾ ਨਾ ਦਿੱਤਾ ਜਾਵੇ ਤੇ ਆਈ.ਸੀ.ਈ. ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ ਕਿਉਂਕਿ ਆਈ.ਸੀ.ਈ. ਅਮਰੀਕੀ ਨਾਗਿਰਕਾਂ ਨੂੰ ਦੇਸ਼ ਨਿਕਾਲਾ ਨਹੀਂ ਦੇ ਸਕਦੀ। ਇਹ ਸਾਡਾ ਕਾਨੂੰਨ ਹੈ, ਇਹ ਸਾਡਾ ਸੰਵਿਧਾਨ ਹੈ। ਕੈਲੀਫੋਰਨੀਆ ਤੋਂ ਹੀ ਡੈਮੋਕਰੈਟਿਕ ਪ੍ਰਤੀਨਿੱਧ ਐਰਿਕ ਸਵਾਲਵੈਲ ਨੇ ਕਿਹਾ ਕਿ ਸੋਧ ਵਿਰੁੱਧ ਵੋਟ ਇਕ ਬਹੁਤ ਹੀ ਮੰਦਭਾਗੀ ਤੇ ਹੈਰਾਨੀਜਨਕ ਘਟਨਾ ਹੈ ਤੇ ਡੈਮੋਕਰੈਟਸ ਹੈਰਾਨ ਹਨ ਕਿ ਅਮਰੀਕੀ ਨਾਗਰਿਕਾਂ ਦੀ ਗੈਰ ਕਾਨੂੰਨੀ ਢੰਗ ਨਾਲ ਗ੍ਰਿਫਤਾਰੀ ਦੇ ਮੁੱਦੇ 'ਤੇ ਵੀ ਰਾਜਨੀਤੀ ਹੋ ਰਹੀ ਹੈ, ਜੋ ਸਰਾਸਰ ਗਲਤ ਹੈ। ਡੈਮੋਕਰੈਟਸ ਵੱਲੋਂ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਵਿਰੁੱਧ ਹੁਣ ਤੱਕ ਕੀਤੀਆਂ ਗਈਆਂ ਕੋਸ਼ਿਸ਼ਾਂ ਕਾਰਗਰ ਸਾਬਤ ਨਹੀਂ ਹੋਈਆਂ ਕਿਉਂਕਿ ਰਿਪਬਲੀਕਨ ਪੂਰੀ ਤਰ੍ਹਾਂ ਰਾਸ਼ਟਰਪਤੀ ਟਰੰਪ ਦੀ ਪਿੱਠ 'ਤੇ ਖੜ੍ਹੇ ਹਨ। ਡੈਮੋਕਰੈਟਸ ਨੇ ਮੰਗ ਕੀਤੀ ਹੈ ਕਿ ਆਈ.ਸੀ.ਈ. ਨੂੰ ਬਿਨਾਂ

ਪ੍ਰਕ੍ਰਿਆ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਤੋਂ ਰੋਕਿਆ ਜਾਵੇ ਪਰੰਤੂ ਰਿਪਬਲੀਕਨ ਇਸ ਮੰਗ ਨਾਲ ਵੀ ਸਹਿਮਤ ਨਹੀਂ ਹਨ। ਡੈਮੋਕਰੈਟਸ ਦੀ ਚਿੰਤਾ ਹੈ ਕਿ ਟਰੰਪ ਪ੍ਰਸ਼ਾਸਨ ਆਈ.ਸੀ.ਈ. ਨੂੰ ਰਾਜਸੀ ਹਥਿਆਰ ਦੇ ਤੌਰ 'ਤੇ ਵਰਤ ਰਿਹਾ ਹੈ ਤੇ ਬਿਨਾਂ ਦਸਤਾਵੇਜ਼ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢਣ ਦੇ ਨਾਲ-ਨਾਲ ਵਿਦਿਆਰਥੀਆਂ ਤੇ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਪ੍ਰਵਾਸੀਆਂ ਨੂੰ ਵੀ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ। ਵਿਦਿਆਰਥੀਆਂ ਦੇ ਵੀਜ਼ਾ ਰੁਤਬੇ ਨੂੰ ਖਤਮ ਕਰ ਦਿੱਤਾ ਗਿਆ ਹੈ। ਬਹੁਤ ਸਾਰੇ ਵਿਦਿਆਰਥੀਆਂ ਨੂੰ ਸਮੈਸਟਰ ਤੋਂ ਬਾਅਦ ਅਮਰੀਕਾ ਆਉਣ ਤੋਂ ਮਨਾਂ ਕਰ ਦਿੱਤਾ ਗਿਆ ਹੈ ਕਿਉਂਕਿ ਵਿਦੇਸ਼ ਵਿਭਾਗ ਨੇ ਉਨ੍ਹਾਂ ਦੇ ਵੀਜ਼ੇ ਬਹਾਲ ਕਰਨ ਤੋਂ ਨਾਂਹ ਕਰ ਦਿੱਤੀ ਹੈ। ਜੈਯਾਪਾਲ ਤੇ ਕਾਂਗਰਸ ਦੇ 142 ਮੈਂਬਰਾਂ ਨੇ ਇਕ ਸਾਂਝੇ ਪੱਤਰ 'ਚ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਦੀ ਇਸ ਕਾਰਵਾਈ ਦਾ ਰਾਸ਼ਟਰੀ ਸੁਰੱਖਿਆ ਨਾਲ ਕੋਈ ਸਬੰਧ ਨਹੀਂ ਹੈ ਤੇ ਆਈ.ਸੀ.ਈ. ਨੂੰ ਰਾਜਸੀ ਵਿਰੋਧੀਆਂ ਵਿਰੁੱਧ ਹਥਿਆਰ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ।

## ਗੁਰੂ ਨਾਨਕ ਜਹਾਜ਼ ਦੀ 111ਵੀਂ ਯਾਦਗਾਰੀ ਵਰ੍ਹੇ-ਗੰਢ

# 25 ਮਈ ਨੂੰ ਵੈਨਕੂਵਰ 'ਚ ਗੁਰੂ ਨਾਨਕ ਜਹਾਜ਼ ਮੈਮੋਰੀਅਲ 'ਤੇ ਹੋਵੇਗਾ ਸਮਾਗਮ







ਸਰੀ : ਗੁਰੂ ਨਾਨਕ ਜਹਾਜ਼' ਦਾ ਸਫ਼ਰ ਬਸਤੀਵਾਦ ਅਤੇ ਨਸਲਵਾਦ ਦਾ, ਚੜ੍ਹਦੀ ਕਲਾ ਅਤੇ ਭਾਈਚਾਰਕ ਸਾਂਝ ਨਾਲ ਮੁਕਾਬਲਾ ਕਰਨ ਵਾਲੇ ਮੁਸਾਫਿਰਾਂ ਦੀ, ਨਿੱਡਰ ਅਤੇ ਸੁਤੰਤਰ ਹਸਤੀ ਦਾ ਦੁਰਲੱਭ ਇਤਿਹਾਸ ਹੈ। ਗੁਰੂ ਨਾਨਕ ਜਹਾਜ਼ ਸੰਘਰਸ਼ ਅਤੇ ਮਨੁੱਖੀ ਹੱਕਾਂ ਲਈ ਘੋਲ ਦਾ ਸ਼ਾਨਦਾਰ ਇਤਿਹਾਸ ਹੈ। ਗੁਰੂ ਨਾਨਕ ਜਹਾਜ਼ ਦੇ ਚੜ੍ਹਦੀ' ਕਲਾ ਦੇ ਸਫ਼ਰ ਦੇ 111ਵੇਂ ਸਾਲ 'ਤੇ, ਕੈਨੇਡਾ ਦੀ ਧਰਤੀ 'ਤੇ ਵੈਨਕੂਵਰ ਦੇ ਸਮੁੰਦਰੀ ਤੱਟ 'ਤੇ 1199 ਵੈਸਟ ਕਾਰਡੋਵਾ ਸਟਰੀਟ, ਗੁਰੂ ਨਾਨਕ ਜਹਾਜ਼ ਮੈਮੋਰੀਅਲ ਸਮਾਰਕ ਉੱਪਰ 25 ਮਈ ਦਿਨ ਐਤਵਾਰ ਨੂੰ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਇਹ ਪ੍ਰੋਗਰਾਮ ਕੀਤਾ ਜਾ ਰਿਹਾ ਹੈ। ਇਸ ਵਰ੍ਹੇ-ਗੰਢ 'ਤੇ ਸਮਾਗਮ ਸਬੰਧੀ ਪੋਸਟਰ ਮੀਡੀਆ ਨਾਲ ਸੰਬੰਧਤ ਸ਼ਖਸ਼ੀਅਤਾਂ ਵੱਲੋਂ ਤਾਜ ਕਨਵੈਂਸ਼ਨ ਸੈਂਟਰ ਸਰੀ ਵਿਖੇ ਰਿਲੀਜ਼ ਕੀਤਾ ਗਿਆ, ਜਿਨਾਂ ਵਿੱਚ ਗੁਰਪ੍ਰੀਤ ਸਿੰਘ ਸਹੋਤਾ (ਚੜਦੀ ਕਲਾ ਨਿਊਜ਼ ਗਰੁੱਪ ਅਤੇ ਚੈਨਲ ਪੰਜਾਬੀ), ਭੁਪਿੰਦਰ ਸਿੰਘ ਮੱਲੀ (ਸਾਊਥ ਏਸ਼ੀਅਨ ਰਿਵਿਊ), ਬਲਜਿੰਦਰ ਕੌਰ (ਬੀ ਕੌਰ ਮੀਡੀਆ) ਰਛਪਾਲ ਸਿੰਘ ਗਿੱਲ (ਪੰਜਾਬੀ ਟ੍ਰਿਬਿਊਨ), ਡਾ. ਪੂਰਨ ਸਿੰਘ ਗਿੱਲ (ਕੈਨੇਡੀਅਨ ਪੰਜਾਬ ਟਾਈਮਜ਼), ਹਰਿਕੀਰਤ ਸਿੰਘ ਕੁਲਾਰ (ਪੰਜਾਬ ਗਾਰਡੀਅਨ), ਬਲਦੇਵ ਸਿੰਘ ਮਾਨ (ਰੈਡ ਐਫ. ਐਮ.), ਸੁਖਵਿੰਦਰ ਸਿੰਘ ਚੋਹਲਾ (ਦੇਸ ਪਰਦੇਸ ਟਾਈਮਜ਼), ਸੁੱਖੀ ਕੌਰ (ਸ਼ੇਰੇ ਪੰਜਾਬ ਰੇਡੀਓ,1550 ਏ.ਐਮ.), ਬਲਵੀਰ ਕੌਰ ਢਿੱਲੋਂ (ਬੀ ਕੌਰ ਮੀਡੀਆ), ਸੰਤੋਖ ਸਿੰਘ ਮੰਡੇਰ (ਇੰਡੋ ਕੈਨੇਡੀਅਨ ਟਾਈਮਜ਼) ਸ਼ਾਮਿਲ ਹੋਏ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਜਾਣਕਾਰੀ ਦਿੰਦਿਆਂ ਡਾ. ਗੁਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਵਰੇ ਦੇ ਸਮਾਗਮ ਵਿੱਚ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੇ ਇਤਿਹਾਸ ਤੋਂ ਇਲਾਵਾ. ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਬਾਰੇ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।

ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਤੇ ਬੀਸੀ ਖਾਲਸਾ ਦਰਬਾਰ ਵੈਨਕੂਵਰ ਤੋਂ ਇਲਾਵਾ ਵਣਜਾਰਾ ਨੋਮੈਡ ਕੁਲੈਕਸ਼ਨਜ਼, ਗਦਰ ਮੈਮੋਰੀਅਲ ਸੁਸਾਇਟੀ ਆਫ ਕੈਨੇਡਾ ਸਣੇ ਵੱਖ-ਵੱਖ ਸੰਸਥਾਵਾਂ ਵੱਲੋਂ ਸਾਂਝੇ ਤੌਰ 'ਤੇ, ਬੋਰਡ ਆਫ ਪਾਰਕ ਐਂਡ ਰੀਕ੍ਰੀਏਸ਼ਨ ਤੇ ਵੈਨਕੂਵਰ ਸਿਟੀ ਦੇ ਸਹਿਯੋਗ ਇਹ ਸਲਾਨਾ ਸਮਾਗਮ ਕੀਤਾ ਜਾ ਰਿਹਾ ਹੈ। ਵੀਹਵੀਂ ਸਦੀ ਦੇ ਆਰੰਭ ਵਿੱਚ ਕੈਨੇਡਾ ਦੀ ਧਰਤੀ 'ਤੇ ਨਸਲਵਾਦੀ ਸਰਕਾਰ ਦਾ ਰਾਜ ਸੀ, ਜਿਸ ਨੇ 1907 ਵਿੱਚ ਪਹਿਲਾਂ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਿਆ ਤੇ ਉਸ ਤੋਂ ਬਾਅਦ ਕੈਨੇਡਾ ਆਉਣ ਲਈ ਪ੍ਰਵਾਸੀਆਂ ਉੱਪਰ ਆਪਣੇ ਮੁਲਕ ਤੋਂ ਸਿੱਧੇ ਸਫ਼ਰ ਦੀ ਸ਼ਰਤ ਲਾ ਦਿੱਤੀ ਸੀ। ਸਰਕਾਰ ਦੇ 'ਨਸਲੀ ਵਿਤਕਰੇ ਵਾਲੇ ਕਾਨੂੰਨ' ਨੂੰ ਚੁਣੌਤੀ ਦੇਣ ਲਈ ਜਨਵਰੀ 1914 ਵਿੱਚ ਬਾਬਾ ਗੁਰਦਿੱਤ ਸਿੰਘ ਜੀ ਸਰਹਾਲੀ ਵੱਲੋਂ ਕਲਕੱਤੇ ਜਾ ਕੇ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਕਾਇਮ ਕੀਤੀ ਗਈ, ਜਿਸ ਅਧੀਨ 'ਗੁਰੂ ਨਾਨਕ ਸਾਹਿਬ' ਦੇ ਨਾਂ 'ਤੇ ਜਹਾਜ਼, ਕਿਰਾਏ 'ਤੇ ਲੈਣ ਦਾ ਫੈਸਲਾ ਕੀਤਾ ਗਿਆ। ਇਸ ਉਦੇਸ਼ ਦੀ ਪੂਰਤੀ ਲਈ ਕਾਮਾਗਾਟਾਮਾਰੂ ਨਾਂ ਦਾ ਸਮੁੰਦਰੀ ਬੇੜਾ, ਗੁਰੂ ਨਾਨਕ ਸਟੀਮਸ਼ਿਪ ਕੰਪਨੀ ਨੇ 11 ਹਜ਼ਾਰ ਡਾਲਰ ਪ੍ਰਤੀ ਮਹੀਨੇ ਦੇ ਹਿਸਾਬ, ਨਾਲ ਛੇ ਮਹੀਨੇ ਲਈ 66 ਹਜ਼ਾਰ ਡਾਲਰ 'ਤੇ, 19 ਮਾਰਚ 1914 ਨੂੰ ਜਪਾਨੀ ਕੰਪਨੀ ਤੋਂ' ਕਿਰਾਏ 'ਤੇ ਲਿਆ। ਇਹ ਜਹਾਜ਼ ਕੋਲਾ ਢੋਣ ਵਾਲਾ ਸੀ ਤੇ ਯਾਤਰੂ ਜਹਾਜ਼ ਦੇ ਰੂਪ ਵਿੱਚ ਬਦਲਣ ਲਈ ਬਾਬਾ ਗੁਰਦਿੱਤ ਸਿੰਘ ਨੇ ਅੰਦਰੋਂ ਕਾਫੀ ਤਬਦੀਲੀ ਕੀਤੀ ਅਤੇ 2500 ਡਾਲਰ ਖਰਚੇ ਤੇ ਬੈਠਣ ਲਈ ਬੈਂਚ ਆਦਿ ਦਾ ਪ੍ਰਬੰਧ ਕੀਤਾ। ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ, ਹਾਂਗਕਾਂਗ ਵਿਖੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਅਖੰਡ ਪਾਠ ਕਰਵਾਏ ਗਏ ਅਤੇ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਦਾ ਨਵਾਂ ਨਾਮਕਰਨ 'ਸ੍ਰੀ ਗੁਰੂ ਨਾਨਕ ਜਹਾਜ਼' ਕੀਤਾ ਗਿਆ।

ਗੁਰੂ ਨਾਨਕ ਜਹਾਜ਼ ਦੀਆਂ ਟਿਕਟਾਂ 'ਸ੍ਰੀ ਗੁਰੂ ਨਾਨਕ ਸਟੀਮਰ ਕੰਪਨੀ' ਵੱਜੋ ਪ੍ਰਕਾਸ਼ਿਤ ਹੋਈਆਂ। ਗੁਰੂ ਨਾਨਕ ਜਹਾਜ਼ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ, ਜਿੱਥੇ ਦੀਵਾਨ ਜੁੜਦੇ, ਢਾਡੀ ਵਾਰਾਂ ਗਾਉਂਦੇ। ਗੁਰੂ ਨਾਨਕ ਜਹਾਜ਼ ਦੇ ਸਫ਼ਰ ਦੌਰਾਨ ਪੰਜ ਅਖੰਡ ਪਾਠ ਅਤੇ ਦੋ ਸਹਿਜ ਪਾਠ ਸੰਪੂਰਨ ਕੀਤੇ ਗਏ। ਜਹਾਜ ਵਿੱਚ ਨਿਸ਼ਾਨ ਸਾਹਿਬ ਝੁੱਲਦਾ ਸੀ ਕਿਉਂਕਿ ਸਾਂਝੇ ਪੰਜਾਬ ਦੇ ਸਭ ਯਾਤਰੂ ਮੰਨਦੇ ਸਨ ਕਿ 'ਗੁਰੂ ਨਾਨਕ' ਨਾਂ ਦੇ ਅਧੀਨ ਹੀ ਸਭ ਨੂੰ 'ਸਾਂਝੀ ਗੋਦ' ਵਿੱਚ ਲਿਆ ਜਾ ਸਕਦਾ ਸੀ। ਗੁਰੂ ਨਾਨਕ ਸ਼ਬਦ ਰੂਹਾਨੀ ਸਾਂਝ, ਮਨੁੱਖੀ ਪ੍ਰੇਮ, ਜਾਬਰ ਹਕੂਮਤਾਂ ਦਾ ਵਿਰੋਧ ਤੇ ਨਸਲਵਾਦੀ ਵਿਤਕਰੇ ਦੇ ਅੰਤ ਦਾ ਮਹਾਨ ਸਿਧਾਂਤ ਹੈ।

ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਵਿੱਚ 341 ਸਿੱਖ, 24 ਮੁਸਲਮਾਨ ਤੇ 12 ਹਿੰਦੂ ਮੁਸਾਫਿਰ ਗੁਰੂ ਨਾਨਕ ਜਹਾਜ਼ 'ਤੇ ਸਵਾਰ ਹੋ ਕੇ 22 ਮਈ ਨੂੰ (ਪੰਜਾਬ ਵਿੱਚ 23 ਮਈ) ਵੈਨਕੂਵਰ ਪਹੁੰਚੇ। ਉਸ ਸਮੇਂ ਦੇ 'ਸਾਂਝਾ ਪੰਜਾਬ', ਜੋ ਕਿ ਅੱਜ ਕੱਲ ਭਾਰਤ ਅਤੇ ਪਾਕਿਸਤਾਨ ਵਿੱਚ ਵੰਡਿਆ ਹੋਇਆ ਹੈ, ਦੇ ਵਸਨੀਕ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰ ਸਨ।

ਗੁਰੂ ਨਾਨਕ ਜਹਾਜ਼ ਵਿੱਚ ਖੁੱਲੇ ਅੰਬਰਾਂ ਅਤੇ ਸਮੁੰਦਰਾਂ 'ਚ ਪ੍ਰਕਾਸ਼ਮਾਨ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਦਕਾ, ਪਹਿਲੇ ਗੁਰਦੁਆਰਾ ਸਾਹਿਬ ਅਲੌਕਿਕ ਵਰਤਾਰਾ ਸਨ। ਨਿਰੰਤਰ ਸਿੱਧੇ ਸਫਰ ਰਾਹੀਂ ਆਉਣ ਅਤੇ ਬ੍ਰਿਟਿਸ਼ ਪਰਜਾ ਹੋਣ ਦੇ ਤੇ ਕਾਨੂੰਨੀ ਪੱਖੋਂ ਸਹੀ ਯਾਤਰਾ ਦਸਤਾਵੇਜ਼ ਰੱਖਣ ਅਤੇ ਭੇਦ-ਭਾਵ ਵਾਲੇ ਦੋ ਸੌ ਡਾਲਰ ਹੈੱਡ ਟੈਕਸ ਦੀ ਵਧੀਕੀ ਦੀ ਪਾਲਣਾ ਕਰਨ ਦੇ ਬਾਵਜੂਦ, ਮੁਸਾਫਿਰਾਂ ਦੇ ਕੈਨੇਡਾ 'ਚ ਦਾਖਲੇ 'ਤੇ ਰੋਕ ਲਗਾ ਦਿੱਤੀ ਗਈ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਅਗਵਾਈ ਵਿੱਚ ਸੰਗਤਾਂ ਨੇ ਕਾਨੂੰਨੀ ਲੜਾਈ ਲੜਨ ਅਤੇ ਜਹਾਜ਼ ਦੀ ਕਿਸ਼ਤ ਅਦਾ ਕਰਨ ਲਈ ਭਾਰੀ ਆਰਥਿਕ ਇਮਦਾਦ ਕੀਤੀ। ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਨੂੰ ਕੈਨੇਡਾ ਤੋਂ ਜਬਰੀ ਵਾਪਸ ਮੋੜਨ ਦੇ ਹੁਕਮ ਨੂੰ ਕਾਨੂੰਨੀ ਚੁਣੌਤੀ, ਵਕੀਲ ਜੋਸੇਫ ਐਡਵਰਡ ਬਰਡ ਨੇ ਦਿੱਤੀ, ਪਰ ਧੱਕੇਸ਼ਾਹੀ ਅਤੇ ਵਿਤਕਰੇ ਦੀ ਨੀਤੀ ਕਾਰਨ ਉਹ ਅਸਫਲ ਰਿਹਾ। 22 ਜੁਲਾਈ ਨੂੰ (ਪੰਜਾਬ ਵਿੱਚ 23 ਜੁਲਾਈ) ਗੁਰੂ ਨਾਨਕ ਜਹਾਜ਼ ਕੈਨੇਡੀਅਨ ਫੌਜ ਅਤੇ ਹਕੂਮਤ ਵੱਲੋਂ ਕੈਨੇਡੀਅਨ ਪਾਣੀਆਂ 'ਚੋਂ ਬਾਹਰ ਕੱਢ ਦਿੱਤਾ ਗਿਆ। 29 ਸਤੰਬਰ 1914 ਨੂੰ ਕਲਕੱਤੇ ਦੀ ਬਜ ਬਜ ਘਾਟ 'ਤੇ ਪਹੁੰਚਣ ਉੱਪਰ ਬ੍ਰਿਟਿਸ਼ ਇੰਡੀਅਨ ਸਰਕਾਰ ਵੱਲੋਂ ਗੁਰੂ ਨਾਨਕ ਜਹਾਜ਼ 'ਤੇ ਸਵਾਰ ਲੋਕਾਂ ਨੂੰ, ਸਰਕਾਰ ਵਿਰੋਧੀ ਕਰਾਰ ਦੇ ਕੇ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ ਗਿਆ।

ਗੁਰੂ ਨਾਨਕ ਜਹਾਜ਼ ਦੇ ਮੁਸਾਫਿਰ ਗ੍ਰਿਫਤਾਰੀ ਤੋਂ ਪਹਿਲਾਂ, ਗੁਰੂ ਗ੍ਰੰਥ ਸਾਹਿਬ ਦਾ ਸਰੂਪ ਕਲਕੱਤੇ ਦੇ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਕਰਨਾ ਚਾਹੁੰਦੇ ਸਨ, ਪਰ ਇਸ ਦਾ ਵਿਰੋਧ ਕਰਦਿਆਂ ਹੋਇਆਂ, ਬ੍ਰਿਟਿਸ਼ ਸਰਕਾਰ ਵੱਲੋਂ ਉਹਨਾਂ ਉੱਪਰ ਗੋਲੀਆਂ ਚਲਾਈਆਂ ਗਈਆਂ। ਇਸ ਦੁਖਦਾਈ ਘਟਨਾ ਦੀ ਅਗਵਾਈ ਬ੍ਰਿਟਿਸ਼ ਭਾਰਤੀ ਫੌਜਾਂ ਦੁਆਰਾ ਕੀਤੀ ਗਈ, ਜਿਸ ਦੇ ਨਤੀਜੇ ਵਜੋਂ 19 ਯਾਤਰੀ ਸ਼ਹੀਦ ਹੋ ਗਏ, ਬਹੁਤ ਸਾਰੇ ਜ਼ਖਮੀ ਹੋਏ ਅਤੇ ਬਹੁਤ ਸਾਰੇ ਹੋਰ ਕੈਦ ਹੋ ਗਏ। ਗੁਰੂ ਨਾਨਕ ਜਹਾਜ਼ ਨੂੰ ਕੈਨੇਡਾ ਤੋਂ ਜਬਰੀ ਵਾਪਸ ਮੋੜਨ ਮਗਰੋਂ ਬਜਬਜ ਘਾਟ ਦਾ ਸ਼ਹੀਦੀ ਸਾਕਾ ਜ਼ਾਲਮ ਅਤੇ ਨਸਲਵਾਦੀ ਸਰਕਾਰਾਂ ਵੱਲੋਂ ਵਰਤਾਏ ਖੂਨੀ ਸਾਕੇ ਦਾ ਦਿਲ-ਕੰਬਾਊ ਅਧਿਆਇ ਸੀ।

ਸੁਖਾਂਤਕ ਇਤਿਹਾਸਿਕ ਪਹਿਲੂ ਇਹ ਹੈ ਕਿ 23 ਮਈ 2008 ਨੂੰ ਬ੍ਰਿਟਿਸ਼ ਕਲੰਬੀਆ ਵਿਧਾਨ ਸਭਾ ਵਿੱਚ ਇਸ ਦੁਖਾਂਤ ਦੀ ਮੁਆਫੀ ਮੰਗੀ ਗਈ, ਜਦਕਿ 18 ਮਈ, 2016 ਵਿੱਚ ਕੈਨੇਡਾ ਦੀ ਪਾਰਲੀਮੈਂਟ ਵਿੱਚ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਸਬੰਧੀ ਮੁਆਫੀਨਾਮਾ ਜਾਰੀ ਕਰਕੇ, ਨਵਾਂ ਅਧਿਆਇ ਸਿਰਜ ਦਿੱਤਾ। ਬੇਸ਼ਕ ਇਹ ਵੱਖਰੀ ਗੱਲ ਹੈ ਕਿ ਵੈਨਕੂਵਰ ਸ਼ਹਿਰ ਵੱਲੋਂ ਜਾਰੀ ਐਲਾਨਨਾਮੇ ਨੂੰ ਛੱਡ ਕੇ, ਹਰੇਕ ਪ੍ਰੋਕਲੇਮੇਸ਼ਨ ਵਿੱਚ 'ਕਾਮਾਗਾਟਾ ਮਾਰੂ' ਸ਼ਬਦ ਹੀ ਵਰਤਿਆ ਹੈ, ਜੋ ਕਿ ਇਤਿਹਾਸਿਕ ਤੌਰ 'ਤੇ ਠੀਕ ਨਹੀਂ।

ਗੁਰੂ ਨਾਨਕ ਹੈਰੀਟੇਜ ਸੁਸਾਇਟੀ ਅਨੁਸਾਰ "ਇਤਿਹਾਸਿਕ ਸੱਚਾਈ ਦਾ ਗਿਆਨ ਹੋਣ ਮਗਰੋਂ ਹੁਣ ਸਭਨਾਂ ਦਾ ਫਰਜ਼ ਬਣਦਾ ਹੈ ਕਿ ਇਹਨਾਂ ਮੁਆਫੀਨਾਮਿਆਂ ਦੀ ਸੋਧ ਕਰਵਾ ਕੇ, ਸਹੀ ਨਾਂ 'ਗੁਰੂ ਨਾਨਕ ਜਹਾਜ਼' ਸ਼ਬਦ ਲਿਖਵਾਇਆ ਜਾਵੇ । ਅਜਿਹਾ ਕਰਦਿਆਂ ਅਸੀਂ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਨਾਲ ਇਨਸਾਫ ਕਰ ਰਹੇ ਹੋਵਾਂਗੇ, ਜਦ ਕਿ ਅਸਲੀਅਤ ਜਾਨਣ ਤੋਂ ਮਗਰੋਂ ਵੀ ਅਜਿਹਾ ਨਾ ਕਰਨਾ ਉਹਨਾਂ ਮੁਸਾਫਰਾਂ ਨਾਲ ਦੂਜੀ ਵਾਰ ਬੇਇਨਸਾਫੀ ਹੋਵੇਗੀ।" ਨਿਸੰਦੇਹ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਸਫਰ 'ਚੜ੍ਹਦੀ ਕਲਾ ਦਾ ਪ੍ਰਤੀਕ ਸੀ, ਨਾ ਕਿ ਢਹਿੰਦੀ ਕਲਾ' ਦਾ ਅਤੇ ਜਿੱਥੋਂ ਨਸਲੀ ਜਬਰ ਨਾਲ 111 ਸਾਲ ਪਹਿਲਾਂ ਗੁਰੂ ਨਾਨਕ ਜਹਾਜ਼ ਮੋੜਿਆ ਗਿਆ ਸੀ, ਉਸੇ ਜਗ੍ਹਾ 'ਤੇ ਚੜਦੀ ਕਲਾ ਦੇ ਸਫਰ ਦੀ ਗੱਲ ਹੋਣੀ, ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਵੱਲੋਂ ਮਾਨਵਵਾਦੀ ਸਬਰ ਨਾਲ ਨਸਲਵਾਦੀ ਜਬਰ 'ਤੇ ਗੌਰਵਮਈ ਜਿੱਤ ਕਹੀ ਜਾ ਸਕਦਾ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ICC
Accounting Services Inc.
ICC ACCOUNTING SERVICES INC.





ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4
Gurnek Bangar
(Pasla)

fruiticana hee jaana!

# Fresh Jamuns & Indian Mangoes are here!




# UNBEATABLE BIGGEST SALE IN CANADA

**UNBEATABLE EXTRA SUPER SPECIAL**
Rajan Mangoes (Haden) 4 kg
ਰਾਜਨ ਹੇਡਨ ਅੰਬ
$18.99 box

**EXTRA SUPER SUPER SPECIAL**
Yellow Onions 50 lbs
ਪੀਲੇ ਗੰਢੇ
$9.98 bag

**SUPER SPECIAL**
Red Onions 25 lbs
ਲਾਲ ਗੰਢੇ
$9.98 bag

Fresh Daikon (Moli)
ਮੂਲੀ
99¢ lb

Heer Whole Wheat Atta 20 lbs
ਹੀਰ ਆਪਣਾ ਦੇਸੀ ਆਟਾ 20 lbs
$12.99 bag

Red Lentil Whole
ਧੋਤੀ ਮਸਰਾਂ ਦੀ ਦਾਲ
88¢ lb

Red Lentil Whole, Red Lentil Split, Black Chana & Chickpeas 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ ਚਿੱਟੇ ਛੋਲੇ (ਇੰਡੀਕੈਨ)
$3.98 bag

Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag

Indican Punjabi Biscuits 2.2 lbs
ਇੰਡੀਕਨ ਪੰਜਾਬੀ ਕੁਕੀਜ਼
$4.99 pkg.

**SUPER SPECIAL**
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.99 ea.

**SUPER SPECIAL**
Mexican Tomatoes (Round)
ਮੈਕਸੀਕਨ ਗੋਲ ਟਮਾਟਰ
98¢ lb

**SUPER SPECIAL**
Seedless Watermelons
ਬਿਨਾਂ ਬੀਜ ਹਦਵਾਣਾ
79¢ lb

**SUPER SPECIAL**
Fresh Cilantro
ਧਣੀਆ
2 bunches for 99¢

Desi Karela
ਦੇਸੀ ਕਰੇਲਾ
$1.49 lb

Spinach
ਪਾਲਕ
99¢ bunch

Zucchini Squash
ਜ਼ੁਕੀਨੀ ਸਕੁਐਸ਼
78¢ lb

Pink Lady Apples
ਗੁਲਾਬੀ ਲੇਡੀ ਸੇਬ
98¢ lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag

Red Delicious Apples
ਲਾਲ ਸਵਾਦ ਸੇਬ
98¢ lb

Fresh Garlic
ਤਾਜ਼ਾ ਲਸਣ
$1.68 lb

Fresh Ginger
ਤਾਜ਼ਾ ਅਦਰਕ
$1.39 lb

Green Bell Peppers
ਹਰੀ ਸ਼ਿਮਲਾ ਮਿਰਚ
$1.49 lb

Rapini (Sarson da Saag)
ਸਰਸੋਂ ਦਾ ਸਾਗ
$2.49 bunch

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$11.98 bottle

White Guava Juice (Indican) 2.1L
ਚਿੱਟੇ ਅਮਰੂਦ ਦਾ ਜੂਸ ਇੰਡੀਕਨ 2.1 lt
$2.99 ea.+tax

Gachak (Indican) 400 g
ਇੰਡੀਕਨ ਗੁਰ ਗਚਕ
$1.98 pkg.

Party Trays 6 Sections 40's (Royal)
ਪਾਰਟੀ ਟ੍ਰੇ ਸ਼ਾਹੀ ਬਾਇਓਡੀਗਰੇਡੇਬਲ 6 ਭਾਗ
$7.98 pkg.

Indican Premium Tea 216's
ਇੰਡੀਕਨ ਚਾਹ
$5.99 box

Indican Basmati Rice 8 lbs
ਇੰਡੀਕੈਨ ਬਾਸਮਤੀ ਚੌਲ
$7.98 bag

Product images may differ from the actual product.

**Fri May 09, 2025 - Wed May 14, 2025**
We reserve the right to limit the quantities while they last
**Specials valid for Lower Mainland only**

**23 LOCATIONS TO SERVE YOU IN BC & ALBERTA**
Head Office: 7676 Anvil Way, Surrey
604-502-0005

fruiticana SINCE 1994

BUSINESS HOURS 9AM - 9PM 7 DAYS A WEEK

Disclaimer: We reserve the right to add restrictions on products with a minimum purchase

**THE SOUTH SURREY/WHITE ROCK FRUITICANA NOW OPEN AT 1812, 152ND ST.**

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |